ੴ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮੱਘਰ-ਪੋਹ, ਸੰਮਤ ਨਾਨਕਸ਼ਾਹੀ ੫੫੧ ਦਸੰਬਰ 2019

ਜਿਲਦ ੬੩ (Vol. 63) ਅੰਕ ੯ (issue 9)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਉਪਦੇਸ਼ | -ਡਾ. ਮਹਿਲ ਸਿੰਘ | ੮ |
| ਸਾਕਾ ਸਰਹਿੰਦ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੫ |
| ਹਿੰਦ ਦੀ ਚਾਦਰ : ਸ੍ਰੀ ਗੁਰੂ ਤੇਗ ਬਹਾਦਰ ਜੀ | -ਸ੍ਰੀ ਰਮੇਸ਼ ਬੱਗਾ ਚੋਹਲਾ | ੨੭ |
| ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ | -ਬੀਬੀ ਮਨਜੀਤ ਕੌਰ ਲੱਖਪੁਰ | ੩੩ |
| ਸ੍ਰੀ ਚਮਕੌਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ. . . | -ਸ. ਅਮਨ ਸਿੰਘ | ੩੯ |
| ਬਾਰਹ ਮਾਹਾ ਤੁਖਾਰੀ | -ਸਤਵਿੰਦਰ ਸਿੰਘ ਫੂਲਪੁਰ | ੫੦ |
| ਦਾਦੀ ਪੋਤਿਆਂ ਨੂੰ ਕਹਿੰਦੀ. . . (ਕਵਿਤਾ) | -ਗਿਆਨੀ ਪਿਆਰਾ ਸਿੰਘ ਜਾਚਕ | ੫੪ |
| ਸ਼ਹੀਦ ਭਾਈ ਬਚਿੱਤਰ ਸਿੰਘ ਜੀ | -ਡਾ. ਹਰਪ੍ਰੀਤ ਕੌਰ | ੫੫ |
| . . . ਭਾਈ ਮਦਨ ਸਿੰਘ-ਭਾਈ ਕਾਠਾ ਸਿੰਘ | -ਡਾ. ਗੁਰਪ੍ਰੀਤ ਸਿੰਘ | ੬੦ |
| ਸੁਲਤਾਨਪੁਰ ਲੋਧੀ ਪੂਰਵ ਕਾਲ ਵਿਚ | -ਗਿਆਨੀ ਕੌਰ ਸਿੰਘ ਕੋਠਾ ਗੁਰੂ | ੬੪ |
| . . . ਪਹਿਲੀ ਪਾਤਸ਼ਾਹੀ ਜੀ ਦੇ ਅਨਿੰਨ ਸਿੱਖ | -ਡਾ. ਅਮਰਜੀਤ ਕੌਰ ਇੱਬਣ ਕਲਾਂ | ੬੯ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਾਤਾਵਰਨ | -ਐਡਵੋਕੇਟ ਸੁਖਬੀਰ ਸਿੰਘ ਪੰਨਵਾਂ | ੭੩ |
| ਪ੍ਰਦੂਸ਼ਿਤ ਹੋਏ ਵਾਤਾਵਰਨ ਨੂੰ ਸ਼ੁੱਧ ਕਰਨ ਦੀ ਲੋੜ | -ਸ. ਸਤਬੀਰ ਸਿੰਘ | ੮੩ |
| ਬੇਗਮ ਸਮਰੂ | -ਸ. ਕਿਰਪਾਲ ਸਿੰਘ | ੮੭ |
| ਗ਼ਦਰ ਲਹਿਰ ਦਾ ਅਨਮੋਲ ਹੀਰਾ:ਗਿਆਨੀ ਨਾਹਰ ਸਿੰਘ | -ਸ. ਜੈਤੇਗ ਸਿੰਘ ਅਨੰਤ | ੯੧ |
| ਗੁਰਮਤਿ ਸਾਹਿਤ ਦੇ ਰੂ-ਬ-ਰੂ—੧੪ | -ਡਾ. ਰਣਜੀਤ ਕੌਰ ਪੰਨਵਾਂ | ੯੭ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ (ਕਵਿਤਾ) | -ਸ. ਸੁਰਜੀਤ ਸਿੰਘ | ੧੦੦ |
| ਗੁਰੂ ਨਾਨਕ ਪਾਤਸ਼ਾਹ (ਕਵਿਤਾ) | -ਸ. ਨਰਿੰਦਰ ਸਿੰਘ | ੧੦੧ |
| ਖ਼ਬਰਨਾਮਾ | | ੧੦੨ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੧੧੩ |

# ਗੁਰਬਾਣੀ ਵਿਚਾਰ

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥* *(ਪੰਨਾ ੧੩੫)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਂਝ ਦੀ ਇਸ ਪਾਵਨ ਪਉੜੀ ਦੇ ਮਾਧਿਅਮ ਦੁਆਰਾ ਜੀਵ ਨੂੰ ਸਮਝਾਉਂਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਪਤੀ ਰੂਪੀ ਪ੍ਰਭੂ ਦੇ ਨਾਮ ਨਾਲ ਸਾਂਝ ਪਾਈ ਹੈ ਅਰਥਾਤ ਜਿਸ ਨੇ ਆਪਣਾ ਮਨ ਪ੍ਰਭੂ ਦੀ ਸਿਫਤ-ਸਾਲਾਹ ਵਿਚ ਜੋੜਿਆ ਹੈ, ਵਿਕਾਰਾਂ ਰੂਪੀ ਠੰਡ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਉਸ ਦਾ ਚਿੱਤ/ਮਨ ਅਰਥਾਤ ਉਸ ਦਾ ਇੱਕ-ਇੱਕ ਸਾਹ ਹਮੇਸ਼ਾਂ ਹੀ ਪ੍ਰਭੂ ਦੇ ਦੀਦਾਰਾਂ ਦੀ ਚਾਹ ਵਿਚ ਜੁੜਿਆ ਰਹਿੰਦਾ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਨੇ ਜਗਤ ਦੇ ਮਾਲਕ ਅਤੇ ਪਾਲਣਹਾਰ ਪ੍ਰਭੂ ਦਾ ਆਸਰਾ ਲਿਆ ਹੈ, ਉਸ ਨੇ ਹੀ ਪ੍ਰਭੂ-ਪਤੀ ਦੀ ਸੇਵਾ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਸ ਨੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤੀ ਹੈ, ਉਸ ਨੂੰ ਮਾਇਆ ਰੂਪੀ ਹਨੇਰਾ ਛੋਹ ਵੀ ਨਹੀਂ ਸਕਦਾ। ਅਜਿਹੀ ਜੀਵ ਇਸਤਰੀ ਹਮੇਸ਼ਾਂ ਉਸ ਪਰਮਾਤਮਾ ਦੀ ਹੀ ਸਿਫਤ-ਸਾਲਾਹ ਵਿਚ ਜੁੜੀ ਰਹਿੰਦੀ ਹੈ ਅਰਥਾਤ ਉਸ ਦੀ ਲਿਵ ਪ੍ਰਭੂ ਦੀ ਹੀ ਪ੍ਰੀਤ ਵਿਚ ਲੀਨ ਰਹਿੰਦੀ ਹੈ ਜਿਸ ਤੋਂ ਉਸ ਨੇ ਜਨਮ ਲਿਆ ਹੈ। ਅਸਲ ਵਿਚ ਪਰਮਾਤਮਾ ਨੇ ਹੀ ਅਜਿਹੀ ਜੀਵ ਇਸਤਰੀ ਨੂੰ ਹੱਥ ਫੜ ਕੇ ਆਪਣੇ ਨਾਲ ਜੋੜਿਆ ਹੁੰਦਾ ਹੈ ਅਤੇ ਉਹ ਕਦੀ ਵੀ ਉਸ ਤੋਂ ਵਿਛੜਦੀ ਨਹੀਂ। ਗੁਰੂ ਸਾਹਿਬ ਦੱਸਦੇ ਹਨ ਕਿ ਅਜਿਹਾ ਸੱਜਣ ਰੂਪੀ ਪਰਮਾਤਮਾ ਅਪਹੁੰਚ ਹੈ। ਉਸ ਦੇ ਗੁਣਾਂ ਦੀ ਡੂੰਘਾਈ ਤਕ ਨਹੀਂ ਪਹੁੰਚਿਆ ਜਾ ਸਕਦਾ। ਮੈਂ ਅਜਿਹੇ ਪਰਮਾਤਮਾ ਤੋਂ ਲੱਖ ਵਾਰ ਕੁਰਬਾਨ ਜਾਂਦਾ ਹਾਂ ਜੋ ਦਰ ਆਇਆਂ/ਸਰਣ ਪਿਆਂ ਦੀ ਲਾਜ ਰੱਖਦਾ ਹੈ। ਪਰਮਾਤਮਾ ਬਹੁਤ ਹੀ ਨਰਮ-ਦਿਲ ਵਾਲਾ ਦਿਆਲੂ ਹੈ। ਉਸ ਨੂੰ ਆਪਣੇ ਸਰਣ ਪਏ ਭਗਤਾਂ ਦੀ ਲਾਜ ਰੱਖਣੀ ਹੀ ਪੈਂਦੀ ਹੈ। ਗੁਰੂ ਸਾਹਿਬ ਅੰਤ ਵਿਚ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਉੱਤੇ ਬੇਰਪਵਾਹ ਦਿਆਲੂ ਪਰਮਾਤਮਾ ਮਿਹਰ ਦੀ ਨਿਗਾਹ ਪਾਉਂਦਾ ਹੈ, ਉਸ ਨੂੰ ਸਾਰੇ ਹੀ ਸੁੱਖ ਮਿਲ ਜਾਂਦੇ ਹਨ, ਉਸ ਨੂੰ ਪੋਹ ਦੀ ਕਕਰੀਲੀ ਠੰਡ ਵਾਲਾ ਮਹੀਨਾ ਵੀ ਨਿੱਘਾ ਅਤੇ ਸੁਹਾਵਣਾ ਲੱਗਦਾ ਹੈ। ■

ਸੰਪਾਦਕੀ...

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਦਾਸਤਾਨ

ਸਿੱਖ ਪੰਥ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਵਿਚ ਦਾਖ਼ਲੇ ਦੀ ਸ਼ਰਤ ਇਹ ਫੁਰਮਾਨ ਕਰਦਿਆਂ ਲਾਗੂ ਕੀਤੀ ਸੀ ਕਿ ਜੇ ਤੈਨੂੰ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਤੂੰ ਮੇਰੀ ਗਲੀ ਵਿਚ ਆਪਣਾ ਸਿਰ ਤਲੀ 'ਤੇ ਰੱਖ ਕੇ ਆ; ਇਸ ਮਾਰਗ 'ਤੇ ਕਦਮ ਰੱਖ ਕੇ ਸਿਰ ਦੇ ਦੇ ਐਪਰ ਤੇਰਾ ਕਦਮ ਪਿੱਛੇ ਨਾ ਪਵੇ!

ਸਿੱਖ ਪੰਥ ਵਿਚ ਕੁਰਬਾਨੀਆਂ ਤੇ ਘਾਲ-ਕਮਾਈਆਂ ਦਾ ਵਿਸ਼ੇਸ਼ ਰੂਪ 'ਸ਼ਹਾਦਤ' ਜਾਂ ਸ਼ਹੀਦੀ ਬਹੁਤ ਉੱਭਰਵਾਂ ਸਰੂਪ ਲੈ ਕੇ ਉਜਾਗਰ ਹੁੰਦਾ ਹੈ। ਮੈਦਾਨ-ਏ-ਜੰਗ 'ਚ ਜੂਝਦਿਆਂ ਅਤੇ ਮੈਦਾਨ-ਏ-ਜੰਗ ਤੋਂ ਬਾਹਰ ਵੈਰੀ ਵੱਲੋਂ ਘੇਰ ਲਏ ਜਾਣ ਦੀ ਸੂਰਤ 'ਚ ਵੈਰੀ ਦੀ ਈਨ ਨਾ ਮੰਨਦਿਆਂ ਧਰਮ 'ਤੇ ਦ੍ਰਿੜ੍ਹ ਰਹਿੰਦਿਆਂ- ਦੋਨਾਂ ਤਰ੍ਹਾਂ ਹੀ ਇਸ ਨਿਵੇਕਲੇ ਪੰਥ 'ਚ ਸ਼ਹਾਦਤਾਂ, ਸ਼ਹੀਦੀਆਂ ਹਾਸਲ ਕਰਨ ਦੀਆਂ ਅਨੇਕਾਂ ਉਦਾਹਰਨਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਸਰਸਾ ਨਦੀ 'ਤੇ, ਵਿਸਾਹਘਾਤ ਤੋਂ ਪ੍ਰੇਰਿਤ ਦੁਸ਼ਮਣ-ਹੱਲੇ ਵੇਲੇ ਗੁਰੂ ਜੀ ਤੋਂ ਵਿੱਛੜੇ ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਜਦੋਂ ਨਮਕਹਰਾਮ ਗੰਗੂ ਦੀ ਬਦਨੀਅਤ ਕਰਕੇ ਜ਼ਾਲਮਾਂ ਹੱਥ ਆ ਗਏ ਤਾਂ ਜੋ ਉੱਚਾ ਹੌਂਸਲਾ ਅਤੇ ਅਕੀਦਾ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਹਕੂਮਤੀ ਜ਼ੁਲਮ-ਜਬਰ ਤੇ ਤਸ਼ੱਦਦ ਦੀਆਂ ਪ੍ਰਸਥਿਤੀਆਂ ਵਿਚ ਦਰਸਾਇਆ ਉਸ ਦਾ ਕਿਆਸ ਕਰਦਿਆਂ ਹੀ ਸੁਹਿਰਦ ਮਨੁੱਖੀ ਸੰਵੇਦਨਾ ਜਿੱਥੇ ਦ੍ਰਿੜ੍ਹਤਾ, ਅਡੋਲਤਾ ਤੇ ਅਕੀਦੇ ਪ੍ਰਤੀ ਪ੍ਰਪੱਕਤਾ ਜਿਹੇ ਗੁਣਾਂ ਦਾ ਸੰਚਾਰ ਕਰਨ ਲੱਗਦੀ ਹੈ, ਉੱਥੇ ਉਹ ਖ਼ੁਦ ਕੋਹੇ ਜਾਣ ਦੇ ਅਨੁਭਵ 'ਚੋਂ ਵੀ ਗੁਜ਼ਰਦੀ ਮਹਿਸੂਸ ਕਰਨ ਦੀ ਸੰਭਾਵਨਾ ਰੱਖਦੀ ਹੈ। ਮਾਤਾ ਗੁਜਰੀ ਜੀ ਠੰਡੇ ਬੁਰਜ ਵਿਚ ਆਪਣੇ ਪੋਤਿਆਂ ਨੂੰ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਉੱਚੇ-ਸੁੱਚੇ ਮਿਸ਼ਨ, ਉਨ੍ਹਾਂ ਦੇ ਦਾਦਾ ਜੀ ਦੇ ਦਾਦਾ ਜੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਅਤੇ ਉਨ੍ਹਾਂ ਦੇ ਦਾਦਾ ਜੀ ਦੀ ਸ਼ਹਾਦਤ ਦੇ ਪ੍ਰਸੰਗ ਸੁਣਾਉਂਦੇ ਤੇ ਚੇਤਾਉਂਦੇ ਰਹੇ ਤੇ ਬਾਰ-ਬਾਰ ਕਹਿੰਦੇ ਰਹੇ ਕਿ ਵੇਖਣਾ ਬੇਟਾ! ਕਿਤੇ ਡੋਲ ਨਾ ਜਾਣਾ! ਤੁਸੀਂ ਸ਼ਹੀਦਾਂ ਦੀ ਅੰਸ-ਬੰਸ ਹੋ, ਸਿੱਖ ਸ਼ਹੀਦੀ ਵਿਰਸੇ ਦੇ ਵਾਰਸ ਹੋ! ਉਹ ਕਿਹੜਾ ਲਾਲਚ ਸੀ ਜੋ ਨੰਨ੍ਹੇ ਗੁਰੂ-ਲਾਲਾਂ ਨੂੰ ਨਾ ਦਿੱਤਾ ਗਿਆ? ਉਹ ਕਿਹੜਾ ਡਰਾਵਾ ਸੀ ਜੋ ਉਨ੍ਹਾਂ ਨੂੰ ਨਾ ਦਿੱਤਾ ਗਿਆ ਪਰੰਤੂ ਨੰਨ੍ਹੇ ਗੁਰੂ-ਲਾਲ ਰੰਚਕ ਮਾਤਰ ਵੀ ਡੋਲੇ ਡਗਮਗਾਏ ਨਹੀਂ। ਧਰਮ 'ਤੇ ਦ੍ਰਿੜ੍ਹ ਰਹਿੰਦਿਆਂ ਨੀਹਾਂ 'ਚ ਚਿਣੇ ਗਏ, ਜ਼ਾਲਮ ਬੇਦਰਦਾਂ ਹੱਥੋਂ ਜਿਬ੍ਹਾ ਹੋ ਗਏ, ਪਰ ਸਿੱਖੀ ਸਿਦਕ, ਸਿੱਖੀ ਅਕੀਦਾ ਨਹੀਂ ਛੱਡਿਆ। ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਸਿੱਖੀ ਧਰਮ 'ਤੇ ਦ੍ਰਿੜ੍ਹ ਰਹਿਣ ਦਾ ਧਰਮ ਨਿਭਾ ਕੇ ਇਕ ਆਦਰਸ਼ ਸਿੱਖ ਦਾਦੀ ਦੀ ਕਸਵੱਟੀ ਕਾਇਮ ਕੀਤੀ। ੧੩ ਪੋਹ, ਸੰਮਤ ੧੭੬੧ ਵਾਲੇ ਦਿਨ ਗੁਰੂ-ਲਾਲਾਂ ਦੀ ਸ਼ਹੀਦੀ ਦੇ ਨਾਲ-ਨਾਲ ਮਾਤਾ ਗੁਜਰੀ ਜੀ ਵੀ ਸ਼ਹੀਦ ਹੋਏ। ਸਮੂਹ ਸਿੱਖ ਪੰਥ ਇਨ੍ਹਾਂ ਸ਼ਹੀਦਾਂ ਨੂੰ ਨਤਮਸਤਕ ਹੈ, ਇਨ੍ਹਾਂ ਦੀ ਸਿਮਰਤੀ 'ਚ ਕਰੁਣਾਮਈ ਸੰਵੇਦਨਾ 'ਚੋਂ ਪੋਹ ਮਹੀਨੇ ਦੇ ਇਨ੍ਹਾਂ ਦਿਨਾਂ 'ਚ ਗੁਜ਼ਰਨ ਤੋਂ ਨਹੀਂ ਰਹਿ ਸਕਦਾ।

ਗੁਰੂ ਜੀ ਦੇ ਚਾਰੋਂ ਸਾਹਿਬਜ਼ਾਦਿਆਂ ਦੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਅਤੇ ਚਮਕੌਰ ਸਾਹਿਬ ਦੇ ਸਮੂਹ ਸਿੰਘ ਸੂਰਬੀਰਾਂ ਦੀਆਂ ਸ਼ਹੀਦੀਆਂ ਗੌਰਵਸ਼ਾਲੀ ਸਿੱਖ ਸ਼ਹੀਦੀ ਪਰੰਪਰਾ 'ਚ ਇਕ ਜ਼ਿਕਰਯੋਗ ਵਾਧਾ ਹਨ। ਇਹ ਸ਼ਹੀਦੀਆਂ ਹਰੇਕ ਦੌਰ 'ਚ ਲੋਕਾਈ ਨੂੰ ਜਾਬਰ ਹਕੂਮਤ ਨਾਲ ਅੜਨ, ਉਸ ਦੇ ਸਾਹਵੇਂ ਖੜ੍ਹਨ ਅਤੇ ਲੜਨ ਦਾ ਜੇਰਾ ਤੇ ਹੌਂਸਲਾ ਬਖ਼ਸ਼ਦੀਆਂ ਰਹੀਆਂ ਹਨ, ਅੱਜ ਵੀ ਬਖਸ਼ ਰਹੀਆਂ ਹਨ ਅਤੇ ਹਰ ਆਉਣ ਵਾਲੇ ਯੁੱਗ 'ਚ ਵੀ ਬਖਸ਼ਦੀਆਂ ਰਹਿਣਗੀਆਂ। ਇਨ੍ਹਾਂ ਸ਼ਹੀਦੀ ਸਾਕਿਆਂ ਨੇ ਇਸ ਤੋਂ ਮਗਰੋਂ ਦੇ ਸਿੱਖ ਇਤਿਹਾਸ ਨੂੰ ਸਿਰਜਣ 'ਚ ਮੂਲ ਹਿੱਸਾ ਪਾਇਆ। ਇਸੇ ਆਧਾਰ 'ਤੇ ਪੰਜਾਬ ਦੀ ਧਰਤੀ 'ਤੇ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ 'ਚ ਸਿੱਖ ਰਾਜ/ਖਾਲਸਾ ਰਾਜ ਸਥਾਪਿਤ ਹੋਇਆ।

ਅੱਜ ਦੇ ਮੋੜ 'ਤੇ ਸਿੱਖ ਪੰਥ ਦੀ ਮੌਜੂਦਾ ਹਾਲਤ ਅਨੇਕਾਂ ਚੁਣੌਤੀਆਂ ਤੇ ਵੰਗਾਰਾਂ ਸਹਿਤ ਡੂੰਘਾ ਵਿਸ਼ਲੇਸ਼ਣ ਕਰਨ ਦੀ ਮੰਗ ਕਰਦੀ ਹੈ। ਸਿੱਖ ਪੰਥ ਨੇ ਵੀਹਵੀਂ ਸਦੀ ਦੇ ਬੀਤੇ ਕੁਝ ਦਹਾਕਿਆਂ 'ਚ ਤਤਕਾਲੀ ਯੁੱਗ ਦੇ ਸੰਦਰਭ 'ਚ ਵੱਡਾ ਸੰਤਾਪ ਭੋਗਿਆ ਅਤੇ ਨਸਲਕੁਸ਼ੀ ਜਿਹੇ ਵਰਤਾਰਿਆਂ ਦਾ ਵੀ ਦੁੱਖ ਸਹਿਆ ਹੈ। ਇਸ ਦੇ ਬਹੁਪੱਖੀ ਕਾਰਨਾਂ ਦੀ ਜਾਂਚ ਅਜੇ ਹੋ ਰਹੀ ਹੈ। ਪਰ ਮੌਜੂਦਾ ਸਮੇਂ ਸਿੱਖ ਪੰਥ ਦੇ ਹਰਿਆਵਲ ਦਸਤੇ ਸਿੱਖ ਨੌਜਵਾਨਾਂ 'ਚ ਸਿੱਖੀ ਸਰੂਪ ਦੀ ਸੰਭਾਲ ਪ੍ਰਤੀ ਜੋ ਅਵੇਸਲਾਪਨ ਦ੍ਰਿਸ਼ਟਮਾਨ ਹੋ ਰਿਹਾ ਹੈ ਉਹ ਬੇਹੱਦ ਦੁਖਦਾਇਕ ਹੈ। ਹੋਰ ਤਾਂ ਹੋਰ, ਅੱਜ ਸਿੱਖ ਪਰਵਾਰਾਂ ਨਾਲ ਸੰਬੰਧ ਰੱਖਦੇ ਨੌਜਵਾਨ ਨਸ਼ਿਆਂ ਜਿਹੀ ਮਾਰੂ ਅਲਾਮਤ ਦੇ ਵੀ ਸ਼ਿਕਾਰ ਹੋ ਰਹੇ ਹਨ। ਇਹ ਹਾਲਤ ਡੂੰਘਾ ਚਿੰਤਨ ਕਰਨ ਦੀ ਮੰਗ ਕਰਦੀ ਹੈ ਅਤੇ ਸਭ ਕਾਰਨਾਂ ਦੀ ਤਹਿ ਤਕ ਜਾ ਕੇ ਉਨ੍ਹਾਂ ਨੂੰ ਦੂਰ ਕਰਨ ਦੀ ਜ਼ਰੂਰਤ ਹੈ। ਸਿੱਖੀ ਸਮਰਪਣ ਅਤੇ ਸਿੱਖੀ ਚੇਤਨਾ ਦੀ ਘਾਟ ਸਪੱਸ਼ਟ ਨਜ਼ਰ ਆ ਰਹੀ ਹੈ। ਇਸ ਨਾਜ਼ੁਕ ਮੋੜ 'ਤੇ ਸਿੱਖ ਪੰਥ ਦੇ ਸਮੂਹ ਧਾਰਮਿਕ ਅਤੇ ਰਾਜਸੀ ਆਗੂਆਂ, ਸਮੂਹ ਧਰਮ ਪ੍ਰਚਾਰਕਾਂ, ਸਿੱਖ ਮਾਪਿਆਂ ਅਤੇ ਸਿੱਖ ਅਧਿਆਪਕਾਂ ਨੂੰ ਸਿੱਖ ਨੌਜਵਾਨ ਵਰਗ ਦੀ ਕਾਇਆਕਲਪ ਕਰਨ ਵਾਸਤੇ ਉਚੇਚੇ ਉੱਦਮ-ਉਪਰਾਲੇ ਕਰਨੇ ਚਾਹੀਦੇ ਹਨ। ਸੋਚਣ ਦੀ ਜ਼ਰੂਰਤ ਹੈ ਕਿ ਸਾਹਿਬਜ਼ਾਦਿਆਂ ਨੇ ਤਾਂ ਨੀਹਾਂ ਵਿਚ ਚਿਣੇ ਜਾਣਾ ਕਬੂਲ ਕਰ ਲਿਆ ਪਰ ਸਿੱਖੀ ਸਰੂਪ ਅਤੇ ਸਿੱਖੀ ਭਾਵਨਾ ਨੂੰ ਆਂਚ ਨਹੀਂ ਆਉਣ ਦਿੱਤੀ ਲੇਕਿਨ ਸਾਡਾ ਸਿੱਖ ਨੌਜਵਾਨ ਸਿੱਖੀ ਸਰੂਪ ਤੋਂ ਖ਼ੁਦ ਹੀ ਬਾਗ਼ੀ ਹੋ ਰਿਹਾ ਹੈ, ਉਸ ਦੀ ਸਿੱਖੀ ਭਾਵਨਾ ਤੇਜ਼ੀ ਨਾਲ ਮਾਂਦੀ ਪੈ ਰਹੀ ਹੈ। ਇਹ ਜਾਗਣ ਅਤੇ ਕੁਝ ਕਰਨ ਦਾ ਵੇਲਾ ਹੈ। ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦੀਆਂ ਸ਼ਹੀਦੀਆਂ 'ਤੇ ਉੱਸਰੀ ਸ਼ਹੀਦੀ ਪਰੰਪਰਾ ਸਾਨੂੰ ਸਿੱਖੀ ਸਰੂਪ ਅਤੇ ਸਿੱਖੀ ਅਸੂਲਾਂ ਪ੍ਰਤੀ ਸੁਚੇਤਨਤਾ ਤੇ ਸਜੱਗਤਾ ਪ੍ਰਦਾਨ ਕਰ ਸਕਦੀ ਹੈ। ਵਾਹਿਗੁਰੂ ਕਰੇ, ਸਾਡੀ ਨੌਜਵਾਨ ਪੀੜ੍ਹੀ ਸਾਡੇ ਸਾਕਾਰਾਤਮਕ ਉੱਦਮ-ਉਪਰਾਲਿਆਂ ਦਾ ਸਦਕਾ ਮੌਜੂਦਾ ਅਵੇਸਲੇਪਨ ਦਾ ਤਿਆਗ ਕਰ ਕੇ ਸਿੱਖੀ ਸਰੂਪ ਅਤੇ ਸਿੱਖੀ ਅਸੂਲਾਂ/ਗੁਣਾਂ ਦੇ ਸੰਚਾਰ ਦੀ ਦਿਸ਼ਾ ਵੱਲ ਕ੍ਰਿਆਸ਼ੀਲ ਹੋਣ ਵਾਸਤੇ ਆਪਣੀ ਵਚਨਬੱਧਤਾ ਨੂੰ ਦਰਸਾਉਣਾ ਅਰੰਭ ਕਰੇ! ਇਸ ਸੂਰਤ ਵਿਚ ਇਹ ਸ਼ਹੀਦੀ ਵਿਰਾਸਤ ਦੀ ਸੰਭਾਲ ਦਾ ਉਸ ਵੱਲੋਂ ਕੀਤਾ ਅਹਿਦਨਾਮਾ ਸਾਬਤ ਹੋ ਸਕਦਾ ਹੈ। ■

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਉਪਦੇਸ਼

*-ਡਾ. ਮਹਿਲ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਅਸਥਾਨ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਹੈ। ਅੱਜ ਕਲ੍ਹ ਇਹ 'ਨਨਕਾਣਾ ਸਾਹਿਬ' ਵਜੋਂ ਪ੍ਰਸਿੱਧ ਹੈ। ਆਪ ਜੀ ਦੇ ਪਿਤਾ ਦਾ ਨਾਮ ਮਹਿਤਾ ਕਲਿਆਣ ਦਾਸ (ਮਹਿਤਾ ਕਾਲੂ ਜੀ) ਸੀ। ਇਹ ਕਿੱਤੇ ਵਜੋਂ ਪਟਵਾਰੀ ਸਨ। ਇਨ੍ਹਾਂ ਦਾ ਜੱਦੀ ਪਿੰਡ ਸ੍ਰੀ ਅੰਮ੍ਰਿਤਸਰ ਦੇ ਪਿੰਡ ਜਾਮਾਰਾਏ ਦੇ ਕੋਲ ਪੱਠੇਵਾਲ (ਪੱਠੇ ਵਿਡ) ਸੀ। 'ਰਾਇ ਭੋਇ' ਇਕ ਭੱਟੀ ਮੁਸਲਮਾਨ ਦਾ ਨਾਮ ਸੀ। ਇਹ ਤਲਵੰਡੀ ਦੇ ਆਸ-ਪਾਸ ਦੇ ਵੀਹ ਪਿੰਡਾਂ ਦੀ ਜਾਗੀਰ ਦਾ ਚੌਧਰੀ ਸੀ। ਉਸ ਸਮੇਂ ਜ਼ਮੀਨ ਵੱਡੇ ਜਾਗੀਰਦਾਰਾਂ ਕੋਲ ਹੀ ਸੀ। ਬਹੁਤੇ ਲੋਕ ਮੁਜ਼ਾਰੇ ਦੇ ਰੂਪ ਵਿਚ ਖੇਤੀ ਕਰਦੇ ਸਨ। ਗੁਰੂ ਸਾਹਿਬ ਜੀ ਦੀ ਮਾਤਾ ਦਾ ਨਾਮ ਤ੍ਰਿਪਤਾ ਸੀ। ਇਨ੍ਹਾਂ ਦਾ ਪੇਕਾ ਪਿੰਡ ਚਾਹਲ (ਲਾਹੌਰ ਵਿਚ) ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਅਠਾਰ੍ਹਾਂ ਸਾਲ ਦੀ ਉਮਰ (੧੪੮੭ ਈ.) ਵਿਚ ਬੀਬੀ ਸੁਲੱਖਣੀ ਜੀ ਨਾਲ ਹੋਇਆ ਸੀ। ਬੀਬੀ ਸੁਲੱਖਣੀ ਜੀ ਦੇ ਪਿਤਾ ਦਾ ਨਾਮ ਭਾਈ ਮੂਲ ਚੰਦ ਸੀ। ਇਹ ਵੀ ਪਿੰਡ ਪੱਖੋਕੇ ਰੰਧਾਵਾ (ਜ਼ਿਲ੍ਹਾ ਗੁਰਦਾਸਪੁਰ) ਦੇ ਪਟਵਾਰੀ ਸਨ ਅਤੇ ਬਟਾਲਾ ਨਗਰ ਦੇ ਵਸਨੀਕ ਸਨ। ਗੁਰੂ ਸਾਹਿਬ ਦੀ ਭੈਣ ਬੇਬੇ ਨਾਨਕੀ ਜੀ ਸੀ। ਇਹ ਗੁਰੂ ਸਾਹਿਬ ਤੋਂ ਪੰਜ ਸਾਲ ਵੱਡੇ ਸਨ। ਬੇਬੇ ਨਾਨਕੀ ਜੀ ਦਾ ਜਨਮ ਆਪਣੇ ਨਾਨਕੇ ਪਿੰਡ ਚਾਹਲ ਵਿਖੇ ਹੋਇਆ ਸੀ। ਬੇਬੇ ਨਾਨਕੀ ਜੀ ਦੇ ਪਤੀ ਦਾ ਨਾਮ ਭਾਈ ਜੈ ਰਾਮ ਸੀ। ਇਹ ਨਵਾਬ ਦੌਲਤ ਖਾਂ ਲੋਧੀ ਪਾਸ ਸੁਲਤਾਨਪੁਰ ਵਿਖੇ ਮਾਲ ਮਹਿਕਮੇ ਵਿਚ ਨੌਕਰੀ ਕਰਦੇ ਸਨ। ਭਾਈ ਜੈ ਰਾਮ ਨੇ ਹੀ ਵਿਚੋਲੇ ਦੇ ਰੂਪ ਵਿਚ ਗੁਰੂ ਸਾਹਿਬ ਦਾ ਰਿਸ਼ਤਾ ਕਰਵਾਇਆ ਸੀ। ਗੁਰੂ ਸਾਹਿਬ ਦੇ ਦੋ ਸਪੁੱਤਰ— ਬਾਬਾ ਸ੍ਰੀ ਚੰਦ ਜੀ (ਜਨਮ ੧੪੯੪ ਈ.) ਅਤੇ ਬਾਬਾ ਲਛਮੀ ਦਾਸ ਜੀ (ਜਨਮ ੧੪੯੭ ਈ.) ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਮਰ ਦਾ ਪੰਧ ਤਕਰੀਬਨ ੭੦ ਸਾਲ (੭ ਸਤੰਬਰ, ੧੫੩੯ ਤਕ) ਹੈ। ਗੁਰੂ ਸਾਹਿਬ ਆਪਣੀ ਬਾਣੀ ਅਤੇ ਯਾਤਰਾਵਾਂ ਦੇ ਲਿਖਤੀ ਸ੍ਰੋਤ ਵਜੋਂ ਸਦਾ ਸਾਡੇ ਅੰਗ-ਸੰਗ ਜਾਪਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਵੇਲੇ ਦੀਆਂ ਮੁੱਖ ਭਾਸ਼ਾਵਾਂ ਦੇ ਗਿਆਤਾ ਸਨ। ਉਨ੍ਹਾਂ ਛੇ ਤੋਂ ਤੇਰ੍ਹਾਂ ਸਾਲ ਦੀ ਉਮਰ (੧੪੭੫ ਤੋਂ ੧੪੮੨ ਈ.) ਤਕ ਅਜਿਹਾ ਭਾਸ਼ਾਈ ਗਿਆਨ ਹਾਸਲ ਕੀਤਾ ਸੀ। ਗੁਰੂ ਸਾਹਿਬ ਗੋਪਾਲ ਦਾਸ ਪਾਂਧੇ ਪਾਸ ਦੇਵਨਾਗਰੀ ਅਤੇ ਲੇਖਾ-ਪੱਤਾ ਸਿੱਖਣ ਲਈ ਗਏ ਸਨ। ਆਪ ਜੀ ਨੂੰ ਸੰਸਕ੍ਰਿਤ ਦੀ ਸਿੱਖਿਆ ਸੰਬੰਧੀ ਪੰਡਿਤ ਬ੍ਰਿਜ ਲਾਲ ਪਾਸ ਭੇਜਿਆ ਗਿਆ ਸੀ। ਆਪ ਕੁਝ ਸਮਾਂ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਦੀ ਸਿੱਖਿਆ ਸੰਬੰਧੀ ਮਦਰੱਸੇ ਵੀ ਗਏ ਸਨ। ਇਹ

**ਪ੍ਰਿੰਸੀਪਲ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ : +੯੧੯੮੭੨੨੬੬੬੬੭*

ਤਿੰਨੇ ਅਧਿਆਪਕ ਬਾਲ ਉਮਰ ਵਿਚ ਹੀ ਗੁਰੂ ਸਾਹਿਬ ਦੀ ਤਰਕ-ਬੁੱਧੀ ਅਤੇ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਸਨ।

ਗੁਰੂ ਜੀ ਦੇ ਸਮੇਂ ਭਾਰਤ ਵਿਚ ਵਿਦੇਸ਼ੀ ਹਮਲਾਵਰਾਂ ਦਾ ਰਾਜ ਸੀ। ਤੇਰ੍ਹਵੀਂ ਸਦੀ ਤੋਂ ਹੀ ਦਿੱਲੀ ਉੱਤੇ ਵਿਦੇਸ਼ੀ ਹਮਲਾਵਰਾਂ ਦਾ ਕਬਜ਼ਾ ਰਿਹਾ ਹੈ। ਬਹਿਲੋਲ ਖਾਂ ਲੋਧੀ ਦੀ ੧੪੮੯ ਈ. ਵਿਚ ਮੌਤ ਹੋ ਗਈ। ਉਸ ਦੇ ਪੁੱਤਰ ਸਿਕੰਦਰ ਲੋਧੀ ਨੇ ੧੫੧੭ ਈ. ਤਕ ਰਾਜ ਕੀਤਾ। ਉਸ ਨੇ ਦੌਲਤ ਖਾਂ ਲੋਧੀ ਨੂੰ ੧੫੦੪ ਈ. ਵਿਚ ਸੁਲਤਾਨਪੁਰ ਦਾ ਨਵਾਬ ਬਣਾਇਆ। ਸਿਕੰਦਰ ਲੋਧੀ ਦੀ ਮੌਤ ਪਿੱਛੋਂ ਇਬਰਾਹੀਮ ਲੋਧੀ ਦਿੱਲੀ ਦੇ ਤਖ਼ਤ ਉੱਤੇ ਕਾਬਜ਼ ਹੋ ਗਿਆ। ਦੌਲਤ ਖਾਂ ਲੋਧੀ ਨੇ ਹੀ ਆਲਮ ਖਾਂ ਲੋਧੀ ਨਾਲ ਮਿਲ ਕੇ ਬਾਬਰ ਨੂੰ ਹਿੰਦੁਸਤਾਨ ਉੱਤੇ ਕਾਬਜ਼ ਹੋਣ ਲਈ ਪ੍ਰੇਰਿਆ ਸੀ। ਬਾਬਰ ਨੇ ੧੫੨੬ ਈ. ਵਿਚ ਇਬਰਾਹੀਮ ਲੋਧੀ ਨੂੰ ਹਰਾ ਦਿੱਤਾ। ਬਾਬਰ ਦਿੱਲੀ ਦੇ ਤਖ਼ਤ ਦਾ ਮਾਲਕ ਬਣ ਗਿਆ। ਇਸ ਸਮੇਂ ਤੋਂ ਹੀ ਲੋਧੀਆਂ ਦੇ ਰਾਜ ਦਾ ਅੰਤ ਹੋ ਜਾਂਦਾ ਹੈ। ਫਿਰ ਮੁਗ਼ਲ ਰਾਜ ਸ਼ੁਰੂ ਹੁੰਦਾ ਹੈ। ਵਿਦੇਸ਼ੀ ਹਮਲਾਵਰ ਅਕਸਰ ਹੀ ਸਥਾਨਕ ਲੋਕਾਂ ਦੀ ਧਨ-ਦੌਲਤ ਨੂੰ ਲੁੱਟਣ ਦੇ ਨਜ਼ਰੀਏ ਨਾਲ ਹੀ ਰਾਜ ਕਰਦੇ ਹਨ। ਇਸ ਨਾਲ ਆਮ ਜਨਤਾ ਨਾਲ ਅਨਿਆਂ ਤੇ ਜ਼ੁਲਮ ਹੁੰਦਾ ਹੈ। ਮੁਗ਼ਲ ਹਕੂਮਤ ਹਿੰਦੂਆਂ ਨੂੰ ਜਬਰਦਸਤੀ ਇਸਲਾਮ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਕਰਕੇ ਬਾਦਸ਼ਾਹ ਤੋਂ ਲੈ ਕੇ ਅੱਗੇ ਨਵਾਬ, ਨਾਜ਼ਮ ਅਤੇ ਪਿੰਡਾਂ ਦੇ ਚੌਧਰੀ ਜਨਤਾ ਉੱਤੇ ਕਈ ਵਧੀਕੀਆਂ ਕਰਦੇ ਸਨ। ਆਪਣੀ ਹਕੂਮਤ ਦੇ ਜਲੌਅ ਤਹਿਤ ਕਾਜ਼ੀ ਵੀ ਅਨਿਆਂ ਕਰ ਰਹੇ ਸਨ। ਭਾਰਤ ਦੇ ਹਿੰਦੂ ਸਮਾਜ ਦੀ ਆਪਣੀ ਅੰਦਰਲੀ ਹਾਲਤ ਵੀ ਕਾਫ਼ੀ ਤਰਸਯੋਗ ਸੀ। ਸਾਡਾ ਸਮਾਜ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਦੇ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ। ਇਸ ਵਿਚ ਜਾਤੀ ਉਚ-ਨੀਚ ਬਹੁਤ ਸੀ। ਇੱਥੋਂ ਦੇ ਵਸਨੀਕ ਬ੍ਰਾਹਮਣ ਵੀ ਆਪਣੇ ਤੋਂ ਹੇਠਲੇ ਵਰਨਾਂ ਨਾਲ ਮਾੜਾ ਸਲੂਕ ਕਰਦੇ ਸਨ। ਉਸ ਸਮੇਂ ਦੇ ਜੋਗੀ (ਸਿੱਧ) ਸੰਸਾਰ ਨੂੰ ਮਾਇਆ-ਜਾਲ ਮੰਨਦੇ ਸਨ। ਇਹ ਸਮਾਜ ਦੇ ਤਿਆਗ ਉੱਤੇ ਜ਼ੋਰ ਦਿੰਦੇ ਸਨ। ਇੱਥੇ ਅਜਿਹੇ ਅਨੇਕਾਂ ਸੰਨਿਆਸੀਆਂ ਅਤੇ ਜੋਗੀਆਂ ਦੇ ਟੋਲੇ ਸਨ। ਇਹ ਟੋਲੇ ਸਮਾਜ ਨੂੰ ਹੀ ਸਮੱਸਿਆਵਾਂ ਦਾ ਮੂਲ ਸਮਝਦੇ ਸਨ। ਇਹ ਸਮਾਜ ਤੋਂ ਭਾਂਜਵਾਦੀ (ਦੂਰ ਭੱਜਣ ਦਾ) ਵਤੀਰਾ ਅਪਣਾਉਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਸਮਾਜ ਕਈ ਕਿਸਮ ਦੇ ਬਾਹਰੀ ਦਬਦਬੇ ਅਤੇ ਅੰਦਰੂਨੀ ਹਨੇਰ-ਗੁਬਾਰ ਵਿਚ ਫਸਿਆ ਹੋਇਆ ਸੀ।

ਇੱਥੇ ਜੈਨੀ ਅਤੇ ਬੋਧੀ ਵਿਚਾਰਧਾਰਾਵਾਂ (ਮੱਤਾਂ) ਦਾ ਵੀ ਜਨਮ ਹੋਇਆ ਸੀ। ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਨੇ ਮਨੁੱਖ ਨੂੰ ਕੁਝ ਵਿਸ਼ੇਸ਼ ਨੁਕਤਿਆਂ ਦੇ ਸਿਧਾਂਤ ਤਹਿਤ ਉੱਤਮ ਇਨਸਾਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਇਨ੍ਹਾਂ ਦਾ ਜ਼ਿਆਦਾ ਜ਼ੋਰ ਸਮਾਜਿਕਤਾ ਉੱਪਰ ਸੀ। ਇਸ ਵਿਚ ਰੂਹਾਨੀ ਤੇ ਧਾਰਮਿਕ ਪੱਖ ਨਜ਼ਰ-ਅੰਦਾਜ਼ ਸੀ। ਇਸ ਕਰਕੇ ਧਾਰਮਿਕਤਾ ਦੇ ਅਨਿਨ ਸ਼ਰਧਾਲੂਆਂ ਲਈ ਅਜਿਹੇ ਵਿਚਾਰ ਇਕ

ਅਚੰਭਾ ਸਨ ਜਾਂ ਇਹ ਸਮੇਂ ਤੋਂ ਪਹਿਲਾਂ ਦੀ ਉਪਜ ਸਨ। ਇਨ੍ਹਾਂ ਮੱਤਾਂ ਨੂੰ ਆਪਣੇ ਵੇਲੇ ਦੇ ਕੱਟੜ ਹਿੰਦੂ ਸਮਾਜ ਦੀ ਸਖ਼ਤੀ ਦਾ ਸਾਹਮਣਾ ਕਰਨਾ ਪਿਆ ਸੀ। ਇਹ ਇਕ ਤਰ੍ਹਾਂ ਦੀਆਂ ਸੀਮਿਤ ਸੰਪਰਦਾਵਾਂ ਸਨ। ਇਨ੍ਹਾਂ ਨੂੰ ਜ਼ਿਆਦਾ ਹੁੰਗਾਰਾ ਭਾਰਤ ਤੋਂ ਬਾਹਰਲੇ ਨੇੜ੍ਹੇ ਦੇ ਦੇਸ਼ਾਂ ਜਾਂ ਇਲਾਕਿਆਂ ਵਿਚ ਮਿਲਿਆ ਸੀ। ਭਾਰਤੀ ਸਮਾਜ ਦੀ ਕੱਟੜ ਜਾਤ-ਪਾਤ ਨੂੰ ਅਜਿਹੇ ਮੱਤ ਬਹੁਤਾ ਪ੍ਰਭਾਵਿਤ ਨਹੀਂ ਕਰ ਸਕੇ ਸਨ।

ਤੇਰ੍ਹਵੀਂ-ਚੌਦਵੀਂ ਸਦੀ ਵਿਚ ਇੱਥੇ ਸੂਫ਼ੀ ਤੇ ਭਗਤੀ ਲਹਿਰ ਵੀ ਪੈਦਾ ਹੋਈ ਸੀ। ਭਗਤ ਸ਼ੇਖ ਫ਼ਰੀਦ ਜੀ ਤੇ ਕਬੀਰ ਜੀ ਅਜਿਹੀਆਂ ਲਹਿਰਾਂ ਦੇ ਮੋਢੀ ਮੰਨੇ ਜਾਂਦੇ ਹਨ। ਸੂਫ਼ੀ ਲਹਿਰ ਮੁਸਲਮਾਨ ਹਕੂਮਤ ਦੀ ਕੱਟੜਤਾ ਦੇ ਉਲਟ ਪਿਆਰ ਅਤੇ ਸ਼ਹਿਣਸ਼ੀਲਤਾ ਦੀ ਹਾਮੀ ਸੀ। ਸੂਫ਼ੀ ਫ਼ਕੀਰ ਸਾਧਾਰਨ ਰਹਿਣੀ-ਸਹਿਣੀ ਉੱਤੇ ਬਲ ਦਿੰਦੇ ਸਨ। ਭਗਤੀ ਲਹਿਰ ਨੇ ਵੀ ਭਾਰਤ ਦੀ ਜਾਤ-ਪਾਤ ਦੇ ਦਾਇਰੇ ਵਿਰੁੱਧ ਅਵਾਜ਼ ਬੁਲੰਦ ਕੀਤੀ ਸੀ। ਇਸ ਲਹਿਰ ਨੇ ਮਨੁੱਖੀ ਵਿਹਾਰ ਨੂੰ ਹੀ ਮਨੁੱਖ ਦੇ ਚੰਗੇ-ਮਾੜ੍ਹੇ ਹੋਣ ਦਾ ਆਧਾਰ ਬਣਾਇਆ ਸੀ। ਇਨ੍ਹਾਂ ਲਹਿਰਾਂ (ਮੱਤਾਂ) ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਕ-ਦੂਜੇ ਦੇ ਨੇੜ੍ਹੇ ਲਿਆਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਪਰ ਫਿਰ ਵੀ ਸਮਾਜ ਵਿਚ ਕੋਈ ਵੱਡੀ ਬੁਨਿਆਦੀ ਤਬਦੀਲੀ ਨਾ ਆ ਸਕੀ। ਇਹ ਮੱਤ ਸੰਪਰਦਾਵਾਂ ਦੇ ਰੂਪ ਵਜੋਂ ਪ੍ਰਚਲਿਤ ਰਹੇ ਸਨ। ਇਨ੍ਹਾਂ ਦਾ ਪ੍ਰਭਾਵ ਇਕ ਹੱਦ ਤਕ ਹੀ ਸੀ। ਇਨ੍ਹਾਂ ਮੱਤਾਂ ਨਾਲ ਗੁਰੂ ਸਾਹਿਬ ਦੇ ਸਮੇਂ ਭਾਰਤੀ ਸਮਾਜ ਦੀ ਅੰਦਰੂਨੀ ਬਣਤਰ ਸੰਬੰਧੀ ਹਿਲਜੁਲ ਸ਼ੁਰੂ ਹੋ ਚੁੱਕੀ ਸੀ। ਇਸ ਨੂੰ ਗੁਰੂ ਸਾਹਿਬ ਨੇ ਵੱਡੇ ਇਰਾਦੇ ਨਾਲ ਤਕੜਾ ਹੱਥ ਪਾਇਆ ਸੀ। ਇਸ ਨਾਲ ਨਵੇਂ ਰਾਹ ਖੁੱਲ੍ਹ ਗਏ ਸਨ।

ਗੁਰੂ ਸਾਹਿਬ ਦਾ ਸਭ ਤੋਂ ਨਜ਼ਦੀਕੀ ਸਾਥੀ ਭਾਈ ਮਰਦਾਨਾ ਸੀ। ਭਾਈ ਮਰਦਾਨਾ ਜੀ ਉਮਰ ਵਿਚ ਨੌਂ ਸਾਲ ਗੁਰੂ ਸਾਹਿਬ ਤੋਂ ਵੱਡੇ ਸੀ। ਇਹ ਪਿੰਡ ਦੀ ਮੀਰਾਸੀ ਬਿਰਾਦਰੀ ਦੇ ਮੀਰ ਬਾਦਰੇ ਦੇ ਪੁੱਤਰ ਸੀ। ਇਹ ਬਿਰਾਦਰੀ ਡੂਮ ਜਾਤ ਵਿੱਚੋਂ ਸੀ। ਭਾਈ ਮਰਦਾਨਾ ਜੀ ਦੀ ਮਾਤਾ ਦਾ ਨਾਮ ਮਾਈ ਲੱਖੀ ਸੀ। ਇਹ ਮੀਰਾਸੀ ਬਿਰਾਦਰੀ ਰਾਗਾਂ ਅਤੇ ਸਾਜ਼ਾਂ ਵਿਚ ਵਿਸ਼ੇਸ਼ ਮੁਹਾਰਤ ਰੱਖਦੀ ਸੀ। ਭਾਈ ਮਰਦਾਨਾ ਜੀ ਨੂੰ ਬਚਪਨ ਤੋਂ ਹੀ ਤੰਤੀ ਸਾਜ਼ ਰਬਾਬ ਉੱਤੇ ਮੁਹਾਰਤ ਹਾਸਲ ਸੀ। ਗੁਰੂ ਸਾਹਿਬ ਬਚਪਨ ਤੋਂ ਹੀ ਭਾਈ ਮਰਦਾਨਾ ਜੀ ਨਾਲ ਨੇੜ੍ਹਤਾ ਹੋ ਗਈ ਸੀ। ਇਨ੍ਹਾਂ ਦੀ ਜੋੜੀ ਸ਼ੁਰੂ ਤੋਂ ਹੀ ਆਪਣੀ ਸਾਂਝ ਕਾਰਨ ਵਿਸ਼ੇਸ਼ ਚਰਚਾ ਵਿਚ ਸੀ। ਭਾਈ ਮਰਦਾਨਾ ਜੀ ਅਤੇ ਰਬਾਬ ਸਾਜਿੰਦੇ ਤੇ ਸਾਜ ਵਜੋਂ ਸਨ। ਇਨ੍ਹਾਂ ਦੇ ਸਾਜੀ ਗੁਰੂ ਸਾਹਿਬ ਸਨ। ਗੁਰੂ ਸਾਹਿਬ ਦੀ ਭਾਈ ਮਰਦਾਨਾ ਜੀ ਨਾਲ ਲੰਮੀ ਸਾਂਝ ਕਾਇਮ ਰਹੀ ਸੀ। ਭਾਈ ਮਰਦਾਨਾ ਜੀ ਨੇ ਅੰਤਿਮ ਸਾਹ ਗੁਰੂ ਸਾਹਿਬ ਦੀ ਗੋਦ ਵਿਚ ਹੀ ਲਏ ਸਨ।

ਗੁਰੂ ਸਾਹਿਬ ਨੂੰ ਬਚਪਨ ਤੋਂ ਜਵਾਨੀ ਤਕ ਕਈ ਸੰਸਾਰੀ ਕੰਮਾਂ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਸ਼ੁਰੂ ਵਿਚ ਇਕ ਵਾਗੀ (ਵੱਗ ਚਾਰਨ ਵਾਲਾ) ਵਜੋਂ ਮੱਝਾਂ ਚਾਰਨ ਭੇਜਿਆ ਗਿਆ ਸੀ। ਉਸ ਸਮੇਂ ਖੇਤੀ ਥੋੜ੍ਹੀ ਪੈਲੀ ਉੱਤੇ ਹੁੰਦੀ ਸੀ।

ਜ਼ਿਆਦਾ ਪੈਲੀ ਪਸ਼ੂਆਂ ਦੀਆਂ ਚਰਾਂਦਾਂ ਵਜੋਂ ਹੀ ਵਰਤੀ ਜਾਂਦੀ ਸੀ। ਰਾਇ ਭੋਇ ਦੇ ਪੁੱਤਰ ਰਾਇ ਬੁਲਾਰ ਦੀ ਜ਼ਮੀਨ ਉੱਤੇ ਮਹਿਤਾ ਕਾਲੂ ਪਟਵਾਰੀ ਸੀ। ਰਾਇ ਬੁਲਾਰ ਨੇ ਕੁਝ ਜ਼ਮੀਨ ਵਾਹੀ ਤੇ ਚਰਾਂਦਾਂ ਲਈ ਮਹਿਤਾ ਕਾਲੂ ਜੀ ਨੂੰ ਵੀ ਦਿੱਤੀ ਹੋਈ ਸੀ। ਬਾਅਦ ਵਿਚ ਰਾਇ ਬੁਲਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਬਣ ਗਿਆ ਸੀ। ਇਸ ਨੇ ਆਪਣੇ ਹਿੱਸੇ ਦੀ ਅੱਧੀ ਜ਼ਮੀਨ (ਅਠਾਰ੍ਹਾਂ ਹਜ਼ਾਰ ਏਕੜ) ਗੁਰੂ ਸਾਹਿਬ ਦੇ ਨਾਮ ਕਰ ਦਿੱਤੀ ਸੀ। ਇਹ ਜ਼ਮੀਨ ਰਿਕਾਰਡ ਵਿਚ ਗੁਰੂ ਸਾਹਿਬ ਦੇ ਨਾਮ ਉੱਤੇ ਹੈ। ਪਰ ਗੁਰੂ ਸਾਹਿਬ ਨੇ ਇਸ ਜ਼ਮੀਨ ਵੱਲ ਕਦੇ ਵੀ ਆਪਣਾ ਹੱਕ ਨਹੀਂ ਜਤਾਇਆ ਸੀ। ਸਪੱਸ਼ਟ ਹੈ ਕਿ ਗੁਰੂ ਸਾਹਿਬ ਦੁਨਿਆਵੀ ਲਾਲਸਾਵਾਂ ਤੋਂ ਸਦਾ ਉੱਪਰ ਰਹੇ ਹਨ। ਗੁਰੂ ਸਾਹਿਬ ਸ਼ੁਰੂ ਤੋਂ ਹੀ ਤਰਕ-ਪੱਧਤੀ ਵਾਲੀ ਆਪਣੀ ਰੂਹਾਨੀ ਬਿਰਤੀ ਵਿਚ ਲੀਨ ਰਹਿੰਦੇ ਸਨ। ਉਹ ਅਸਲ ਵਿਚ ਮੱਝਾਂ ਚਾਰਨ ਨਹੀਂ, ਦੁਨੀਆ ਨੂੰ ਤਾਰਨ ਆਏ ਸਨ। ਅਜਿਹੇ ਕਿੱਤੇ ਵਿਚ ਵੀ ਉਹ ਚੌਕੜੀ ਮਾਰ ਅੰਤਰ-ਧਿਆਨ ਹੋ ਜਾਂਦੇ ਸਨ। ਉਨ੍ਹਾਂ ਦੀ ਤਰਕ-ਪੱਧਤੀ ਵਾਲੀ ਦਿੱਬ-ਦ੍ਰਿਸ਼ਟੀ ਸਭ ਨੂੰ ਪ੍ਰਭਾਵਿਤ ਕਰ ਰਹੀ ਸੀ। ਗੁਰੂ ਸਾਹਿਬ ਨੇ ਨੌਂ ਸਾਲ ਦੀ ਉਮਰ ਵਿਚ ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਹਰਦਿਆਲ ਨਾਂ ਦੇ ਪ੍ਰੋਹਿਤ ਨੂੰ ਜਨੇਊ ਰੂਪੀ ਧਾਗੇ ਨੂੰ ਵਾਧੂ ਦੀ ਰਸਮ ਦੱਸਿਆ ਸੀ। ਅਸਲ ਜਨੇਊ ਮਨ ਦੀ ਆਪਣੀ ਇਕਾਗਰਤਾ ਦਾ ਮਾਨਸਿਕ ਬੰਧੇਜ਼ ਮੰਨਿਆ ਸੀ। ਗੁਰੂ ਸਾਹਿਬ ਨੇ ਧਾਗੇ ਦੇ ਜਨੇਊ ਦੀ ਥਾਂ ਆਤਮਿਕ ਸ਼ੁੱਧੀ ਦੇ ਜਨੇਊ ਉੱਤੇ ਬਲ ਦਿੱਤਾ ਸੀ। ਇਸ ਉਮਰ ਤਕ ਗੁਰੂ ਸਾਹਿਬ ਦੀ ਵਿਦਵਤਾ ਤੇ ਰੌਸ਼ਨ-ਦਿਮਾਗੀ ਦੇ ਚਰਚੇ ਸ਼ੁਰੂ ਹੋ ਗਏ ਸਨ। ਉਹ ਇਸ ਸੰਸਾਰ ਰੂਪੀ ਬ੍ਰਹਮ ਅਤੇ ਕੁਦਰਤ ਨੂੰ ਸਮਝਣ-ਸਮਝਾਉਣ ਵੱਲ ਵਧੇਰੇ ਰੁਚੀ ਰੱਖਦੇ ਸਨ। ਇਸ ਰੁਚੀ ਤਹਿਤ ਉਹ ਆਪਣੇ ਸਮੇਂ ਦੇ ਕਈ ਸਾਧਾਂ-ਸੰਤਾਂ ਤੇ ਫ਼ਕੀਰਾਂ ਦੇ ਨੇੜ੍ਹਤਾ ਵਿਚ ਵਿਚਰਨ ਲੱਗੇ ਸਨ।

ਗੁਰੂ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਉਤਸ਼ਾਹੀ ਪੁਰਖ ਸਨ। ਉਹ ਜਿਵੇਂ-ਕਿਵੇਂ ਆਪਣੇ ਪੁੱਤਰ ਨੂੰ ਕਿਸੇ ਕਮਾਈ ਵਿਚ ਲੱਗਾ ਵੇਖਣਾ ਚਾਹੁੰਦੇ ਸਨ। ਅਕਸਰ ਹੀ ਅਜਿਹੀ ਹਰ ਮਾਂ-ਬਾਪ ਦੀ ਖਾਹਿਸ਼ ਹੁੰਦੀ ਹੈ। ਗੁਰੂ ਜੀ ਨੂੰ ਵਪਾਰ ਕਰਨ ਲਈ ਕੁਝ (ਵੀਹ) ਰੁਪਏ ਦਿੱਤੇ ਗਏ ਸਨ। ਅਕਸਰ ਹੀ ਤਲਵੰਡੀ ਦੇ ਦੁਕਾਨਦਾਰ ਚੂਹੜਕਾਣੇ ਤੋਂ ਸੌਦੇ-ਪੱਤੇ ਦੀ ਰਾਸ ਲੈਣ ਜਾਂਦੇ ਸਨ, ਕਿਉਂਕਿ ਚੂਹੜਕਾਣਾ ਵੱਡਾ ਕਸਬਾ ਸੀ। ਪਰ ਗੁਰੂ ਜੀ ਦੁਕਾਨ ਉੱਤੇ ਵਿਕਣ ਵਾਲੇ ਖਰੇ ਸੌਦੇ ਦੀ ਥਾਂ ਸੱਚ ਦਾ ਵਣਜ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਚੂਹੜਕਾਣੇ ਵਿਖੇ ਇਕ ਸਾਧੂ-ਸੰਤਾਂ ਦੀ ਟੋਲੀ ਮਿਲੀ ਸੀ। ਇਸ ਟੋਲੀ ਨੂੰ ਭੋਜਨ ਤੇ ਬਸਤਰਾਂ ਦੀ ਲੋੜ ਸੀ। ਗੁਰੂ ਸਾਹਿਬ ਨੇ ਸਾਰੇ ਰੁਪਏ ਇਨ੍ਹਾਂ ਉੱਪਰ ਖਰਚ ਕਰ ਦਿੱਤੇ ਸਨ। ਉਨ੍ਹਾਂ ਨੇ ਹੱਟੀ ਦੇ ਸੌਦੇ ਨਾਲੋਂ ਲੋੜਵੰਦਾਂ ਦੀ ਸੇਵਾ ਦੇ ਸੌਦੇ ਨੂੰ ਪਹਿਲ ਦਿੱਤੀ ਸੀ। ਗੁਰਮਤਿ ਵਿਚ ਸੇਵਾ ਦਾ ਵੱਡਾ ਮਹਾਤਮ ਹੈ:

*ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)*

ਪਰ ਘਰ-ਪਰਵਾਰ ਵਾਲਿਆਂ ਨੂੰ ਗੁਰੂ ਜੀ ਦੇ ਅਜਿਹੇ ਵਿਹਾਰ ਤੋਂ ਚਿੰਤਾ ਹੋ ਰਹੀ ਸੀ। ਗੁਰੂ ਸਾਹਿਬ ਦੇ ਜੀਜਾ ਭਾਈ ਜੈ ਰਾਮ ਜੀ (ਬੇਬੇ ਨਾਨਕੀ ਦੇ ਪਤੀ) ਦਾ ਸੁਲਤਾਨਪੁਰ ਲੋਧੀ ਵਿਖੇ ਮੋਦੀਖ਼ਾਨੇ ਵਿਚ ਆਪਣੀ ਨੌਕਰੀ ਕਾਰਨ ਚੰਗਾ ਅਸਰ-ਰਸੂਖ ਸੀ। ਇਨ੍ਹਾਂ ਨੇ ਗੁਰੂ ਸਾਹਿਬ ਨੂੰ ਵੀ ਸੁਲਤਾਨਪੁਰ ਲੋਧੀ ਵਿਖੇ ਮੋਦੀਖ਼ਾਨੇ ਵਿਚ ਨੌਕਰੀ ਦਿਵਾਈ ਸੀ। 'ਸੁਲਤਾਨਪੁਰ' ਨਗਰ ਕਦੀ ਸੁਲਤਾਨ ਖ਼ਾਨ ਲੋਧੀ ਨੇ ਵਸਾਇਆ ਸੀ। ਇਹ ਮਹਿਮੂਦ ਗਜ਼ਨਵੀ ਦੀ ਫੌਜ ਦਾ ਫੌਜਦਾਰ ਸੀ। ਗੁਰੂ ਸਾਹਿਬ ਮੋਦੀ ਖ਼ਾਨੇ ਵਿਚ ਸੱਚੇ ਮੋਦੀ (ਵਿਕਰੇਤਾ) ਸਿੱਧ ਹੋਏ ਸਨ। ਉਨ੍ਹਾਂ ਨੇ ਆਪਣਾ ਕਾਰਜ ਪਰਮਾਤਮਾ ਨੂੰ ਸਮਰਪਿਤ ਹੋ ਕੇ 'ਤੇਰਾ ਤੇਰਾ' ਦੇ ਨਾਮ ਨਾਲ ਹੀ ਨਿਪਟਾਇਆ ਸੀ। ਅਜਿਹੀ ਸੱਚੀ ਭਾਵਨਾ ਕਰਕੇ ਹੀ ਮੋਦੀਖ਼ਾਨਾ ਕਈ ਵੱਡੀਆਂ ਬਰਕਤਾਂ ਦਾ ਭੰਡਾਰਾ ਬਣ ਗਿਆ ਸੀ। ਅਜਿਹੇ ਵਿਕਰੇਤਾ ਦਾ ਕੰਮ ਜਿਣਸਾਂ ਦੀ ਵਿਕਰੀ ਅਤੇ ਬਾਕੀ ਸਟਾਕ ਦਾ ਹਿਸਾਬ ਰੱਖਣਾ ਸੀ। ਉਨ੍ਹਾਂ ਸਮਿਆਂ ਵਿਚ ਨੌਕਰੀ ਬਦਲੇ ਜਿਣਸ ਅਰਥਾਤ ਅਨਾਜ ਦੇ ਰੂਪ ਵਿਚ ਤਨਖਾਹ ਮਿਲਦੀ ਸੀ। ਗੁਰੂ ਜੀ ਨੇ ਇਸ ਨੌਕਰੀ ਦੌਰਾਨ ਇਕ ਸੱਚੇ ਵਿਕਰੇਤਾ ਵਜੋਂ ਸਭ ਪਾਸਿਆਂ ਤੋਂ ਖ਼ੂਬ ਵਾਹ-ਵਾਹ ਖੱਟੀ ਸੀ।

ਸੁਲਤਾਨਪੁਰ ਲੋਧੀ ਵਿਖੇ ਨੌਕਰੀ ਦੌਰਾਨ ਗੁਰੂ ਸਾਹਿਬ ਰੋਜ਼ਾਨਾ ਨਜ਼ਦੀਕ ਵਗਦੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਜਾਂਦੇ ਸਨ। ਇਕ ਵਾਰ ਗੁਰੂ ਸਾਹਿਬ ਇਸ਼ਨਾਨ ਕਰਨ ਤੋਂ ਬਾਅਦ ਤੀਜੇ ਦਿਨ ਵਾਪਸ ਆਏ। ਗੁਰੂ ਸਾਹਿਬ ਅਨੇਕਾਂ ਵਾਰ ਇਕਾਂਤ ਵਿਚ ਬੈਠੇ ਆਪਣੇ ਅੰਤਰ-ਧਿਆਨ ਵਿਚ ਲੀਨ ਹੋ ਜਾਂਦੇ ਸਨ। ਇਸ ਘਟਨਾ ਨੂੰ 'ਵੇਈਂ ਉਪਦੇਸ਼' ਜਾਂ 'ਵੇਈਂ ਪ੍ਰਵੇਸ਼' ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਵੇਈਂ ਦੀ ਟੁੱਭੀ ਤੋਂ ਬਾਅਦ ਜੱਗ ਨੂੰ ਤਾਰਨ ਦਾ ਉਪਦੇਸ਼ ਅਰੰਭ ਕਰ ਦਿੱਤਾ ਸੀ। ਇਸ ਦੌਰਾਨ ਹੀ ਗੁਰੂ ਸਾਹਿਬ ਦੀ ਸੀਰਤ ਪੂਰੀ ਤਰ੍ਹਾਂ ਰੂਹਾਨੀਅਤ ਵੱਲ ਪਾਸਾ ਪਲਟਦੀ ਹੈ। ਉਨ੍ਹਾਂ ਦੇ ਜੀਵਨ ਦੀ ਪੂਰੀ ਜ਼ੀਨਤ ਬਦਲ ਗਈ ਸੀ। ਉਹ ਅੰਦਰਲੇ ਦੀ ਸੋਝੀ ਤਹਿਤ ਮਨੁੱਖਤਾ ਨੂੰ ਸਮਝਾਉਣ ਦੇ ਰਾਹ ਪੈਂਦੇ ਹਨ। ਗੁਰੂ ਸਾਹਿਬ ਨੇ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦਾ ਸ਼ਬਦੀ ਉਪਦੇਸ਼ ਦਿੱਤਾ ਸੀ, ਕਿਉਂਕਿ ਉਸ ਵੇਲੇ ਸਮੁੱਚਾ ਸਮਾਜ ਹਿੰਦੂ ਅਤੇ ਮੁਸਲਮਾਨਾਂ ਦੀਆਂ ਦੋ ਮੁੱਖ ਵਿਰੋਧੀ ਧਿਰਾਂ ਵਿਚ ਵੰਡਿਆ ਹੋਇਆ ਸੀ। ਇੱਥੋਂ ਹੀ *ਸਭੈ ਸਾਝੀਵਾਲ ਸਦਾਇਨਿ* ਅਤੇ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਦਾ ਬੁਨਿਆਦੀ ਸਿੱਖ ਫ਼ਲਸਫ਼ਾ ਬਲ ਫੜ੍ਹਦਾ ਹੈ। ਗੁਰੂ ਸਾਹਿਬ ਦੇ ਸੰਦੇਸ਼ ਮੁਤਾਬਕ ਜਾਤ ਜਾਂ ਵਰਨ ਕਰਕੇ ਕੋਈ ਚੰਗਾ ਹਿੰਦੂ ਜਾਂ ਮੁਸਲਮਾਨ ਨਹੀਂ ਹੈ। ਮਨੁੱਖ ਦੀ ਅਸਲ ਜਾਤ ਉਸ ਦੇ ਕਰਮ (ਕਾਰਜ ਜਾਂ ਕੰਮ) ਹਨ। ਉਨ੍ਹਾਂ ਆਪਣੇ ਅਮਲ ਰਾਹੀਂ ਸਮਾਜ ਲਈ ਕੁਝ ਕਰਨ ਦਾ ਨਿਰਣਾ ਕਰ ਲਿਆ ਸੀ। ਇੱਥੋਂ ਹੀ *ਚੜ੍ਹਿਆ ਸੋਧਣਿ ਧਰਤੀ ਲੋਕਾਈ* ਦੀ ਆਰੰਭਤਾ ਹੁੰਦੀ ਹੈ। ਉਨ੍ਹਾਂ ਨੇ ਪਰਮਾਤਮਾ ਦੇ ਸਰੂਪ ਬਾਰੇ ਆਪਣਾ 'ਮੂਲ ਮੰਤਰ' ਪੇਸ਼ ਕੀਤਾ:

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

ਅਕਾਲ ਰੂਪ ਇਕ ਪਰਮਾਤਮਾ ਨੂੰ ਹੀ ਸਰਬ-ਸ਼ਕਤੀਮਾਨ ਮੰਨਿਆ ਗਿਆ ਹੈ। ਬਾਕੀ ਸਭ ਦੁਨਿਆਵੀ ਤਾਕਤਾਂ ਨੂੰ ਕਾਲ ਦੀ ਛੋਟੀ ਸੱਤਾ ਦਾ ਰੂਪ ਦਰਸਾਇਆ ਗਿਆ ਹੈ। ਉਹ ਆਪਣੇ ਅਜਿਹੇ ਰੂਹਾਨੀ ਸੰਦੇਸ਼ ਅਤੇ ਆਪਣੇ ਜੀਵਨ ਵਿਹਾਰ ਨਾਲ ਲੋਕਾਈ ਨੂੰ ਜਿਊਣ ਦਾ ਨਵਾਂ ਰਸਤਾ ਵਿਖਾਉਣਾ ਚਾਹੁੰਦੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਰਾਹ ਨਵਾਂ ਸੀ। ਇਸ ਰਾਹ ਦੇ ਰਾਹੀ ਵਜੋਂ ਹੀ ਨਵਾਂ ਗੁਰਮੁਖ ਮਨੁੱਖ ਉੱਭਰਦਾ ਹੈ। ਉਨ੍ਹਾਂ ਮੁਤਾਬਕ ਹਰ ਮਨੁੱਖ ਨੂੰ ਆਪਣੇ ਕਰਮਾਂ (ਕਾਰਜਾਂ) ਦਾ ਹੀ ਫਲ ਮਿਲਦਾ ਹੈ। ਮਨੁੱਖ ਜੋ ਬੀਜਦਾ ਹੈ, ਉਹ ਖਾਂਦਾ ਹੈ:

*ਆਪੇ ਬੀਜਿ ਆਪੇ ਹੀ ਖਾਹੁ ॥*
*ਨਾਨਕ ਹੁਕਮੀ ਆਵਹੁ ਜਾਹ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪)*

ਕਰਮ ਹੀ ਬੰਦੇ ਦੀ ਅਸਲ ਜਾਤ ਮੰਨੇ ਗਏ ਹਨ। ਗੁਰਮਤਿ ਮੁਤਾਬਕ ਜੀਵਨ *ਕਰਮਾ ਸੰਦੜਾ ਖੇਤ* ਹੈ। ਇਹ *ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ* ਅਨੁਸਾਰ ਬ੍ਰਹਮ ਦਾ ਗਿਆਨ ਰੱਖਣ ਵਾਲਾ ਹੀ ਅਸਲ ਬ੍ਰਾਹਮਣ ਹੈ। ਨਿਰੀ ਜਾਤ ਕਰਕੇ ਕੋਈ ਉੱਚਾ (ਬ੍ਰਾਹਮਣ) ਨਹੀਂ ਹੈ। ਉਸ ਸਮੇਂ ਚਾਰ-ਚੁਫ਼ੇਰੇ ਕੂੜ-ਪਾਸਾਰਾ ਸੀ। ਅਜਿਹੇ ਪਾਸਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦੇ ਅਮਲ ਰਾਹੀਂ ਦੂਰ ਕਰਨ ਦੀ ਵਿਉਂਤ ਬਣਾ ਲਈ ਸੀ। ਉਨ੍ਹਾਂ ਦੀ ਬੋਲ ਮਿੱਠੀ ਵੀ ਸੀ ਤੇ ਰਾਗ ਵਜੋਂ ਅੱਤ ਦੀ ਸੁਰੀਲੀ ਵੀ। ਨਾਲ ਭਾਈ ਮਰਦਾਨਾ ਜੀ ਦੀ ਰਬਾਬ ਦਾ ਸਾਜ਼ ਵੀ ਸੀ। ਇਹ ਸਾਰੇ ਕੁਝ ਸਮੇਤ ਗੁਰੂ ਸਾਹਿਬ ਨੇ ਦੁਨਿਆਵੀ ਮੈਦਾਨ ਵਿਚ ਨਿੱਤਰਣ ਦੀ ਠਾਣ ਲਈ ਸੀ। ਉਸ ਸਮੇਂ ਦੇ ਸਮਾਜ ਵਿਚ ਆਪਸੀ ਸੰਵਾਦ ਟੁੱਟ ਚੁੱਕਾ ਸੀ। ਸਿਰਫ਼ ਇੱਕੋ ਭਾਰੂ ਜਾਂ ਹਾਕਮ ਧਿਰ ਦਾ ਪ੍ਰਵਚਨ ਚਾਲੂ ਸੀ। ਬਾਕੀ ਸਭ ਸਰੋਤੇ ਰੂਪੀ ਸਨ। ਸਰੋਤਿਆਂ ਵਿਚ ਨਵੀਂ ਜੁਸਤਜੂ ਛੇੜਣ ਨਾਲ ਹੀ ਕੁਝ ਨਵਾਂ ਹੋਣਾ ਸੀ। ਇਸ ਸੰਬੰਧੀ ਗੁਰੂ ਸਾਹਿਬ ਨੇ ਲੋਕਾਂ ਵਿਚ ਕਹਿਣ-ਸੁਣਨ ਦਾ ਮਹਾਂ-ਮਾਰਗ ਅਪਣਾਅ ਲਿਆ:

*ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੧)*

ਇਸ ਪ੍ਰਚਾਰ ਲਈ ਉਨ੍ਹਾਂ ਨੇ ਵੱਖ-ਵੱਖ ਅਹਿਮ ਥਾਵਾਂ ਵੱਲੋਂ ਲੰਮੇ ਸਫ਼ਰਾਂ ਉੱਤੇ ਨਿਕਲਣ ਦਾ ਪ੍ਰੋਗਰਾਮ ਬਣਾ ਲਿਆ। ਇਸ ਸੰਬੰਧੀ ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਪਣੇ ਮਾਪਿਆਂ ਤੇ ਪਰਵਾਰ ਨੂੰ ਜਾਣਕਾਰੀ ਦੇਣੀ ਸੀ। ਇਹ ਪਰਵਾਰ ਲਈ ਵਿਛੋੜੇ ਵਾਲਾ ਔਖਾ ਸਮਾਂ ਸੀ। ਭਾਈ ਮਰਦਾਨਾ ਜੀ ਦੀ ਅੰਮੀ ਲੱਖੋ ਦੇ ਫ਼ਿਕਰ ਹੋਰ ਵੀ ਸਨ। ਉਨ੍ਹਾਂ ਦਾ ਕਿਰਤੀ ਪਰਵਾਰ ਸੀ। ਅਜਿਹੇ ਪਰਵਾਰ ਦੇ ਜਵਾਨ ਪੁੱਤਰ ਦੇ ਘਰੋਂ ਜਾਣ ਨਾਲ ਰੁਜ਼ਗਾਰ ਦੇ ਵਸੀਲੇ ਦਾ ਵਿਗੋਚਾ ਹੋ ਜਾਣਾ ਸੀ। ਅਜਿਹੇ ਮੌਕੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਹੀ ਸਭ ਦੀ ਢਾਰਸ ਸਨ। ਉਨ੍ਹਾਂ ਦਾ ਫੁਰਨਾ ਸੀ 'ਅਸੀਂ ਮਾਵਾਂ ਨੂੰ ਇਹ ਸਿੱਧ ਕਰਕੇ ਵਿਖਾਉਣਾ ਹੈ ਕਿ ਪੁੱਤਰ ਫ਼ਕੀਰ ਬਣ ਕੇ ਵੀ ਘਰਾਂ ਨੂੰ ਮੁੜ ਸਕਦੇ ਹਨ।

ਫ਼ਕੀਰੀ ਮਿਲਦੀ ਨਹੀਂ ਕਮਾਉਣੀ ਪੈਂਦੀ ਹੈ। ' ਇਸ ਵੱਡੀ ਕਮਾਈ ਲਈ ਉਮਰਾਂ ਦੇ ਲੰਮੇ ਪੈਂਡੇ ਤੈਅ ਕਰਨੇ ਪੈਣੇ ਹਨ। ਬਾਬੇ ਨਾਨਕ ਅਤੇ ਭਾਈ ਮਰਦਾਨਾ ਜੀ ਨੇ ਨਾ ਗ੍ਰਿਹਸਥੀ ਛੱਡੀ ਤੇ ਨਾ ਹੀ ਫ਼ਕੀਰੀ। ਨਾ ਹੀ ਉਨ੍ਹਾਂ ਕਿਰਤ ਤੋਂ ਮੂੰਹ ਮੋੜਿਆ, ਨਾ ਪ੍ਰਭੂ ਦੇ ਨਾਮ ਤੋਂ। ਉਹ ਬਹੁਪੱਖੀ ਮਹਾਂਪੁਰਸ਼ ਹਨ। ਮਾਤਾ ਤ੍ਰਿਪਤਾ, ਬੇਬੇ ਨਾਨਕੀ, ਸੁਲੱਖਣੀ, ਅੰਮੀ ਲੱਖੋ (ਭਾਈ ਮਰਦਾਨਾ ਜੀ ਦੀ ਮਾਤਾ), ਦੌਲਤਾਂ (ਭਾਈ ਮਰਦਾਨਾ ਜੀ ਦੀ ਭੈਣ) ਅਤੇ ਬੇਗਮ ਅੱਲਾ ਰੱਖੀ (ਭਾਈ ਮਰਦਾਨਾ ਜੀ ਦੀ ਪਤਨੀ) ਆਪਣੇ ਪੁੱਤਰ, ਭਰਾ ਤੇ ਪਤੀ ਕਰਕੇ ਧੰਨ ਹੋ ਗਈਆਂ ਸਨ। ਉਹ ਇਤਿਹਾਸ ਵਿਚ ਸਤਿਕਾਰਤ ਮਾਵਾਂ, ਭੈਣਾਂ ਤੇ ਪਤਨੀਆਂ ਹਨ। ਗੁਰੂ ਸਾਹਿਬ ਨੇ ਇਸਤਰੀ ਨੂੰ ਬਹੁਤ ਵੱਡਾ ਸਤਿਕਾਰ ਦਿੱਤਾ ਹੈ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)*

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਰਬਾਬੀ ਭਾਈ ਮਰਦਾਨਾ ਜੀ ਦੀ ਜੋੜੀ ਨੇ ਸਮਾਜ ਨੂੰ ਜੋੜਣ ਦਾ ਵੱਡਾ ਕਾਰਜ ਕੀਤਾ ਸੀ। ਉਨ੍ਹਾਂ ਨੇ ਜਾਤਾਂ ਤੇ ਵਰਨਾਂ ਨੂੰ ਪਿੱਛੇ ਸੁੱਟ ਦਿੱਤਾ ਸੀ। ਇਹ ਸਾਂਝ ਸਮਾਜਿਕ ਵਲਗਣਾਂ ਨੂੰ ਕੱਟਦੀ ਸੀ। ਇਸ ਕਰਕੇ ਗੁਰੂ ਸਾਹਿਬ ਨੂੰ ਸਭ ਆਪਣਾ ਮੰਨਦੇ ਹਨ। ਉਹ ਫ਼ਕੀਰੀ ਦਾ ਨਵਾਂ ਸਿਧਾਂਤ ਪੇਸ਼ ਕਰਦੇ ਹਨ। ਫ਼ਕੀਰੀ ਮਨ ਦਾ ਮੰਨਨ ਹੈ। ਇਹ ਰਟਨ ਦੀ ਮਾਨਸਿਕ ਕ੍ਰਿਆਸ਼ੀਲਤਾ ਹੈ। ਇਹ ਬਾਹਰੀ ਵਿਕਾਸ ਨਾਲੋਂ ਅੰਦਰਲੇ ਦਾ ਵਿਗਾਸ ਹੈ। ਮਾਤਾ ਤ੍ਰਿਪਤਾ ਜੀ ਦੇ ਪੁੱਤਰ ਨੂੰ ਸਮਾਜ ਪ੍ਰਤੀ ਅਤ੍ਰਿਪਤੀ ਮਹਿਸੂਸ ਹੋਈ ਸੀ। ਉਹ ਦੁਨੀਆ ਨੂੰ ਤ੍ਰਿਪਤ ਕਰਨ ਲਈ ਭਾਈ ਮਰਦਾਨੇ ਸਮੇਤ ਘਰੋਂ ਨਿਕਲ ਤੁਰਿਆ ਸੀ। ਭਾਈ ਗੁਰਦਾਸ ਜੀ ਮੁਤਾਬਕ *ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ* ਸੀ। ਇਹ ਦੋਨੋਂ ਸਮਾਜ ਨੂੰ ਸੋਧਣ-ਪ੍ਰਬੋਧਣ ਲਈ ਇਕ-ਦੂਜੇ ਦੇ ਸੰਗੀ-ਸਾਥੀ ਸਨ। ਭਾਈ ਮਰਦਾਨਾ ਜੀ ਦੇ ਸਾਥ ਅਤੇ ਦਮ-ਖਮ ਦੇ ਬੇਅੰਤ ਸੁਨੇਹੇ ਹਨ। ਇਨ੍ਹਾਂ ਦੇ ਸੰਗ-ਸਾਥ ਨਾਲ ਦੇ ਭੇਦ-ਭਾਵ ਮਿਟ ਗਏ ਸਨ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਜਾਤ ਅਤੇ ਵਰਨ-ਵੰਡ ਵਿਰੁੱਧ ਆਪਣੇ ਘਰੋਂ ਹੀ ਮਿਸਾਲ ਬਣ ਕੇ ਤੁਰੇ ਸਨ। ਭਾਈ ਮਰਦਾਨਾ ਘਰ ਦੀ ਗ਼ਰੀਬੀ ਦੇ ਬਾਵਜੂਦ ਘਰੋਂ ਨਿਕਲ ਤੁਰੇ ਸਨ। ਉਹ ਰੋਜ਼ੀ-ਰੋਟੀ ਦੀਆਂ ਪਰਵਾਰਿਕ ਸੀਮਾਵਾਂ ਤੋਂ ਪਾਰ ਹੋ ਗਏ ਸਨ। ਸਪੱਸ਼ਟ ਹੈ ਕਿ ਵੱਡੇ ਇਰਾਦਿਆਂ ਵਾਲੇ ਆਪਣੇ ਸੀਮਿਤ ਜਾਂ ਘੱਟ ਘਰੇਲੂ ਸਾਧਨਾਂ ਤੋਂ ਵੀ ਬੇਪਰਵਾਹ ਹੁੰਦੇ ਹਨ। ਇਸ ਕਰਕੇ ਉਹ ਆਪਣੀ ਸਾਧਾਰਨਤਾ ਨੂੰ ਕਿਸੇ ਵੱਡੀ ਅਸਾਧਾਰਨਤਾ ਵਿਚ ਬਦਲ ਲੈਂਦੇ ਹਨ। ਗੁਰੂ ਸਾਹਿਬ ਆਪਣੇ ਉਦੇਸ਼ ਲਈ ਭਾਈ ਮਰਦਾਨਾ ਜੀ ਸਮੇਤ ਵੱਡੇ ਸਫ਼ਰ ਉੱਤੇ ਨਿਕਲ ਤੁਰੇ ਸਨ। ਇਸ ਕਾਰਜ ਨੂੰ ਗੁਰੂ ਸਾਹਿਬ ਦੀਆਂ ਉਦਾਸੀਆਂ (ਯਾਤਰਾਵਾਂ) ਵਜੋਂ ਜਾਣਿਆ ਜਾਂਦਾ ਹੈ।

**ਚਲਦਾ. . .**

# ਸਾਕਾ ਸਰਹਿੰਦ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਇਤਿਹਾਸ ਗਵਾਹ ਹੈ ਕਿ ਸੰਸਾਰ ਵਿਚ ਹਰੇਕ ਕ੍ਰਾਂਤੀ ਕੁਰਬਾਨੀ ਦੀ ਮੰਗ ਕਰਦੀ ਹੈ ਤੇ ਸੰਪੂਰਨ ਕ੍ਰਾਂਤੀ ਉਸ ਤੋਂ ਵੀ ਵਡੇਰੀ ਕੁਰਬਾਨੀ ਮੰਗਦੀ ਹੈ। ਤਾਰੀਖ਼ਾਂ ਦੀ ਤਵਾਰੀਖ਼ ਹੈ ਕਿ ਜਿੰਨੀਆਂ ਵੱਡੀਆਂ ਕੁਰਬਾਨੀਆਂ ਤੇ ਸੰਘਰਸ਼ ਰਹੇ ਉਨੀਆਂ ਹੀ ਵੱਡੀਆਂ ਜਿੱਤਾਂ ਦੇ ਤਮਗੇ ਜਿੱਤਣ ਵਾਲੇ ਸੂਰਬੀਰਾਂ ਤੇ ਜੁਝਾਰੂਆਂ ਦੀਆਂ ਹਿੱਕਾਂ 'ਤੇ ਸੱਜਦੇ ਰਹੇ। ਅਜਿਹਾ ਹੀ ਇਕ ਜਾਨਾਂ ਹੂਲ ਕੇ ਲੜਿਆ ਗਿਆ ਸੰਪੂਰਨ ਕ੍ਰਾਂਤੀ ਲਈ ਸਿੱਖ ਸੰਘਰਸ਼ ਸੀ ਜਿਸ ਨੂੰ 'ਬਾਬੇਕਿਆਂ ਅਤੇ ਬਾਬਰਕਿਆਂ' ਵਿਚਕਾਰ ਹੋਏ ਸੰਘਰਸ਼ ਵਜੋਂ ਜਾਣਿਆ ਜਾਂਦਾ ਹੈ। ਇਸ ਸੰਘਰਸ਼ ਵਿਚ ਗੁਰੂ ਸਾਹਿਬਾਨ, ਗੁਰੂ-ਪਰਵਾਰਾਂ ਅਤੇ ਗੁਰੂ ਖਾਲਸਾ ਜੀ ਨੇ *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* ਅਤੇ *ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ* ਦੇ ਅਦੁੱਤੀ ਅਤੇ ਨਿਵੇਕਲੇ ਸਿਧਾਂਤ ਅਨੁਸਾਰ ਸਰਅੰਜਾਮ ਦਿੱਤਾ। ਇਸ ਲੰਮੇ ਧਰਮ-ਯੁੱਧ ਵਿਚ ਭਾਵੇਂ ਖਾਲਸਾ-ਪੰਥ ਨੂੰ ਆਪਣਾ ਜਾਹ-ਓ-ਜਲਾਲ, ਸਿੱਦਕ ਅਤੇ ਮਹਾਨ ਸਿਧਾਂਤ ਕਾਇਮ ਰੱਖਣ ਲਈ ਬੜੀਆਂ ਭਾਰੀਆਂ ਕੁਰਬਾਨੀਆਂ ਕਰਨੀਆਂ ਪਈਆਂ, ਪਰ ਇਸ ਸੰਘਰਸ਼ ਨੇ ਭਾਰਤੀ ਜਨਸਮੂਹ ਨੂੰ ਜਹਾਲਤ ਤੇ ਜਲਾਲਤ ਭਰਪੂਰ ਅਪਮਾਨਜਨਕ ਜ਼ਿੰਦਗੀ ਵਿੱਚੋਂ ਕੱਢ ਕੇ, ਭਾਰਤ ਵਾਸੀਆਂ ਦੀ ਗ਼ੁਲਾਮ ਜ਼ਮੀਰ ਨੂੰ ਅਜ਼ਾਦ ਕਰਵਾ ਕੇ, ਇਕ ਨਰੋਆ, ਸੰਤੁਲਿਤ, ਮਨੁੱਖੀ ਬਰਾਬਰੀ, ਸਾਂਝੀਵਾਲਤਾ, ਗ਼ੈਰਤ, ਗੌਰਵ ਅਤੇ ਅਣਖ ਭਰਪੂਰ ਜੀਵਨ ਬਖਸ਼ ਕੇ ਸਰਬਪੱਖੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਅਸਲ ਵਿਚ ਇਹ ਸਤਿਆਚਾਰ ਅਤੇ ਅੱਤਿਆਚਾਰ, ਸਬਰ ਅਤੇ ਜਬਰ ਵਿਚਕਾਰ ਲਾਮਿਸਾਲ ਲੰਮਾ ਸੰਘਰਸ਼ ਸੀ।

ਇਸੇ ਲਾਮਿਸਾਲ ਸੰਘਰਸ਼ ਦੇ ਅੰਤਰਗਤ ਇਕ ਸਾਕਾ ਉਹ ਵੀ ਆਉਂਦਾ ਹੈ, ਜਿਸ ਨੇ ਸਮੁੱਚੀ ਮਾਨਵਤਾ ਨੂੰ ਹਲੂਣ ਕੇ ਰੱਖ ਦਿੱਤਾ। ਇਹ ਸਾਕਾ ਸੰਮਤ ੧੭੬੧ ਬਿਕ੍ਰਮੀ ਦਾ ਹੈ ਜੋ ੬-੭ ਪੋਹ ਦੀ ਰਾਤ ਨੂੰ ਅਰੰਭ ਹੋਇਆ, ਜਦੋਂ ਮਾਤਾ ਗੁਜਰੀ ਜੀ ਆਪਣੇ ਦੋ ਮਸੂਮ ਪੋਤਰਿਆਂ— ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਸਮੇਤ ਸਰਸਾ ਨਦੀ ਲਾਗੇ ਪਏ ਪਰਵਾਰ ਵਿਛੋੜੇ ਵਿਚ ਸਰਬੰਸਦਾਨੀ ਦਸਮ ਪਿਤਾ ਤੋਂ ਵੱਖ ਹੋ ਕੇ ਕਿਸੇ ਓਝੜ ਰਾਹੇ ਪੈ ਗਏ। ਹਕੀਮ ਅਲਹ ਯਾਰ ਖਾਂ 'ਜੋਗੀ' ਇਉਂ ਲਿਖਦੇ ਹਨ:

*ਜ਼ੋਰਾਵਰ ਔਰ ਫ਼ਤਹ ਜੋ ਦਾਦੀ ਕੇ ਸਾਥ ਥੇ।*
*ਦਾਯੇਂ ਕੀ ਜਗਹ ਚਲ ਦਿਏ ਵੁਹ ਬਾਯੇਂ ਹਾਥ ਥੇ।*

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ:+੯੧੯੯੧੫੮-੦੫੧੦੦

ਪੋਹ ਦੀ ਠੰਡੀ-ਠਾਰ ਰਾਤ ਤੇ ਬਿਖੜੇ ਪੈਂਡੇ ਦੌਰਾਨ ਮਾਤਾ ਜੀ ਨੂੰ ਗੁਰੂ-ਘਰ ਦਾ ਰਸੋਈਆ ਗੰਗੂ ਮਿਲ ਗਿਆ। ਉਹ ਮਾਤਾ ਜੀ ਅਤੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਸਹੇੜੀ (ਖੇੜੀ) ਵਿਖੇ ਆਪਣੇ ਘਰ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮਾਤਾ ਜੀ ਦਾ ਧਨ ਅਤੇ ਹੋਰ ਵਸਤਾਂ ਚੁਰਾ ਲਈਆਂ ਅਤੇ ਸੂਬਾ-ਸਰਹੰਦ ਤੋਂ ਚੰਗਾ-ਚੋਖਾ ਇਨਾਮ ਪ੍ਰਾਪਤ ਕਰਨ ਦੀ ਨੀਅਤ ਨਾਲ ਮੋਰਿੰਡੇ ਦੇ ਥਾਣੇਦਾਰ ਜਾਨੀ ਖਾਂ-ਮਾਨੀ ਖਾਂ ਨੂੰ ਖ਼ਬਰ ਦੇ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਮੋਰਿੰਡੇ ਦੇ ਥਾਣੇਦਾਰ ਨੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ੯ ਪੋਹ, ੧੭੬੧ ਬਿਕ੍ਰਮੀ ਨੂੰ ਸੂਬਾ-ਸਰਹੰਦ ਦੇ ਹਵਾਲੇ ਕਰ ਦਿੱਤਾ। ਇਹ ਉਹ ਗੰਗੂ ਸੀ, ਜੋ ਦਸਮੇਸ਼ ਪਿਤਾ ਜੀ ਦੇ ਗ੍ਰਿਹ ਵਿਖੇ ੧੬ ਸਾਲ ਤੋਂ ਵੱਧ ਸਮਾਂ ਰਸੋਈਏ ਦੀ ਸੇਵਾ ਨਿਭਾਉਂਦਾ ਰਿਹਾ ਸੀ ਅਤੇ ਗੁਰੂ-ਘਰ ਦਾ ਵਿਸ਼ਵਾਸ-ਪਾਤਰ ਮੰਨਿਆ ਜਾਂਦਾ ਸੀ। ਵਕਤ ਦਾ ਹੇਰਫੇਰ ਸੀ ਕਿ ਉਹੀ ਹੁਣ ਵਿਸ਼ਵਾਸਘਾਤੀ ਅਤੇ ਬੇਈਮਾਨ ਹੋ ਨਿੱਬੜਿਆ ਸੀ। ਮੁਹੰਮਦ ਇਕਬਾਲ ਅਜਿਹੀ ਹਵਸੀ ਜ਼ਹਿਨੀਅਤ ਵਾਲੇ ਅਕ੍ਰਿਤਘਣ ਬੰਦਿਆਂ ਬਾਰੇ ਠੀਕ ਹੀ ਬਿਆਨ ਕਰਦੇ ਹਨ:

*ਹਵਸ ਮੇਂ ਲੋਗ ਵਫ਼ਾ ਕੋ ਬੇਚ ਦੇਤੇ ਹੈਂ।*
*ਖ਼ੁਦਾ ਕੇ ਘਰ ਕੋ ਤੋ ਕਿਆ, ਵੋ ਖ਼ੁਦਾ ਕੋ ਹੀ ਬੇਚ ਦੇਤੇ ਹੈਂ।*

ਹਕੀਮ ਅਲਹ ਯਾਰ ਖਾਂ ਜੋਗੀ ਰਹਿਮਾਨੀ ਵੀ ਗੰਗੂ ਦੀ ਇਸ ਘਿਣਾਉਣੀ ਕਾਰਵਾਈ ਨੂੰ ਇਉਂ ਨਿੰਦਦਾ ਹੈ:

*ਬਦਜ਼ਾਤ ਬਦ-ਸਿਫ਼ਾਤ ਵੁਹ ਗੰਗੂ ਨਮਕ-ਹਰਾਮ,*
*ਟੁਕੜੋਂ ਪ: ਸਤਗੁਰੂ ਕੇ ਜੋ ਪਲਤਾ ਰਹਾ ਮੁਦਾਮ*
*ਘਰ ਲੇ ਕੇ ਸ਼ਾਹਜ਼ਾਦੋਂ ਕੋ ਆਯਾ ਜੋ ਬਦਲਗਾਮ*
*ਥਾ ਜ਼ਰ ਲੂਟਨੇ ਕੋ ਕਿਯਾ ਸਬ ਯਿਹ ਇੰਤਿਜ਼ਾਮ*
*ਦੁਨਿਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।*
*ਅਤੇ :*
*ਅਲਕਿੱਸਾ ਲੇ ਕੇ ਸਾਥ ਵੁਹ ਜਾਸੂਸ ਆ ਗਯਾ।*
*ਪਕੜਾਨੇ ਸ਼ਾਹਜਾਦੋਂ ਕੋ ਮਨਹੂਸ ਆ ਗਯਾ*

ਜ਼ਾਲਮ ਸੂਬਾ-ਸਰਹੰਦ ਦੇ ਹੁਕਮ ਤਹਿਤ ਉਸ ਰਾਤ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕਿਲ੍ਹੇ ਦੇ ਠੰਡੇ ਬੁਰਜ ਵਿਚ ਰੱਖਿਆ ਗਿਆ। ਦੁਨੀਆ ਦੇ ਇਤਿਹਾਸ ਵੱਲ ਝਾਤੀ ਮਾਰਦਿਆਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਇਸ ਤੋਂ ਵੱਡਾ ਅਤੇ ਕਠਿਨ ਇਮਤਿਹਾਨ, ਪੂਰੇ ਠਰ੍ਹਮੇ, ਸਹਿਜ ਅਤੇ ਦਿਲਾਵਰੀ ਨਾਲ ਸ਼ਾਇਦ ਹੀ ਦੁਨੀਆ ਦੇ ਇਤਿਹਾਸ ਵਿਚ ਕਿਸੇ ਹੋਰ ਨੂੰ ਪਾਸ ਕਰਨਾ ਪਿਆ ਹੋਵੇ। ਨਵਾਬ ਦੇ ਸਹਿਮ ਅਤੇ ਸਖਤੀ ਦੇ ਬਾਵਜੂਦ ਭਾਈ ਮੋਤੀ ਰਾਮ ਮਹਿਰਾ ਨੇ ਭਾਰੀ ਜ਼ੋਖ਼ਮ ਉਠਾ ਕੇ ਇਨ੍ਹਾਂ ਨਿਰਭੈ ਅਤੇ ਨਿਰਵੈਰ ਕੈਦੀਆਂ ਦੀ ਦੁੱਧ-ਪਾਣੀ ਨਾਲ ਸੇਵਾ ਕੀਤੀ। ਇਸ ਦੇ

ਨਤੀਜੇ ਵਜੋਂ ਬਾਅਦ ਵਿਚ ਸ਼ਾਹੀ ਹੁਕਮ ਅਨੁਸਾਰ ਭਾਈ ਮੋਤੀ ਰਾਮ ਮਹਿਰਾ ਨੂੰ ਸਮੇਤ ਪਰਵਾਰ ਕੋਹਲੂ ਥਾਂਈ ਪੀੜ ਕੇ ਕੀਮਾ-ਕੀਮਾ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਸੱਚਮੁੱਚ ਹੀ ਉਹ ਸੱਚਾ ਮੋਤੀ ਸੀ, ਮਾਣਕ ਸੀ, ਹੀਰਾ ਸੀ ਅਤੇ ਗੁਰੂ ਕਾ ਲਾਲ ਸੀ, ਅਸਲ 'ਪੰਥ-ਰਤਨ' ਸੀ। ਦੂਜੇ ਦਿਨ ਸਾਹਿਬਜ਼ਾਦਿਆਂ ਦੀ ਸੂਬੇ ਦੀ ਕਚਿਹਰੀ ਵਿਚ ਪੇਸ਼ੀ ਸੀ। ਦਾਦੀ ਮਾਂ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਤੋਰਦਿਆਂ ਜੋ ਸਿੱਖਿਆ ਦ੍ਰਿੜ੍ਹ ਕਰਵਾਈ ਉਸ ਨੂੰ ਇਕ ਸ਼ਾਇਰ ਨੇ ਇਉਂ ਬਿਆਨ ਕੀਤਾ ਹੈ:

*ਪੁੱਜ ਕੇ ਕਚਹਿਰੀ ਜੈਕਾਰਾ ਗੱਜ ਕੇ "ਸਤਿ ਸ੍ਰੀ ਅਕਾਲ" ਦਾ ਗਜਾਇਓ!*
*ਡੋਲ ਜੇ ਹਿਮਾਲਾ ਪਰਬਤ ਭਾਵੇਂ, ਪਰ ਤੁਸੀਂ ਚਿਤ ਨਾ ਡੁਲਾਇਓ!*
*ਦਾਦੇ ਵਾਂਗੂ ਜਰਿਓ ਅਸਹਿ ਤਸੀਹੇ ਨਿੱਕੀ ਜਾਨ ਉੱਤੇ!*
*ਧੱਬਾ ਲੱਗ ਨ ਜਾਏ ਸਿੱਖੀ ਸ਼ਾਨ ਤੇ ਈਮਾਨ ਉੱਤੇ!*
*ਦਾਦੇ ਦੇ ਦਾਦੇ ਨੇ ਜਿਵੇਂ ਬੈਠ ਤੱਤੀ ਤੱਵੀ ਉੱਤੇ ਜਬਰੋ ਜ਼ੁਲਮ ਨੂੰ ਸੀ ਹਰਾਇਆ!*
*ਰੀਤ ਤੁਸਾਂ ਵੀ ਗੁਰੂ ਪੰਥ ਦੀ ਕਾਇਮ ਰੱਖਣੀ,*
*ਭਾਂਵੇਂ ਕਾਦਰ ਨੇ ਪਰਚਾ ਕਠਿਨ ਹੈ ਪਾਇਆ!*

ਸਾਰਾ ਗੁਰ-ਇਤਿਹਾਸ ਵਾਚਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ, ਗੁਰ-ਪਰਵਾਰਾਂ ਅਤੇ ਗੁਰਸਿੱਖਾਂ ਨੇ ਪੁਰਾਤਨ ਮਾਨਤਾਵਾਂ, ਕਥਾ-ਕਹਾਣੀਆਂ ਵਾਂਗ ਕਿਸੇ ਕਰਾਮਾਤ ਜਾਂ ਗੈਬੀ ਸ਼ਕਤੀ ਆਦਿ ਨਾਲ ਕੁਝ ਨਹੀਂ ਕੀਤਾ, ਸਗੋਂ ਸਾਰਾ ਜੀਵਨ ਅਕਾਲ ਪੁਰਖ ਦੇ ਭਾਣੇ ਵਿਚ ਅਟੁੱਟ ਵਿਸ਼ਵਾਸ ਨਾਲ ਪਰਬਤਾਂ ਵਾਂਗ ਅਹਿੱਲ ਰਹਿ ਕੇ ਸਾਰਿਆਂ ਸਮਿਆਂ ਦੇ ਸਾਰੇ ਵਿਅਕਤੀਆਂ ਲਈ ਉੱਚਤਮ ਅਧਿਆਤਮਿਕ ਅਤੇ ਸੰਸਾਰਕ ਜੀਵਨ-ਜੁਗਤ ਬਖ਼ਸ਼ਿਸ਼ ਕੀਤੀ ਹੈ। ਮਾਤਾ ਗੁਜਰੀ ਜੀ ਦਾ ਆਪਣੇ ਪੋਤਿਆਂ ਪ੍ਰਤੀ ਮੋਹ-ਪਿਆਰ ਅਤੇ ਲਾਡ ਵੀ ਹਰ ਦਾਦੀ ਵਾਂਗ ਹੀ ਹੈ, ਪਰੰਤੂ ਉਸ ਨੂੰ ਅਕਾਲ ਪੁਰਖ ਦੇ ਭਾਣੇ ਵਿਚ ਪੂਰਾ ਤੇ ਦ੍ਰਿੜ੍ਹ ਵਿਸ਼ਵਾਸ ਹੈ ਇਸੇ ਕਰਕੇ ਉਹ ਦੋਹਾਂ ਨੰਨ੍ਹੇ-ਨੰਨ੍ਹੇ ਪੋਤਰਿਆਂ ਪ੍ਰਤੀ ਆਪਣੀਆਂ ਰੀਝਾਂ ਪੂਰੀਆਂ ਕਰਦਿਆਂ ਦੁਨੀਆ ਦੀ ਸਭ ਤੋਂ ਵੱਡੀ ਕੁਰਬਾਨੀ ਦੇਣ ਲਈ ਗੁਰੂ-ਇਤਿਹਾਸ, ਗੁਰੂ-ਘਰ ਦੀ ਮਹਾਨ ਰੀਤ ਦਾਦੇ ਅਤੇ ਦਾਦੇ ਦੇ ਦਾਦੇ ਵੱਲੋਂ ਦਿੱਤੀਆਂ ਲਾਸਾਨੀ ਕੁਰਬਾਨੀਆਂ ਦ੍ਰਿੜ੍ਹ ਕਰਾਉਂਦੀ ਹੋਈ ਉਨ੍ਹਾਂ ਅੰਦਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋਣ ਦਾ ਅਹਿਸਾਸ ਵੀ ਦ੍ਰਿੜ੍ਹ ਕਰਵਾਉਂਦੀ ਹੈ। ਹਕੀਮ ਅਲਹ ਯਾਰ ਖਾਂ ਜੋਗੀ ਉਨ੍ਹਾਂ ਲਮ੍ਹਿਆਂ ਨੂੰ 'ਸ਼ਹੀਦਾਨਿ-ਵਫ਼ਾ' ਵਿਚ ਇਉਂ ਬਿਆਨ ਕਰਦੇ ਹਨ:

*ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ*
*ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋਂ ਲੂੰ*
*ਪ੍ਯਾਰੇ ਸਰੋਂ ਪ: ਨਨ੍ਹੀ ਸੀ ਕਲਗੀ ਸਜਾ ਤੋਂ ਲੂੰ*
*ਮਰਨੇ ਸੇ ਪਹਲੇ ਤੁਮ ਕੋ ਦੂਲ੍ਹਾ ਬਨਾ ਤੋਂ ਲੂੰ*

*ਰੋ ਰੋ ਕੇ ਮਾਤ ਗੁਜਰੀ ਨੇ ਆਰਾਸਤ ਕਿਯਾ*
*ਤੀਰੋ ਕਮਾਂ ਸੇ, ਤੇਗ ਸੇ ਪੈਰਾਸਤ ਕਿਯਾ*

ਸ਼ਹੀਦੀ ਪਾਉਣ ਲਈ ਜਾਲਮ ਸੂਬੇ ਦੀ ਕਚਿਹਰੀ ਨੂੰ ਜਿਸ ਸ਼ਾਨ-ਓ-ਸ਼ੌਕਤ ਅਤੇ ਦਿਲਾਵਰੀ ਨਾਲ ਗੁਰੂ ਕੇ ਦੁਲਾਰੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਗਏ ਉਸ ਅਦੁੱਤੀ ਅਤੇ ਅਜ਼ੀਮ ਸਥਿਤੀ ਬਾਰੇ ਮਸ਼ਹੂਰ ਸ਼ਾਇਰ ਫੈਜ਼ ਅਹਿਮਦ ਫੈਜ਼ ਦਾ ਸ਼ੇਅਰ ਬੜਾ ਢੁਕਵਾਂ ਹੈ:

*ਯਹ ਜਾਨ ਤੋਂ ਆਨੀ ਜਾਨੀ ਹੈ, ਇਸ ਕੀ ਤੋ ਕੋਈ ਬਾਤ ਨਹੀਂ।*
*ਜਿਸ ਧਜ ਸੇ ਕੋਈ ਮਕਤਲ ਮੇਂ ਗਯਾ, ਵਹ ਸ਼ਾਨ ਸਲਾਮਤ ਰਹਿਤੀ ਹੈ।*

ਜਦੋਂ ਬੱਚਿਆਂ ਨੂੰ ਸੂਬਾ-ਸਰਹੰਦ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਤਾਂ ਬੱਚਿਆਂ ਨੂੰ ਦੀਨ-ਮੁਹੰਮਦੀ ਕਬੂਲ ਕਰਨ ਲਈ ਲਾਲਚ ਦੇਣ ਤੇ ਡਰਾਉਣ-ਧਮਕਾਉਣ ਦੇ ਯਤਨ ਕੀਤੇ ਗਏ। ਉਨ੍ਹਾਂ ਨੂੰ ਝੂਠ ਵੀ ਬੋਲਿਆ ਗਿਆ ਕਿ ਤੁਹਾਡਾ ਪਿਤਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਮਾਰਿਆ ਗਿਆ ਹੈ, ਹੁਣ ਤੁਸੀਂ ਕਿੱਥੇ ਜਾਓਗੇ? ਸਾਬਿਜ਼ਾਦਿਆਂ ਨੇ ਸੂਬਾ-ਸਰਹੰਦ ਨੂੰ ਆਪਣਾ ਧਰਮ ਛੱਡਣ ਤੋਂ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਇਨਕਾਰ ਕਰ ਦਿੱਤਾ। ਇਕ ਸ਼ਾਇਰ ਦੀ ਜ਼ਬਾਨੀ ਬੱਚਿਆਂ ਨੇ ਅਜਿਹੇ ਜੁਆਬ ਦਿੱਤੇ:

*ਅਸੀਂ ਕਲਗੀਧਰ ਦੇ ਲਾਡਲੇ ਤੇ ਮਾਤਾ ਜੀਤੋ ਜੀ ਦੇ ਲਾਲ।*
*ਸਾਡੇ ਸ਼ੇਰਾਂ ਵਰਗੇ ਹੌਂਸਲੇ ਤੇ ਹਾਥੀਆਂ ਵਰਗੀ ਚਾਲ।*
*ਜੋ ਨਹੀਂ ਵੀ ਕਰਨਾ ਸੂਬਿਆ, ਉਹ ਵੀ ਕਰ ਲੈ ਸਾਡੇ ਨਾਲ।*
*ਕੋਈ ਬਦਲ ਸਕੇ ਨਾ ਸੂਬਿਆ, ਸਾਡਾ ਸਿੱਖੀ ਸਿੱਦਕ ਵੱਲੋਂ ਖਿਆਲ।*

ਵਜ਼ੀਰ ਖਾਨ ਨੇ ਕਾਜ਼ੀ ਕਮਾਲੁਦੀਨ ਅਤੇ ਕਾਜ਼ੀ ਸਲਾਹੁਦੀਨ ਦੀ ਰਾਇ ਲਈ ਕਿ ਇਨ੍ਹਾਂ ਸਾਹਿਬਜ਼ਾਦਿਆਂ ਨੂੰ ਕੀ ਸਜ਼ਾ ਦਿੱਤੀ ਜਾ ਸਕਦੀ ਹੈ? ਕਾਜ਼ੀਆਂ ਨੇ ਕਿਹਾ ਕਿ ਇਸਲਾਮੀ ਸ਼ਰ੍ਹਾ ਵਿਚ ਮਾਸੂਮ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਹੈ। ਸੂਬਾ-ਸਰਹੰਦ ਨੇ ਨਵਾਬ ਮਲੇਰਕੋਟਲਾ ਨੂੰ ਕਿਹਾ ਕਿ ਉਹ ਚਾਹੇ ਤਾਂ ਆਪਣੀ ਮਰਜ਼ੀ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਸਜ਼ਾ ਦੇ ਕੇ ਆਪਣੇ ਭਰਾ ਨਾਹਰ ਖਾਂ, ਜੋ ਗੁਰੂ ਜੀ ਹੱਥੋਂ ਚਮਕੌਰ ਦੀ ਜੰਗ ਵਿਚ ਮਾਰਿਆ ਗਿਆ ਸੀ, ਦਾ ਬਦਲਾ ਲੈ ਸਕਦਾ ਹੈ। ਨਵਾਬ ਮਲੇਰਕੋਟਲਾ ਮੁਹੰਮਦ ਸ਼ੇਰ ਖਾਨ ਨੇ ਸਾਫ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਮੇਰਾ ਭਰਾ ਜੰਗ ਵਿਚ ਮਾਰਿਆ ਗਿਆ ਹੈ। ਮੈਂ ਇਨ੍ਹਾਂ ਛੋਟੇ ਬੱਚਿਆਂ ਤੋਂ ਕੋਈ ਬਦਲਾ ਨਹੀਂ ਲੈਣਾ, ਸਗੋਂ ਮੈਦਾਨ-ਏ-ਜੰਗ ਵਿਚ ਇਨ੍ਹਾਂ ਦੇ ਪਿਤਾ ਸ੍ਰੀ (ਗੁਰੂ) ਗੋਬਿੰਦ ਸਿੰਘ (ਜੀ) ਪਾਸੋਂ ਹੀ ਬਦਲਾ ਲਵਾਂਗਾ। ਬੜੇ ਖ਼ੂਬਸੂਰਤ ਲਫਜਾਂ ਵਿਚ ਇਸ ਦ੍ਰਿਸ਼ ਨੂੰ ਸਾਕਾਰ ਕਰਦਿਆਂ ਅਲਹ ਯਾਰ ਖਾਂ ਜੋਗੀ ਲਿਖਦਾ ਹੈ:

*ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਬਾਪ ਸੇ*
*ਮਹਫੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ*

ਕਾਜ਼ੀਆਂ ਅਤੇ ਸ਼ੇਰ ਖਾਨ ਦੇ ਅਜਿਹੇ ਰਵੱਈਏ ਦੇ ਬਾਵਜੂਦ ਦੀਵਾਨ ਸੁੱਚਾ ਨੰਦ ਨੇ ਗੰਗੂ ਵਰਗਾ ਹੀ ਘਿਣਾਉਣਾ ਰਵੱਈਆ ਅਖ਼ਤਿਆਰ ਕੀਤਾ ਹੋਇਆ ਸੀ, ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ। ਉਹ ਆਪਣੀ ਕੁਰਸੀ ਨੂੰ ਹੋਰ ਪੱਕੀ ਕਰਨ ਹਿੱਤ ਮੁਗ਼ਲ ਸ਼ਾਸਨ ਨੂੰ ਖ਼ੁਸ਼ ਕਰਨ ਦਾ ਕੋਝਾ ਕੰਮ ਕਰ ਰਿਹਾ ਸੀ। ਇਤਿਹਾਸਿਕ ਹਵਾਲਿਆਂ ਅਨੁਸਾਰ ਉਸ ਨੇ ਇਕ ਸ਼ੈਤਾਨ ਵਾਂਗ ਸਾਹਿਬਜ਼ਾਦਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਉੱਤਰ ਤੋਂ ਉਨ੍ਹਾਂ ਨੂੰ ਸਰਕਾਰ ਦੇ ਬਾਗੀ ਸਿੱਧ ਕੀਤਾ ਜਾ ਸਕੇ। ਕਿਸੇ ਲੋਭ-ਲਾਲਚ, ਡਰ-ਭੈਅ, ਦੀਨ ਮੁਹੰਮਦੀ ਨੂੰ ਕਬੂਲਣ ਦੀ ਥਾਂ ਗੁਰੂ-ਪਰਵਾਰ ਦੀ ਰੀਤ ਤੇ ਸਿਧਾਂਤ ਅਨੁਸਾਰ ਸਾਹਿਬਜ਼ਾਦਿਆਂ ਨੇ ਠੋਕ ਕੇ ਜਵਾਬ ਦਿੱਤਾ— "ਹਮਰੇ ਵੰਸ ਰੀਤ ਇਮ ਆਈ। ਪ੍ਰਾਣ ਜਾਏਂ ਪਰ ਧਰਮ ਨ ਜਾਈ।" ਦੀਵਾਨ ਸੁੱਚਾ ਨੰਦ ਨੇ ਵਜ਼ੀਰ ਖਾਨ ਨੂੰ ਹੋਰ ਉਕਸਾਇਆ ਕਿ ਇਨ੍ਹਾਂ ਬੱਚਿਆਂ ਨੂੰ ਛੱਡਣਾ ਸਿਆਣਪ ਨਹੀਂ ਹੋਵੇਗੀ, ਕਿਉਂਕਿ ਇਹ ਬਾਗੀ ਪਿਤਾ ਦੇ ਬਾਗੀ ਪੁੱਤਰ ਹਨ ਅਤੇ ਵੱਡੇ ਹੋ ਕੇ ਇਹ ਵੀ ਮੁਗ਼ਲੀਆ ਸਲਤਨਤ ਲਈ ਖ਼ਤਰਾ ਹੀ ਬਣਨਗੇ। ਸੱਪ ਦੇ ਬੱਚੇ ਵੀ ਸੱਪ ਹੀ ਬਣਨਗੇ, ਇਨ੍ਹਾਂ ਦਾ ਸਿਰ ਭੰਨਣਾ ਹੀ ਯੋਗ ਹੈ। ਹਕੀਮ ਅਲਹ ਯਾਰ ਖਾਂ ਜੋਗੀ ਆਪਣੀ ਰਚਨਾ 'ਸ਼ਹੀਦਾਨਿ-ਵਫ਼ਾ' ਵਿਚ ਸੁੱਚਾ ਨੰਦ ਨੂੰ 'ਝੂਠਾ' ਕਹਿੰਦਿਆਂ ਉਸ ਵੱਲੋਂ ਨਿਭਾਏ ਨੀਚ ਕਿਰਦਾਰ ਬਾਰੇ ਇਉਂ ਬਿਆਨ ਕਰਦਾ ਹੈ:

*ਮਨਜ਼ੂਰ ਜਬ ਕਿ ਸਾਂਪ ਕਾ ਸਰ ਭੀ ਹੈ ਤੋੜਨਾ*
*ਬੇਜਾ ਹੈ ਫਿਰ ਤੋ ਬੱਚ:- ਏ-ਅਫ਼ਈ ਕੋ ਛੋੜਨਾ*
*ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨਾ*
*ਬੱਚੋਂ ਕੀ ਪਹਲੇ ਬਾਪ ਸੇ ਗਰਦਨ ਮਰੋੜਨਾ*

ਸ. ਦੂਨਾ ਸਿੰਘ ਹੰਢੂਰੀਆ ਵੀ ਵਜ਼ੀਰ ਖਾਨ ਨੂੰ ਉਕਸਾਉਣ ਲਈ ਸੁੱਚਾ ਨੰਦ ਵੱਲੋਂ ਨਿਭਾਏ ਅਜਿਹੇ ਕਿਰਦਾਰ ਬਾਰੇ ਆਪਣੀ ਰਚਨਾ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਇਉਂ ਲਿਖਦਾ ਹੈ:

*ਸਾਮੇ ਖ਼ੂਨ ਹਾਥ ਤੁਮ ਆਏ। ਵੇ ਛਲੀਏ ਛਲ ਗਏ ਸਿਧਾਏ।*
*ਉਨਕੇ ਬਦਲੇ ਅਬ ਤੁਮ ਲੀਜਹੁ। ਇਨ ਕੇ ਸੀਸ ਜੁਦੇ ਤੁਮ ਕੀਜਹੁ।*
*ਨੀਕੇ ਬਾਲਕ ਤੁਮ ਮਤ ਜਾਨਹੁ। ਨਾਗਹੁੰ ਕੇ ਇਹ ਪੂਤ ਬਖਾਨਓ।*
*ਤੁਮਰੇ ਹਾਥ ਆਜ ਯਹ ਆਏ। ਕਰਹੁ ਅਬੈ ਅਪਨੇ ਮਨ ਭਾਏ।*

ਸੁੱਚਾ ਨੰਦ ਦੀਆਂ ਉਕਸਾਊ ਤੇ ਭੜਕਾਊ ਦਲੀਲਾਂ ਨੂੰ ਸੁਣ ਕੇ ਵਜ਼ੀਰ ਖਾਨ, ਜੋ ਗੁਰੂ-ਘਰ ਦਾ ਪਹਿਲਾਂ ਹੀ ਕੱਟੜ ਵਿਰੋਧੀ ਸੀ, ਨੇ ਬੱਚਿਆਂ ਨੂੰ ਸਖ਼ਤ ਸਜ਼ਾ ਦੇਣ ਦਾ ਮਨ ਬਣਾ ਲਿਆ। ਸ. ਦੂਨਾ ਸਿੰਘ ਹੰਢੂਰੀਆ, ਜੋ ਸਤਿਗੁਰਾਂ ਦੇ ਕਾਫਲੇ ਦੇ ਨਾਲ ਹੀ ਰਿਹਾ ਅਤੇ ਸਾਰੇ ਹਾਲਾਤ ਦਾ ਚਸ਼ਮਦੀਦ ਗਵਾਹ ਸੀ, ਨਵਾਬ ਮਲੇਰਕੋਟਲਾ ਵੱਲੋਂ ਸੁੱਚਾ ਨੰਦ ਨੂੰ ਪਾਈ ਲਾਹਨਤ ਬਾਰੇ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਇਉਂ

ਲਿਖਦਾ ਹੈ:

*ਸ਼ੀਰਖੋਰ ਯਹਿ ਬਾਲ ਹੈਂ ਇਨ ਕੋ ਮਾਰਹੁ ਨਾਹਿ।*
*ਨੰਦ ਸੁ ਝੂਠੋ ਕੋ ਕਹਯੋ, ਜਾਤਿ ਤੁਮਾਰੀ ਆਹਿ।*
*ਤਥਾ:*
*ਕਢੀ ਪਠਾਣਹਿ ਹਾਹ, ਜੜਾਂ ਅਬੈ ਤੁਮ ਜਾਹਿਂ ਹੀ।*
*ਤਰਸ ਪਇਓ ਨਹੀਂ ਆਇ, ਝੂਠੇ ਕੋ ਐਸੇ ਕਹਯੋ।*

ਸੁੱਚਾ ਨੰਦ ਵੱਲੋਂ ਨਵਾਬ ਵਜ਼ੀਰ ਖਾਨ ਨੂੰ ਉਕਸਾਉਣ ਬਾਰੇ ਹਕੀਮ ਅਲਹ ਯਾਰ ਖਾਂ ਜੋਗੀ ਇਉਂ ਬਿਆਨ ਕਰਦਾ ਹੈ:

*ਕ਼ਯਾ ਖ਼ੂਬ ਹੈ ਨਵਾਬ ਭੀ ਬਾਤੋਂ ਮੇ ਆ ਗਏ।*
*ਉਸ ਬੁਤ-ਸ਼ਿਕਨ ਕੇ ਬੱਚੋਂ ਕੀ ਘਾਤੋਂ ਮੇ ਆ ਗਏ।*

ਉਹ ਉਸ ਬਦਬਖ਼ਤ ਸੁੱਚਾ ਨੰਦ ਵਜ਼ੀਰ ਖਾਂ ਨੂੰ ਘਟੀਆ ਤੇ ਨੀਚ ਲਹਿਜ਼ੇ ਨਾਲ ਕਹਿੰਦਾ ਹੈ:

*ਖੇਂਚੋ ਜ਼ੁਬਾਨੇਂ ਬਰ-ਸਰੇ-ਦਰਬਾਰ ਐਸੋਂ ਕੀ*
*ਮੇਰਾ ਜੋ ਬਸ ਚਲੇ ਹੈ ਸਜ਼ਾ ਦਾਰ ਐਸੋਂ ਕੀ*

ਕਾਜ਼ੀਆਂ ਤੋਂ ਫਿਰ ਪੁੱਛਿਆ ਗਿਆ। ਇਸ ਵਾਰ ਕਾਜ਼ੀਆਂ ਨੇ ਕੁਰਾਨ ਸ਼ਰੀਫ ਦੀਆਂ ਸਿੱਖਿਆਵਾਂ ਨੂੰ ਛਿੱਕੇ ਟੰਗ ਕੇ ਮਾਲਕਾਂ ਦੀ ਮਰਜ਼ੀ ਅਨੁਸਾਰ ਦੋਹਾਂ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਫਤਵਾ ਦੇ ਦਿੱਤਾ। ਧਰਮਾਂ ਦੇ ਅਜਿਹੇ ਅਖੌਤੀ ਠੇਕੇਦਾਰ - ਪੁਜਾਰੀ ਹਮੇਸ਼ਾਂ ਹੱਕ-ਸੱਚ ਅਤੇ ਮਜ਼ਲੂਮਾਂ ਨਾਲ ਖੜਨ ਦੀ ਥਾਂ ਰਾਜ-ਸ਼ਕਤੀ ਅਤੇ ਜ਼ੁਲਮੀ ਜਾਬਰ ਨਾਲ ਖੜੋ ਜਾਂਦੇ ਹਨ, ਆਪਣੀ ਜਾਨ ਦੇ ਖੌਅ ਅਤੇ ਨਿੱਜੀ ਲਾਭਾਂ ਕਾਰਨ। ਧਰਮਾਂ ਦੇ ਇਨ੍ਹਾਂ ਠੇਕੇਦਾਰਾਂ ਨੇ ਹੀ ਹਮੇਸ਼ਾਂ, ਧਰਮ ਨੂੰ ਵੱਟਾ ਲਾਇਆ ਹੈ। ਅਲਹ ਯਾਰ ਖਾਂ ਜੋਗੀ ਠੀਕ ਹੀ ਕਹਿੰਦਾ ਹੈ:

*ਸਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ*
*ਡਰਤਾ ਨਹੀਂ ਅਕਾਲ ਸ਼ਹਨਸ਼ਹ ਕੀ ਸ਼ਾਨ ਸੇ*

੧੩ ਪੋਹ, ੧੭੬੧ ਬਿਕ੍ਰਮੀ ਨੂੰ ਬੱਚਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਉਨ੍ਹਾਂ ਉੱਪਰ ਫਿਰ ਦੀਨ ਮੁਹੰਮਦੀ ਕਬੂਲਣ ਲਈ ਦਬਾਅ ਪਾਇਆ ਗਿਆ। ਸਾਹਿਬਜ਼ਾਦਿਆਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੂੰ ਦਾਦੀ ਮਾਂ ਮਾਤਾ ਗੁਜਰੀ ਜੀ ਵੱਲੋਂ ਦ੍ਰਿੜ੍ਹ ਕਰਵਾਇਆ ਉਪਦੇਸ਼ ਜਾਨ ਅਤੇ ਜਹਾਨ ਦੋਹਾਂ ਤੋਂ ਜ਼ਿਆਦਾ ਪਿਆਰਾ ਅਤੇ ਮਹੱਤਵਪੂਰਨ ਸੀ। ਉਨ੍ਹਾਂ ਦੇ ਸਿਰ 'ਤੇ ੧੦ ਪਾਤਸ਼ਾਹੀਆਂ ਦੇ ਮਹਾਨ ਕਾਰਜਾਂ ਦੀ ਜ਼ਿੰਮੇਵਾਰੀ ਦਾ ਭਾਰ ਆ ਪਿਆ ਸੀ ਤੇ ਉਹ ਇਸ ਨੂੰ ਹੇਠਾਂ ਨਹੀਂ ਸਨ ਡੇਗਣਾ ਚਾਹੁੰਦੇ। ਉਨ੍ਹਾਂ ਨੂੰ ਦਾਦੀ-ਮਾਂ ਵੱਲੋਂ ਦ੍ਰਿੜ੍ਹ ਕਰਾਇਆ ਸਬਕ "ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿੱਦਕ ਨਾ ਜਾਏ" ਅਤੇ ਧਰਮ ਹੇਤ ਸਾਕਾ ਕਰਨ ਅਤੇ ਸ਼ਹੀਦੀ ਪਾਉਣ ਵਾਲੇ ਸੂਰਮਿਆਂ ਲਈ ਭਗਤ ਕਬੀਰ ਜੀ ਵੱਲੋਂ ਦਿੱਤਾ ਅਦੁੱਤੀ ਸਿਧਾਂਤ, ਸੂਰਾ

*ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥* ਯਾਦ ਸੀ। ਭਾਈ ਦੁਨਾ ਸਿੰਘ ਹੰਢੂਰੀਆ ਸਾਹਿਬਜ਼ਾਦਿਆਂ ਦੀ ਸਿੱਦਕਦਿਲੀ, ਦ੍ਰਿੜ੍ਹਤਾ ਅਤੇ ਧਰਮ-ਪ੍ਰਸਤੀ ਦੀ ਭਾਵਨਾ ਬਾਰੇ ਇਸ ਤਰ੍ਹਾਂ ਲਿਖਦਾ ਹੈ:

*ਜੋਰਾਵਰ ਸਿੰਘ ਐਸੇ ਭਨੈ, ਕਿਉਂ ਭਾਈ! ਅਬ ਕਿਉਂ ਕਰ ਬਨੈ।*
*ਫਤੇ ਸਿੰਘ ਤਬ ਕਹਯੋ ਬਖਾਨ, 'ਦਸ ਪਾਤਸ਼ਾਹੀ ਹੋਵਹਿ ਹਾਨ'।*

ਇਨ੍ਹਾਂ ਮਹਾਨ ਨਿੱਕੀਆਂ ਜ਼ਿੰਦਾਂ ਦੀ ਜ਼ਿੰਦਾ-ਦਿਲੀ ਅਤੇ ਦੂਰ ਦ੍ਰਿਸ਼ਟੀ ਬਾਰੇ ਜੋਗੀ ਅਲਹ ਯਾਰ ਖਾਂ ਇਉਂ ਬਿਆਨ ਕਰਦਾ ਹੈ:

*ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ*
*ਸਰ ਕੌਮ ਸੇ ਬਚਾਨਾ ਯਿਹ ਗ਼ੈਰਤ ਸੇ ਦੂਰ ਥਾ*

ਫਿਰ ਇਨ੍ਹਾਂ ਕੋਮਲ ਤੇ ਮਲੂਕ ਜਿੰਦਾਂ ਨੂੰ ਕੰਧਾਂ ਵਿਚ ਚਿਣਿਆ ਜਾਣ ਲੱਗਾ। ਤਵਾਰੀਖ਼ ਆਖਦੀ ਹੈ ਕਿ ਜਦੋਂ ਕੰਧ ਮੋਢਿਆਂ ਤਕ ਆਈ ਤਾਂ ਡਿੱਗ ਪਈ ਸਾਹਿਬਜ਼ਾਦਿਆਂ ਦੇ ਫੁੱਲਾਂ ਵਰਗੇ ਸਰੀਰ ਇਸ ਚੋਟ ਨੂੰ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਸਨ।

ਹੁਣ ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਦਾ ਹੁਕਮ ਸੁਣਾਇਆ ਗਿਆ। ਸਮਾਣੇ ਦੇ ਦੋ ਜਲਾਦਾਂ— ਸੱਯਦ ਸ਼ਾਸਲ ਬੇਗ ਅਤੇ ਸੱਯਦ ਬਾਸ਼ਲ ਬੇਗ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਗੋਡਿਆਂ ਹੇਠ ਲੈ ਕੇ ਪਹਿਲਾਂ ਉਨ੍ਹਾਂ ਦੇ ਸੀਨੇ ਵਿਚ ਖੰਜਰ ਖੋਭੇ ਅਤੇ ਫਿਰ ਉਨ੍ਹਾਂ ਨੂੰ ਹੌਲੀ-ਹੌਲੀ ਜ਼ਿਬਹ ਕੀਤਾ ਗਿਆ। ਜਦੋਂ ਮਾਤਾ ਗੁਜਰੀ ਜੀ ਨੂੰ ਬੱਚਿਆਂ ਦੇ ਦਿਲਾਵਰੀ, ਸਿਦਕੀ ਅਤੇ ਸਿਰੜੀ ਕਿਰਦਾਰ ਅਤੇ ਧਰਮ ਵਿਚ ਪ੍ਰਪੱਕਤਾ ਨਾਲ ਰਹਿੰਦਿਆਂ ਸ਼ਹੀਦੀ ਪਾ ਜਾਣ ਦੀ ਖ਼ਬਰ ਮਿਲੀ, ਉਸ ਸਮੇਂ ਮਾਤਾ ਜੀ ਵੱਲੋਂ ਪ੍ਰਗਟਾਏ ਵਿਚਾਰ ਸ. ਦੂਨਾ ਸਿੰਘ ਹੰਢੂਰੀਆ ਇਉਂ ਬਿਆਨ ਕਰਦਾ ਹੈ:

*ਹੇ ਪੁਤ੍ਰ! ਐਸੀ ਤੁਮ ਕਰੀ। ਹੋ ਜੀਵਤ ਤੁਮ ਸੀਸ।*
*ਐਸੇ ਭਾਖਿ ਮੂਰਛਾ ਆਈ। ਘਰੀ ਚਾਰ ਸੁਧ ਫਿਰ ਨਾ।*

ਇਸ ਸ਼ਹੀਦੀ ਬਾਰੇ ਭਾਈ ਗੁਲਾਬ ਸਿੰਘ ਆਪਣੀ ਪੁਸਤਕ 'ਗੁਰੂ ਪ੍ਰਣਾਲੀ' ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਮਾਂ ਤਕਰੀਬਨ ਸਵੇਰੇ ੯:੪੫ ਤੋਂ ੧੧ ਵਜੇ ਤਕ ਦਾ ਲਿਖਦਾ ਹੈ। ਆਪ ਅਨੁਸਾਰ "ਸਵਾ ਪਹਰ ਦਿਨ ਚੜ੍ਹੇ ਕਾਮ ਭਯ ਹੈ।" ਭਾਈ ਦੂਨਾ ਸਿੰਘ ਹੰਢੂਰੀਆ 'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਲਿਖਦਾ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੇ ਸੀਸ ਕਟਾਰ ਨਾਲ ਧੜ ਤੋਂ ਜੁਦਾ ਕਰਨ ਤੋਂ ਪਹਿਲਾਂ ਜਾਲਮਾਂ ਨੇ ਉਨ੍ਹਾਂ ਮਸੂਮਾਂ ਨੂੰ ਚਾਬਕਾਂ ਤੇ ਕੋਰੜੇ ਵੀ ਮਾਰੇ ਸਨ ਅਤੇ ਲਹੂ-ਲੁਹਾਨ ਕਰ ਦਿੱਤਾ ਸੀ। ਉਹ ਲਿਖਦਾ ਹੈ:

*ਖਮਚੀ ਜੁ ਲਗੈ ਤਬੇ ਦੁਖ ਦੇਵਨੰ।*
*ਏਹ ਸੁ ਬਾਲਕ ਫੂਲ! ਧੂਪ ਨਹਿ ਖੇਵਨੰ।*
*ਤਬ ਮਲੇਰੀਏ ਕਹਿਯੋ: ਜੜਾਂ ਤੁਮ ਜਾਂਹਿ ਹੀ।*

*ਇਹ ਮਾਸੂਮ ਹੈਂ ਬਾਲ ਦੁਖਾਵਹੁ ਨਾਹਿ ਹੀ।*

ਭਾਈ ਦੂਨਾ ਸਿੰਘ ਹੰਢੂਰੀਆ ਦਰਿੰਦਿਆਂ ਦੀ ਦਰਿੰਦਗੀ ਨੂੰ ਹੋਰ ਬਿਆਨ ਕਰਦਿਆਂ ਲਿਖਦਾ ਹੈ ਕਿ ਫਿਰ ਦੋਹਾਂ ਮਸੂਮਾਂ- ਗੁਰੂ ਕੇ ਲਾਲਾਂ- ਨੂੰ ਰੱਸੇ ਨਾਲ ਪਿੱਪਲ ਦੇ ਦਰਖੱਤ ਨਾਲ ਨੂੜ ਲਿਆ ਅਤੇ ਗੁਲੇਲਿਆਂ ਨਾਲ ਨਿਸ਼ਾਨੇ ਸੇਧੇ ਗਏ ਅਤੇ ਬੱਚਿਆਂ ਨੂੰ ਹੋਰ ਲਹੂ-ਲੁਹਾਨ ਕਰ ਦਿੱਤਾ। ਉਹ ਲਿਖਦਾ ਹੈ:

*ਜਬ ਦੁਸਟੀਂ ਐਸੇ ਦੁਖ ਪਾਏ। ਬਹੁਰੋ ਫੇਰ ਸੀਸ ਕਢਵਾਏ।*
*ਰਜ਼ ਕੋ ਪਾਇ ਪੀਪਲਹ ਬਾਂਧੇ। ਦੁਸਟ ਗੁਲੇਲੇ ਤੀਰ ਸੁ ਸਾਂਧੇ।*

ਇੱਥੇ ਖਮਚੀ ਦਾ ਅਰਥ ਹੈ ਚਾਬਕ-ਕੋਰੜੇ ਅਤੇ ਰਜ਼ ਦਾ ਅਰਥ ਹੈ ਰੱਸਾ ਭਾਵ ਪਹਿਲਾਂ ਸਾਹਿਬਜ਼ਾਦਿਆਂ ਨੂੰ ਕੋਰੜੇ ਮਾਰੇ ਗਏ ਫਿਰ ਰੱਸੇ ਨਾਲ ਪਿੱਪਲ ਦੇ ਦਰੱਖਤ ਨਾਲ ਬੰਨ੍ਹ ਕੇ ਗੁਲੇਲਾਂ ਨਾਲ ਨਿਸ਼ਾਨੇ ਲਗਾਏ ਅਤੇ ਉਨ੍ਹਾਂ ਮਸੂਮ ਜਿੰਦਾਂ ਨੂੰ ਬਹੁਤ ਤੜਫਾਇਆ ਗਿਆ। ਸਾਹਿਬਜ਼ਾਦਿਆਂ ਨੂੰ ਤੜਫਦੇ ਦੇਖ ਕੇ ਨਵਾਬ ਮਲੇਰਕੋਟਲੇ ਨੇ ਫਿਰ ਲਾਹਨਤ ਪਾਉਂਦਿਆਂ ਸੂਬਾ-ਸਰਹੰਦ ਨੂੰ ਕਿਹਾ ਕਿ ਇਸ ਜੁਲਮ ਕਾਰਨ ਹੀ ਤੁਹਾਡੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ:

*ਬਹੁਰੋ ਫੇਰ ਪਠਾਣ ਨੇ, ਲਾਨ੍ਹਤ ਕਹਯੋ ਸੁਨਾਇ।*
*ਜੜਾਂ ਤੁਮਾਰੀ ਜਾਤ ਹੈਂ, ਊਚੇ ਕੂਕਯੋ ਆਇ।*

(ਹੱਥ ਲਿਖਤ ਖਰੜਾ ਨੰ:੬੦੪੫, ਸਿੱਖ ਰੈਫਰੈਂਸ ਲਾਇਬ੍ਰੇਰੀ)

ਇਨ੍ਹਾਂ ਸ਼ੀਰਖੋਰ ਬੱਚਿਆਂ ਦੀ ਸ਼ਹੀਦੀ ਨੂੰ ਇਸਲਾਮੀ ਸ਼ਰ੍ਹਾ ਤੋਂ ਉਲਟ ਦੱਸਦਿਆਂ ਅਲਹ ਯਾਰ ਖਾਂ ਜੋਗੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਲਾਹਨਤ ਪਾਉਂਦਾ ਹੋਇਆ ਲਿਖਦਾ ਹੈ:

*ਮਜ਼ਹਬ ਕੋ ਪਾਤਸ਼ਾਹ ਨੇ ਬੱਟਾ ਲਗਾ ਦਿਯਾ*
*ਹਮ ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦਿਯਾ*

ਇਸ ਅਲੌਕਿਕ ਅਤੇ ਲਾਮਿਸਾਲ ਸ਼ਹੀਦੀ ਨੇ ਭਾਰਤ ਦੇ ਇਤਿਹਾਸ ਦਾ ਵਹਿਣ ਹੀ ਮੋੜ ਦਿੱਤਾ ਅਤੇ ਦੁਨੀਆ ਨੂੰ ਅਸਚਰਜਤਾ ਵਿਚ ਪਾ ਦਿੱਤਾ। ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਟ ਕਰ ਕੇ ਸਿੱਖ ਕੌਮ ਅਤੇ ਭਾਰਤ ਦੇ ਸੀਸ ਨੂੰ ਉੱਚਾ ਕਰ ਦਿੱਤਾ। ਅਲਹ ਯਾਰ ਖਾਂ ਜੋਗੀ ਵੱਡਾ ਸਾਕਾ ਕਰਨ ਵਾਲੀਆਂ ਮਹਾਨ ਨਿੱਕੀਆਂ ਜਿੰਦਾਂ ਦੇ ਵਿਚਾਰ ਆਪਣੇ ਸ਼ਬਦਾਂ ਵਿਚ ਬੜੀ ਸੱਚਾਈ ਅਤੇ ਖ਼ੂਬਸੂਰਤੀ ਨਾਲ ਇਸ ਤਰ੍ਹਾਂ ਪੇਸ਼ ਕਰਦਾ ਹੈ:

*ਹਮ ਜਾਨ ਦੇ ਕਰ ਔਰੋਂ ਕੀ ਜਾਨੇਂ ਬਚਾ ਚਲੇ।*
*ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ।*
*ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।*
*ਸਿੰਘੋਂ ਕੀ ਸਲਤਨਤ ਕਾ ਹੈ ਪੌਦ: ਲਗਾ ਚਲੇ।*
*ਗੱਦੀ ਸੇ ਤਾਜੋ ਤਖਤ ਬਸ ਅਬ ਕੌਮ ਪਾਏਗੀ।*

*ਦੁਨੀਆ ਸੇ ਜ਼ਾਲਿਮ ਕਾ ਨਿਸ਼ਾਂ ਤਕ ਮਿਟਾਏਗੀ।*

ਸਾਹਿਬਜ਼ਾਦਿਆਂ ਦੀ ਸ਼ਹੀਦੀ ਮਹਿਜ਼ ਸ਼ਹੀਦੀ ਹੀ ਨਹੀਂ, ਸਗੋਂ ਇਸ ਤੋਂ ਵੀ ਬਹੁਤ ਵੱਧ ਸੀ। ਇਸ ਨੂੰ ਬਿਆਨ ਕਰਦਿਆਂ ਅਤੇ ਉਸ ਘੋਰ ਜੁਲਮੀ ਹਾਲਾਤ ਨੂੰ ਆਪਣੇ ਧੁਰ ਹਿਰਦੇ ਵਿਚ ਅਨੁਭਵ ਕਰਦਿਆਂ ਛਾਤੀ ਪਾਟਦੀ ਹੈ, ਕਲੇਜਾ ਮੂੰਹ ਨੂੰ ਆਉਂਦਾ ਹੈ ਅਤੇ ਆਤਮਾ ਕੰਬ ਉੱਠਦੀ ਹੈ। ਉਨ੍ਹਾਂ ਨੂੰ ਵੱਡੇ-ਵੱਡੇ ਲਾਲਚ ਦੇ ਕੇ ਮਾਨਸਿਕ ਤੌਰ 'ਤੇ ਭਰਮਾਉਣ ਅਤੇ ਡੁਲਾਉਣ ਦਾ ਯਤਨ ਕੀਤਾ ਗਿਆ ਸੀ। ਕਈ ਵਾਰ ਮੌਤ ਦੇ ਭੈ ਵਿੱਚੋਂ ਲੰਘਾਇਆ ਗਿਆ ਸੀ ਅਤੇ ਤੜਫਾ-ਤੜਫਾ ਕੇ ਸ਼ਹੀਦ ਕੀਤਾ ਗਿਆ ਸੀ। ਇਹ ਸਾਰਾ ਤਸ਼ੱਦਦ ਅਤੇ ਅਸਹਿ ਤੇ ਅਕਹਿ ਜ਼ਬਰ-ਓ-ਜੁਲਮ ਉਨ੍ਹਾਂ ਨਿੱਕੀਆਂ ਜਿੰਦਾਂ ਨੇ ਅਡੋਲ ਅਤੇ ਅਹਿੱਲ ਰਹਿੰਦਿਆਂ ਪੂਰੇ ਸਿੱਦਕ ਅਤੇ ਦ੍ਰਿੜ੍ਹਤਾ ਨਾਲ ਕਿਵੇਂ ਬਰਦਾਸ਼ਤ ਕੀਤਾ ਹੋਵੇਗਾ, ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਨੇ ਜ਼ਬਰ ਅਤੇ ਅੱਤਿਆਚਾਰ ਦਾ ਮੂੰਹ ਸਬਰ ਅਤੇ ਸਤਿਆਚਾਰ ਨਾਲ ਮੋੜ ਕੇ ਦਸਾਂ ਪਾਤਸ਼ਾਹੀਆਂ, ਦੇਸ਼ ਅਤੇ ਕੌਮ ਦੀ ਸ਼ਾਨ ਨੂੰ ਕਾਇਮ ਹੀ ਨਹੀਂ ਰੱਖਿਆ, ਸਗੋਂ ਹੋਰ ਵੀ ਉੱਚਾ ਚੁੱਕਿਆ ਅਤੇ ਖਾਲਸਾ ਪੰਥ ਨੂੰ ਲਾਸਾਨੀ ਅਤੇ ਇਤਿਹਾਸਿਕ ਫਤਿਹ ਦਿਵਾਈ। ਨਿਰਸੰਦੇਹ ਉਨ੍ਹਾਂ ਜਿੰਦਾਂ ਦੀ ਅਦੁੱਤੀ ਅਤੇ ਲਾਸਾਨੀ ਕੁਰਬਾਨੀ ਅਤੇ ਸ਼ਹੀਦੀ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਵਾਕ, '*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥*' ਪੂਰਾ-ਪੂਰਾ ਢੁੱਕਦਾ ਹੈ। ਨਿਸ਼ਚੇ ਹੀ ਇਹ ਮਹਾਨ ਸ਼ਹੀਦੀ ਅੱਤਿਆਚਾਰ ਉੱਤੇ ਸਤਿਆਚਾਰ ਦੀ ਲਾਸਾਨੀ ਜਿੱਤ ਸੀ ਅਤੇ 'ਬਾਬੇਕਿਆਂ ਅਤੇ ਬਾਬਰਕਿਆਂ' ਵਿਚਕਾਰ ਲੰਮੇ ਖ਼ੂਨੀ ਸੰਘਰਸ਼ ਦਾ ਸ਼ਿਖ਼ਰ ਸੀ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਵਜ਼ੀਰ ਖਾਨ ਦੀ ਬੇਗਮ ਜੈਨੁਬਨਿਸਾਂ ਅਰਥਾਤ ਜੈਨਾ ਬੇਗਮ, ਜੋ ਸ਼ੁਰੂ ਤੋਂ ਹੀ ਵਜ਼ੀਰ ਖਾਨ ਨੂੰ ਸਾਹਿਬਜ਼ਾਦਿਆਂ ਨੂੰ ਤੰਗ-ਪ੍ਰੇਸ਼ਾਨ ਕਰਨ ਅਤੇ ਸਜ਼ਾ ਦੇਣ ਤੋਂ ਬਾਦਸਤੂਰ ਵਰਜਦੀ ਰਹੀ ਸੀ, ਨੇ ਇਸ ਜੁਲਮ ਦਾ ਸਖਤ ਵਿਰੋਧ ਕਰਦਿਆਂ ਅਤੇ ਇਸ ਉਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਵਜ਼ੀਰ ਖਾਨ ਦਾ ਸ਼ਾਹੀ ਲਿਬਾਸ ਫਾੜ ਦਿੱਤਾ ਅਤੇ ਆਪਣੇ ਸੀਨੇ ਵਿਚ ਖੰਜਰ ਖੋਭ ਕੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਸ ਸ਼ਹੀਦੀ ਸਬੰਧੀ ਅਲਾਮਾ ਇਕਬਾਲ ਮੁਗ਼ਲ ਤਾਨਾਸ਼ਾਹ ਅਤੇ ਦੀਨ-ਏ-ਮੁਹੰਮਦੀ ਦੇ ਠੇਕੇਦਾਰਾਂ ਨੂੰ ਇਉਂ ਫਿਟਕਾਰ ਪਾਉਂਦਿਆਂ ਲਿਖਦਾ ਹੈ:

*ਕਤਲ-ਏ-ਮਾਸੂਮ ਕਰਤੇ ਹੋ ਔਰ ਇਨਸਾਫ-ਏ-ਖ਼ੁਦਾ ਕਹਤੇ ਹੋ।*
*ਕਿਆ ਇਸੀ ਕੋ ਦੀਨ-ਏ-ਮੁਹੰਮਦ ਕਹਤੇ ਹੋ ?*

ਅਲਹ ਯਾਰ ਖਾਂ ਜੋਗੀ ਬਾਦਸ਼ਾਹ ਔਰੰਗਜ਼ੇਬ ਦੇ ਧਰਮ ਦੇ ਮੁਖੌਟੇ ਹੇਠ ਛੁਪੇ ਅਸਲੀ ਕਿਰਦਾਰ-ਚਿਹਰੇ ਨੂੰ ਬੇਨਕਾਬ ਕਰਦਾ ਹੈ। ਉਹ ਲਿਖਦਾ ਹੈ ਕਿ ਔਰੰਗਜ਼ੇਬ ਨੇ ਆਪਣੇ ਪਿਤਾ ਨੂੰ ਕੈਦ ਕਰ ਕੇ ਆਪਣੇ ਭਰਾਵਾਂ ਦਾਰਾ ਸ਼ਿਕੋਹ ਅਤੇ ਮੁਰਾਦ ਨੂੰ ਧੋਖੇ

ਨਾਲ ਮਾਰ ਕੇ ਤਖਤ ਉੱਤੇ ਜਬਰੀ ਕਬਜ਼ਾ ਕੀਤਾ ਹੈ। ਅਜਿਹਾ ਕੱਟੜਪੰਥੀ ਜਾਲਮ ਅਤੇ ਦੁਸ਼ਟ ਧਰਮੀ ਅਖਵਾਉਣ ਦਾ ਹੱਕਦਾਰ ਨਹੀਂ ਹੋ ਸਕਦਾ:

*ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਜੋ ਕੈਦ ਹੋ।*
*ਮਰਨਾ ਪਿਤਾ ਕਾ ਜਿਸ ਕੋ ਖੁਸ਼ੀ ਕੀ ਨਵੈਦ ਹੋ।*
*ਕਤਲੇ ਬਰਾਦਰਾਂ ਜਿਸੇ ਮਅਮੂਲੀ ਸੈਦ ਹੋ।*
*ਨੇਕੀ ਕੀ ਇਸ ਸੇ ਖ਼ਲਕ ਕੋ ਫਿਰ ਕਯਾ ਉਮੈਦ ਹੋ।*
(ਇੱਥੇ ਨਵੈਦ ਤੋਂ ਭਾਵ ਹੈ ਖੁਸ਼ਖਬਰੀ)

ਡਾ. ਪ੍ਰੋ. ਹਰਬੰਸ ਸਿੰਘ ਅਨੁਸਾਰ, "They (sahibzadas) were slain in the order of their ages by the word of a ghlzzai executioner) ਭਾਵ ਜ਼ੱਲਾਦ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ। ਸਿੱਖ ਵਿਦਵਾਨ ਡਾ. ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਉਂ ਦਰਜ ਕਰਦੇ ਹਨ— "ਦੇ ਗੋਡੇ ਹੇਠ ਕਰ ਜਿਬਹ ਡਾਰੇ, ਤੜਫ ਤੜਫ ਗਈ ਜਿੰਦ ਉਡਾਇ।" ਇਸੇ ਤਰ੍ਹਾਂ ਇਕ ਹੋਰ ਸ਼ਾਇਰ ਸੂਬਾ-ਸਰਹੰਦ ਵੱਲੋਂ ਕੀਤੇ ਘਿਨਾਉਣੇ ਜੁਰਮ ਅਤੇ ਪਾਪ ਬਾਰੇ ਲਿਖਦੇ ਹਨ— "ਯਹ ਦੌਰ ਭੀ ਦੇਖਾ ਹੈ, ਤਾਰੀਖ ਕੀ ਨਜ਼ਰੋਂ ਨੇ, ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈਂ।"

ਨਿਸ਼ਚੇ ਹੀ ਸੋਹਲ ਕਲੀਆਂ ਵਰਗੇ ਸਾਹਿਬਜ਼ਾਦਿਆਂ ਦੀ ਦਰਦਨਾਕ ਅਤੇ ਰੌਂਗਟੇ ਖੜੇ ਕਰ ਦੇਣ ਵਾਲੀ ਇਤਿਹਾਸਿਕ ਅਤੇ ਅਦੁੱਤੀ ਸ਼ਹੀਦੀ ਨੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ। ਮਸੂਮ ਅਤੇ ਕੋਮਲ ਫੁੱਲਾਂ ਵਰਗੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਸਿੱਖ ਮਾਨਸਿਕਤਾ ਉੱਤੇ ਇਤਨੇ ਡੂੰਘੇ ਜ਼ਖ਼ਮ ਕਰ ਦਿੱਤੇ ਜੋ ਸਮਾਂ ਬੀਤਣ ਨਾਲ ਨਸੂਰ ਬਣ ਗਏ। ਉਨ੍ਹਾਂ ਵਿੱਚੋਂ ਹਮੇਸ਼ਾਂ ਹੀ ਕੌਮ ਦੇ 'ਧੁਰ ਅੰਤਰ-ਆਤਮੇ' ਤੋਂ ਚੀਸ ਨਿਕਲਦੀ ਰਹਿੰਦੀ ਹੈ। ਉਸ ਚੀਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਸ਼ਬਦ— *ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ* ਰਾਹੀਂ ਹੀ ਬਿਆਨ ਕੀਤਾ ਜਾ ਸਕਦਾ ਹੈ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਇਸ ਮਕਸਦ ਨਾਲ ਸ਼ਹੀਦ ਕੀਤਾ ਗਿਆ ਸੀ ਕਿ ਗੁਰਮਤਿ ਦਾ ਦੀਪਕ ਇਸ ਜਗਤ ਵਿੱਚੋਂ ਹਮੇਸ਼ਾ ਲਈ ਬੁਝ ਜਾਵੇਗਾ ਅਤੇ ਭਾਰਤ ਨੂੰ ਮੁਕੰਮਲ ਰੂਪ ਵਿਚ ਇਸਲਾਮੀ ਦੇਸ਼ ਬਣਾਉਣ ਦਾ ਰਸਤਾ ਖੁੱਲ੍ਹ ਜਾਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਗੁਰਮਤਿ ਦੀ ਅਖੰਡ ਜੋਤੀ ਤਾਂ ਖਾਲਸੇ ਦੇ ਦਿਲਾਂ ਵਿਚ ਪ੍ਰਵੇਸ਼ ਕਰ ਗਈ ਸੀ। ਗੁਰੂ-ਜੋਤ ਰੂਪ ਵਿਚ ਖਾਲਸੇ ਦੇ ਹਮੇਸ਼ਾਂ ਹੀ ਅੰਗ-ਸੰਗ ਸੀ। ਸ਼ਹੀਦੀ ਉਪਰੰਤ ਪ੍ਰਚੰਡ ਹੋਈ ਇਸ ਜੋਤੀ ਨੇ ਉੱਤਰੀ ਭਾਰਤ ਵਿਚ ਭਾਂਬੜ ਬਾਲ ਦਿੱਤੇ। ਸਿੰਘ ਨਾਦ ਗੂੰਜ ਉੱਠਿਆ। ਮੁਗ਼ਲੀਆ ਸਲਤਨਤ ਕੰਬ ਉੱਠੀ ਅਤੇ ਅੰਤ ਨੂੰ ਤਬਾਹ ਹੋ ਗਈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸੰਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਦੀਨੇ ਕਾਂਗੜ ਦੀ ਧਰਤੀ ਤੋਂ ਲਿਖੇ

ਅਤੇ ਭੇਜੇ ਜ਼ਫ਼ਰਨਾਮੇ ਵਿਚ ਲਿਖਿਆ ਸੀ ਕਿ, "ਕੀ ਹੋਇਆ ਜੇ ਮੇਰੇ ਤੂੰ ਚਾਰ ਬੱਚੇ ਮਾਰ ਦਿੱਤੇ ਹਨ। ਮੇਰਾ ਪੰਜਵਾਂ ਨਾਦੀ ਪੁੱਤਰ ਖ਼ਾਲਸਾ ਤਾਂ ਅਜੇ ਜ਼ਿੰਦਾ ਹੈ। ਉਹ ਤੇਰੀ ਜਾਬਰ ਅਤੇ ਜੁਲਮੀ ਸਲਤਨਤ ਨੂੰ ਨੇਸ਼ਤ-ਓ-ਨਾਬੂਦ ਕਰਨ ਦੇ ਸਮਰੱਥ ਹੈ।" ਸ਼ਾਇਦ ਹੀ ਦੁਨੀਆ ਦੇ ਕਿਸੇ ਰਹਿਬਰ ਨੇ ਆਪਣੇ ਪੈਰੋਕਾਰਾਂ ਉੱਤੇ ਇਤਨਾ ਵੱਡਾ ਵਿਸ਼ਵਾਸ ਪ੍ਰਗਟ ਕੀਤਾ ਹੋਵੇ। ਗੁਰੂ ਜੀ ਇਉਂ ਫੁਰਮਾਉਂਦੇ ਹਨ:

*ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਹ ਚਾਰ।*
*ਕਿ ਬਾਕੀ ਬਿਮਾਂਦਾ ਪੇਚੀਦਹ ਮਾਰ।* (ਦਸਮ ਗ੍ਰੰਥ)

ਸਾਹਿਬਜ਼ਾਦਿਆਂ ਨੇ ਗੁਰੂ-ਘਰ ਦੇ ਮਹਾਨ ਉਦੇਸ਼ਾਂ ਦੀ ਪੂਰਤੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਵਕਤ ਦੀ ਹੈਰਤਅੰਗੇਜ਼ੀ ਅਤੇ ਰਾਜਸੀ ਸ਼ਕਤੀ ਦੀ ਦਰਿੰਦਗੀ ਦੀ ਇਨਤਿਹਾ ਹੈ ਕਿ ਸੂਬਾ-ਸਰਹੰਦ ਨੇ ਇਨ੍ਹਾਂ ਸ਼ਹੀਦਾਂ ਦਾ ਸਸਕਾਰ ਕਰਨ ਲਈ ਜਗ੍ਹਾ ਦੇਣ ਲਈ ਵੀ ਸ਼ਰਤ ਰੱਖ ਦਿੱਤੀ, ਜਿਸ ਅਨੁਸਾਰ ਸੂਬਾ-ਸਰਹਿੰਦ ਦੇ ਅਹਿਲਕਾਰ ਪਰੰਤੂ ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਦੀਵਾਨ ਟੋਡਰ ਮੱਲ ਨੇ ਆਪਣੀ ਘਰ ਵਾਲੀ ਦੇ ਜੇਵਰਾਤ ਵੇਚ ਕੇ ਧਨ ਇਕੱਠਾ ਕਰ ਕੇ ਖੜੀਆਂ ਅਸ਼ਰਫ਼ੀਆਂ ਰੱਖ ਕੇ ਸਸਕਾਰ ਲਈ ਜ਼ਮੀਨ ਖਰੀਦੀ ਅਤੇ ਤਿੰਨਾਂ ਸ਼ਹੀਦਾਂ ਦਾ ਖਾਲਸਈ ਰਵਾਇਤਾਂ ਅਨੁਸਾਰ ਸਸਕਾਰ ਕਰ ਦਿੱਤਾ। ਇੱਥੇ ਅੱਜਕੱਲ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।

ਬਿਨਾ ਸ਼ੱਕ ਦੀਵਾਨ ਟੋਡਰ ਮੱਲ ਪੰਥ ਦਾ ਅਨਮੋਲ ਹੀਰਾ ਸੀ, ਗੁਰੂ-ਘਰ ਦਾ ਅਨਿੰਨ ਸੇਵਕ ਸੀ, ਰੱਬ ਦਾ ਪਿਆਰਾ ਸੀ, ਹੱਕ ਅਤੇ ਸੱਚ ਦਾ ਅਸਲ ਪਹਿਰੇਦਾਰ ਸੀ। ਕਿਸੇ ਸ਼ਾਇਰ ਨੇ ਐਸੀ ਮਹਾਨ ਅਤੇ ਅਦੁੱਤੀ ਕੁਰਬਾਨੀ ਅਤੇ ਨਤੀਜੇ ਵਜੋਂ ਉਸ ਤੋਂ ਨਿਕਲਣ ਵਾਲੇ ਨਤੀਜਿਆਂ ਬਾਰੇ ਠੀਕ ਹੀ ਲਿਖਿਆ ਹੈ:

*ਜਦ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ।*
*ਰੰਬੀਆਂ ਨਾਲ ਖੋਪਰ ਲਹਿੰਦੇ ਜਦ, ਤਸਵੀਰ ਬਦਲਦੀ ਕੌਮਾਂ ਦੀ।*
*ਜਦੋਂ ਚਰਬੀ ਢਲੇ ਸ਼ਹੀਦਾਂ ਦੀ, ਰੂਹਾਂ ਵਿਚ ਚਾਨਣ ਹੋ ਜਾਵੇ।*
*ਜਦੋਂ ਉਸਰੇ ਕੰਧ ਮਾਸੂਮਾਂ ਦੀ, ਡਿੱਗੀ ਹੋਈ ਕੌਮ ਖਲੋ ਜਾਵੇ।*

ਜਗ ਜਾਣਦਾ ਹੈ ਕਿ ੩੦ ਮਾਰਚ, ੧੬੯੯ ਈ. ਨੂੰ ਦਸਮੇਸ਼ ਪਿਤਾ ਵੱਲੋਂ ਸਾਜੇ, ਨਿਵਾਜੇ, ਸਿਰਜੇ ਅਤੇ ਸੰਵਾਰੇ ਖਾਲਸਾ-ਪੰਥ ਨੇ ਬਹੁਤ ਥੋੜੇ ਸਮੇਂ ਵਿਚ ਭਾਰਤ ਅੰਦਰ ਇਕ ਸੰਪੂਰਨ ਇਨਕਲਾਬ (ਧਾਰਮਿਕ, ਆਰਥਿਕ, ਸਮਾਜਿਕ ਅਤੇ ਰਾਜਨੀਤਕ) ਲਿਆਂਦਾ। ਜਿਨ੍ਹਾਂ ਪਾਸ ਧਰਮ ਨਹੀਂ ਸੀ, ਹੱਕ ਨਹੀਂ ਸੀ, ਰਾਜ-ਭਾਗ ਨਹੀਂ ਸੀ, ਮਾਣ-ਸਨਮਾਨ ਤੇ ਸਤਿਕਾਰ ਨਹੀਂ ਸੀ। ਜਿਨ੍ਹਾਂ ਨੂੰ ਹਥਿਆਰ ਚੁੱਕਣ ਅਤੇ ਘੋੜ-ਸਵਾਰੀ ਕਰਨ ਦਾ ਅਧਿਕਾਰ ਨਹੀਂ ਸੀ। ਉਹ ਅਜਿਹੀ ਤਰਸਯੋਗ ਅਤੇ ਦਰਦ ਭਰਪੂਰ ਜ਼ਿੰਦਗੀ ਬਤੀਤ ਕਰਨ ਵਾਲੇ ਹੁਣ ਬਾਦਸ਼ਾਹ, ਸਰਦਾਰ, ਸਿਪਾਹਸਲਾਰ, ਮਾਲਕ ਅਤੇ ਮਹਾਨ ਯੋਧੇ-ਸੂਰਮੇ ਬਣ ਗਏ। ਉਨ੍ਹਾਂ ਉੱਤੇ ਸਦੀਆਂ ਤੋਂ ਅਸਹਿ ਅਤੇ

ਅਕਹਿ ਜਬਰ, ਜੁਲਮ, ਧੱਕਾ, ਬੇਇਨਸਾਫੀ, ਲੁੱਟਣ, ਕੁੱਟਣ ਅਤੇ ਬੇਪਤ ਕਰਨ ਵਾਲੇ ਉਨ੍ਹਾਂ ਦੇ ਸਾਹਮਣੇ ਆਜ਼ਜੀ ਬਣ ਗਏ ਸਨ, ਫਰਿਆਦੀ ਬਣ ਗਏ ਸਨ, ਉਨ੍ਹਾਂ ਦੇ ਸੇਵਾਦਾਰ ਬਣ ਗਏ ਸਨ, "ਭੂਰਿਆਂ ਵਾਲੇ ਰਾਜੇ ਕੀਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ" ਵਾਲੇ ਹਾਲਾਤ ਬਣ ਗਏ ਸਨ। ਖਾਲਸਾ-ਪੰਥ ਨੇ ਸਤਿਗੁਰਾਂ ਦੇ ਅਸ਼ੀਰਵਾਦ ਅਤੇ ਥਾਪੜੇ ਸਦਕਾ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਮਈ, ੧੭੧੦ ਈ. ਵਿਚ ਚਪੜਚਿੜੀ ਦੇ ਮੈਦਾਨ ਵਿਚ ਸੂਬਾ-ਸਰਹੰਦ ਅਤੇ ਹੋਰ ਮੁਗ਼ਲ ਸੂਬੇਦਾਰਾਂ ਦੀਆਂ ਫੌਜਾਂ ਨੂੰ ਬੁਰੀ ਤਰ੍ਹਾਂ ਹਰਾ ਕੇ, ਆਪਣੇ ਘੋੜਿਆਂ ਦੇ ਸੁਮਾਂ ਹੇਠ ਲਤਾੜ ਕੇ, ਸੂਬਾ-ਸਰਹੰਦ ਵਜ਼ੀਰ ਖਾਨ ਨੂੰ ਮਾਰ ਦੋਜ਼ਖ ਨੂੰ ਪਹੁੰਚਾ ਕੇ, ਸਰਹੰਦ ਦੀ ਧਰਤੀ ਉੱਤੇ ਖਾਲਸਈ ਪਰਚਮ ਲਹਿਰਾ ਕੇ ਦੁਨੀਆ ਦੇ ਤਖਤੇ 'ਤੇ ਪਹਿਲੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਦੁਨੀਆ ਦੇ ਇਤਿਹਾਸ ਵਿਚ ਜਿਵੇਂ ਇਹ ਕੁਰਬਾਨੀਆਂ ਅਦੁੱਤੀ ਅਤੇ ਲਾਸਾਨੀ ਸਨ ਉਨ੍ਹਾਂ ਕਾਰਨ ਆਇਆ ਸੰਪੂਰਨ ਇਨਕਲਾਬ ਵੀ ਉਸੇ ਤਰ੍ਹਾਂ ਦੁਨੀਆ ਦਾ ਅਨੋਖਾ ਅਤੇ ਅੱਡਰਾ ਇਨਕਲਾਬ ਸੀ।

੯ ਜੂਨ, ੧੭੧੬ ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਬਾਬਾ ਬਘੇਲ ਸਿੰਘ ਹੁਰਾਂ ਦੀ ਅਗਵਾਈ ਵਿਚ 'ਦਲ ਖਾਲਸਾ' ਦੀ ਕਮਾਨ ਹੇਠ ਸਰਹੰਦ ਵਿਚ ਜ਼ਾਲਮਾਂ ਦੇ ਮਹਿਲ ਮੁਨਾਰਿਆਂ ਦੀ ਇੱਟ ਨਾਲ ਇੱਟ ਖੜਕਾ ਕੇ ਉਨ੍ਹਾਂ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ ਅਤੇ ਇੱਥੇ ਖੋਤਿਆਂ ਨਾਲ ਹੱਲ ਚਲਾਇਆ ਗਿਆ। ਹਕੀਮ ਮਿਰਜ਼ਾ ਅਲਹ ਯਾਰ ਖਾਂ ਜੋਗੀ ਇਸ ਸਬੰਧੀ ਗਵਾਹੀ ਭਰਦੇ ਹਨ:

*ਜੋਗੀ ਜੀ ਇਸ ਕੇ ਬਾਅਦ ਹੁਈ ਥੋੜੀ ਸੀ ਦੇਰ ਥੀ।*
*ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ*

ਸ਼ਾਇਦ ਹੀ ਦੁਨੀਆ ਦੀ ਕਿਸੇ ਹੋਰ ਕੌਮ ਦਾ ਅਜਿਹਾ ਕੁਰਬਾਨੀ ਅਤੇ ਸ਼ਹੀਦੀਆਂ ਭਰਪੂਰ ਨਿਵੇਕਲਾ, ਸ਼ਾਨਾਂਮੱਤਾ ਗੌਰਵਮਈ ਅਤੇ ਲਹੂ ਭਿੱਜਿਆ ਇਤਿਹਾਸ ਹੋਵੇ। ਅਫਸੋਸ! ਅਸੀਂ ਆਪਣੇ ਗੌਰਵਮਈ ਇਤਿਹਾਸ, ਸ਼ਾਨਾਂਮੱਤੇ ਵਿਰਸੇ ਅਤੇ ਲਾਸਾਨੀ ਸ਼ਹੀਦੀਆਂ, ਕੁਰਬਾਨੀਆਂ, ਗੁਰੂਕਿਆਂ ਅਤੇ ਸਿੰਘਾਂ-ਸੂਰਮਿਆਂ ਵੱਲੋਂ ਮੈਦਾਨ-ਏ-ਜੰਗ ਵਿਚ ਸੰਸਾਰ ਨੂੰ ਅਚੰਭਿਤ ਕਰ ਦੇਣ ਵਾਲੇ ਕੀਤੇ ਕਾਰਨਾਮਿਆਂ ਨੂੰ ਭੁਲਾ ਰਹੇ ਹਾਂ ਅਤੇ ਨਿੱਜਪ੍ਰਸਤੀ, ਪਰਵਾਰ-ਪ੍ਰਸਤੀ, ਛਿੰਨ ਭੰਗਰ ਦੀ ਸ਼ਾਨ ਅਤੇ ਸ਼ਕਤੀ ਲਈ ਸਭ ਕੁਝ ਦਾਅ ਉੱਤੇ ਵੀ ਲਾ ਰਹੇ ਹਾਂ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ:

*ਜਿਨ੍ਹਾਂ ਕੌਮਾਂ ਨੂੰ ਆਪਣੀ ਵਿਰਾਸਤ ਦਾ ਅਹਿਸਾਸ ਨਹੀਂ ਹੁੰਦਾ।*
*ਉਨ੍ਹਾਂ ਕੌਮਾਂ ਦਾ ਬਾਕੀ ਕੋਈ ਇਤਿਹਾਸ ਨਹੀਂ ਹੁੰਦਾ।*

■

# ਹਿੰਦ ਦੀ ਚਾਦਰ : ਸ੍ਰੀ ਗੁਰੂ ਤੇਗ ਬਹਾਦਰ ਜੀ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਬਰਾਬਰੀ ਹਿੱਤ ਆਪਾ ਨਿਛਾਵਰ ਕਰਨ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪਹਿਲੀ ਅਪ੍ਰੈਲ ੧੬੨੧ ਈ. ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹ 'ਗੁਰੂ ਕੇ ਮਹਿਲ', ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਬਚਪਨ ਤੋਂ ਹੀ ਆਪ ਸਾਧੂ ਸੁਭਾਅ, ਸੂਝਵਾਨ, ਦਲੇਰ, ਤਿਆਗੀ ਅਤੇ ਪਰਉਪਕਾਰੀ ਸੁਭਾਅ ਦੇ ਮਾਲਕ ਸਨ। ਗੁਰਮਤਿ ਦੇ ਗਿਆਤਾ ਹੋਣ ਦੇ ਨਾਲ ਹੀ ਆਪ ਜੰਗੀ ਪੈਂਤੜਿਆਂ ਤੋਂ ਵੀ ਪੂਰੀ ਤਰ੍ਹਾਂ ਜਾਣਕਾਰ ਹੋ ਗਏ। ਗੁਰੂ-ਪਿਤਾ ਵੱਲੋਂ ਬਖਸ਼ਿਆ ਸੰਤ ਤੇ ਸਿਪਾਹੀ ਦਾ ਸੰਕਲਪ ਸ੍ਰੀ (ਗੁਰੂ) ਤੇਗ ਬਹਾਦਰ ਜੀ ਦੀ ਸ਼ਖਸੀਅਤ ਵਿਚ ਪੂਰਨ ਰੂਪ ਵਿਚ ਉਜਾਗਰ ਹੋਣ ਲੱਗਾ। ਇਸ ਸੰਕਲਪ ਸਦਕਾ ਹੀ ਉਨ੍ਹਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਦੀ ਜੰਗ ਸਮੇਂ ਸੰਤ (ਤਿਆਗ ਮੱਲ) ਤੋਂ ਸਿਪਾਹੀ (ਤੇਗ ਬਹਾਦਰ) ਤਕ ਦਾ ਸਫਰ ਤੈਅ ਕੀਤਾ ਸੀ। ਦੁਸ਼ਮਣਾਂ ਨਾਲ ਦੋ ਹੱਥ ਕਰਨ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਨ ੧੬੩੫ ਦੇ ਜੇਠ ਮਹੀਨੇ ਵਿਚ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਗਏ। ਨੌਵੇਂ ਪਾਤਸ਼ਾਹ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਵੀ ਉਨ੍ਹਾਂ ਦੀ ਸੰਗਤ ਵਿਚ ਸਨ। ਸ੍ਰੀ ਕੀਰਤਪੁਰ ਸਾਹਿਬ ਵਿਚ ਲੱਗਭਗ ਇੱਕ ਦਹਾਕੇ ਦਾ ਸਮਾਂ ਗੁਜ਼ਾਰਨ ਕਰ ਕੇ ਨੌਵੇਂ ਪਾਤਸ਼ਾਹ ਉੱਪਰ ਗੁਰ-ਮਰਯਾਦਾ ਦਾ ਪੂਰਾ ਪ੍ਰਭਾਵ ਪੈ ਚੁੱਕਾ ਸੀ। ਗ਼ਰੀਬ-ਗੁਰਬੇ ਦੀ ਮਦਦ ਲਈ ਆਪ ਹਮੇਸ਼ਾਂ ਹੀ ਯਤਨਸ਼ੀਲ ਰਹਿੰਦੇ ਸਨ। ਉਨ੍ਹਾਂ ਦੀ ਇਸ ਯਤਨਸ਼ੀਲਤਾ ਨੂੰ ਦੇਖ ਕੇ ਜਿੱਥੇ ਗੁਰੂ-ਪਿਤਾ ਜੀ ਪ੍ਰਸੰਨ-ਚਿੱਤ ਰਹਿੰਦੇ ਸਨ, ਉੱਥੇ ਨਾਲ ਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦੀ ਵਡੇਰੀ ਜ਼ਿੰਮੇਵਾਰੀ (ਗੁਰਿਆਈ) ਨੂੰ ਸੰਭਾਲਣ ਦੇ ਯੋਗ ਵੀ ਸਮਝਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ੧੬੪੪ ਈ. ਨੂੰ ਆਪਣੇ ਪਰਵਾਰ (ਮਾਤਾ ਨਾਨਕੀ ਜੀ ਅਤੇ ਸਾਹਿਬਜ਼ਾਦਾ (ਸ੍ਰੀ) ਤੇਗ ਬਹਾਦਰ ਜੀ) ਨੂੰ ਬਕਾਲੇ ਨਗਰ ਦੀ ਧਰਤੀ ਨੂੰ ਭਾਗ ਲਗਾਉਣ ਲਈ ਕਿਹਾ। ਗੁਰੂ-ਪਿਤਾ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਜੀ ਆਪਣੀ ਮਾਤਾ ਅਤੇ ਪਤਨੀ (ਮਾਤਾ ਗੁਜਰੀ ਜੀ) ਸਮੇਤ ਬਕਾਲੇ ਆ ਗਏ। ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ। ਆਪ ਜੀ ਸੰਸਾਰਿਕਤਾ ਨਾਲੋਂ ਅਧਿਆਤਮਕਤਾ ਵੱਲ ਵਧੇਰੇ ਰੁਚਿਤ ਸਨ। ਸੇਵਾ ਤੇ ਸਿਮਰਨ ਦੇ ਨਾਲ-ਨਾਲ ਉਹ ਆਪਣੀਆਂ ਪਰਵਾਰਿਕ ਜ਼ਿੰਮੇਵਾਰੀਆਂ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਸਨ। ਇੱਥੇ (ਬਕਾਲੇ) ਰਹਿੰਦਿਆਂ ਕਈ ਗੁਰਸਿੱਖ ਸੱਜਣ ਉਨ੍ਹਾਂ ਨਾਲ

*#੧੩੪੮/੧੭/੧, ਗਲੀ ਨੰ: ੮ ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ) ਮੋ. +੯੧੯੪੬੩੧੩੨੭੧੯

ਮਿਲਾਪ ਲਈ ਵੀ ਆਇਆ ਕਰਦੇ ਸਨ। ਪਰਸ਼ਾਦੇ-ਪਾਣੀ ਦੀ ਸੇਵਾ ਤੋਂ ਬਾਅਦ ਗੁਰੂ ਕੀਆਂ ਅਕੱਥ ਕਹਾਣੀਆਂ ਛੋਹੀਆਂ ਜਾਂਦੀਆਂ ਸਨ। ਇਕ ਵਾਰੀ ਇਕ ਗੁਰਸਿੱਖ ਪਿਆਰੇ ਨੇ ਸ੍ਰੀ (ਗੁਰੂ) ਤੇਗ ਬਹਾਦਰ ਜੀ ਤੋਂ ਪੁੱਛਿਆ ਕਿ ਰੱਬ ਦੇ ਪਿਆਰਿਆਂ-ਭਗਤਾਂ ਨੂੰ ਕਸ਼ਟ ਕਿਉਂ ਆਉਂਦੇ ਹਨ? ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਬਚਨ ਸੀ ਕਿ ਦੁਨੀਆ ਦੀ ਅਸਲੀਅਤ ਦੁਖਾਂ ਵਿਚ ਜਲਦੀ ਸਮਝ ਆ ਜਾਂਦੀ ਹੈ। ਸਾਨੂੰ ਦੁੱਖਾਂ ਨੂੰ ਉਸ ਦੀ ਦਾਤ ਹੀ ਸਮਝਣਾ ਚਾਹੀਦਾ ਹੈ। ਇੱਕ ਸੇਵਕ ਵੱਲੋਂ ਜਦੋਂ ਭਗਤੀ ਦੇ ਪੜਾਵਾਂ ਬਾਬਤ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਪਹਿਲਾ ਪੜਾਅ ਹੈ,ਉਸ ਵੱਲੋਂ ਚਿੱਤ ਹਟਾਉਣਾ, ਜੋ ਅਕਾਲ ਪੁਰਖ ਵੱਲੋਂ ਚਿੱਤ ਹਟਾਏ। ਦੂਜਾ ਪੜਾਅ, ਸਭ ਕੁਝ ਨੂੰ ਭੁੱਲ ਭੁਲਾ ਕੇ ਉਸ ਪਰਮ-ਪਿਤਾ ਨਾਲ ਪ੍ਰੇਮ ਕਰਨਾ ਹੈ। ਤੀਜਾ ਪੜਾਅ, ਉੱਠਦਿਆਂ-ਬੈਠਦਿਆਂ ਉਸ ਵਾਹਿਗੁਰੂ ਦੀ ਯਾਦ ਨੂੰ ਆਪਣੇ ਹਿਰਦੇ ਦਾ ਸ਼ਿੰਗਾਰ ਬਣਾ ਕੇ ਰੱਖਣਾ ਹੁੰਦਾ ਹੈ। ਜਦੋਂ ਸ੍ਰੀ (ਗੁਰੂ) ਤੇਗ ਬਹਾਦਰ ਜੀ ਬਕਾਲਾ ਨਗਰ ਤੋਂ ਆਪਣੇ ਸਾਲਾ ਭਾਈ ਕ੍ਰਿਪਾਲ ਚੰਦ ਨੂੰ ਮਿਲਣ ਲਈ ਕੀਰਤਪੁਰ ਸਾਹਿਬ ਜਾਂਦੇ ਤਾਂ ਉਹ ਸਤਵੇਂ ਪਾਤਸ਼ਾਹ ਸ੍ਰੀ ਹਰਿਰਾਇ ਸਾਹਿਬ ਦੇ ਦਰਬਾਰ ਦੀ ਹਾਜ਼ਰੀ ਵੀ ਭਰਦੇ ਸਨ। ਗੁਰੂ-ਘਰ ਪ੍ਰਤੀ ਸਮਰਪਣ ਦੀ ਭਾਵਨਾ ਨੂੰ ਦੇਖ ਕੇ ਸਤਵੇਂ ਪਾਤਸ਼ਾਹ ਨੇ ਸ੍ਰੀ (ਗੁਰੂ) ਤੇਗ ਬਹਾਦਰ ਸਾਹਿਬ ਨੂੰ ੧੬੫੬ ਈ. ਵਿਚ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਪੂਰਬੀ ਪ੍ਰਾਤਾਂ ਵਿਚ ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਨ੍ਹਾਂ ਨੇ ਆਪਣੇ ਪਰਵਾਰਿਕ ਮੈਂਬਰਾਂ ਅਤੇ ਗੁਰੂ-ਘਰਾਂ ਦੇ ਪ੍ਰੀਤਵਾਨਾਂ ਦਾ ਇੱਕ ਪ੍ਰਚਾਰਕ ਜਥਾ ਤਿਆਰ ਕਰ ਲਿਆ। ਇਸ ਜਥੇ ਨੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਬਾਬੇਕਿਆਂ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਬਹੁਤ ਹੀ ਲਗਨ ਅਤੇ ਮਿਹਨਤ ਨਾਲ ਪ੍ਰਚਾਰਿਆ।

ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਆਪਣੇ ਜੋਤੀ-ਜੋਤ (੩੦ ਮਾਰਚ, ੧੬੬੪ ਈ.) ਸਮਾਉਣ ਤੋਂ ਪਹਿਲੇ ਗੁਰਤਾ-ਗੱਦੀ ਦੀ ਸੌਂਪਣਾ ਆਦਿ ਆਪਣੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਦੇ ਸ਼ਬਦਾਂ ਨਾਲ ਕਰ ਗਏ ਸਨ, ਪਰ ਇਸ ਮੌਕੇ ਦਾ ਲਾਭ ਕਈ ਸਵਾਰਥੀ ਅਤੇ ਭੇਖਧਾਰੀ ਲੋਕਾਂ ਨੇ ਵੀ ਲੈਣਾ ਚਾਹਿਆ। ਉਹ ਬਾਬਾ ਬਕਾਲਾ ਸਾਹਿਬ ਵਿਖੇ ਆਪੋ-ਆਪਣੀਆਂ ਗੱਦੀਆਂ ਲਗਾ ਕੇ ਬੈਠ ਗਏ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੇ ਸੱਚੇ ਵਾਰਸ ਹੋਣ ਦਾ ਢਕਵੰਜ ਕਰਨ ਲੱਗ ਗਏ। ਇਨ੍ਹਾਂ ਢਕਵੰਜੀਆਂ ਵਿਚ ਧੀਰਮੱਲ ਜੋ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਚਾਚਾ ਲੱਗਦਾ ਸੀ, ਸਭ ਤੋਂ ਅੱਗੇ ਸੀ। ਸਿੱਖ ਸੰਗਤ ਲਈ ਇਹ ਸਮਾਂ ਜਿੱਥੇ ਇੱਕ ਇਮਤਿਹਾਨ ਦਾ ਸਮਾਂ ਸੀ,ਉੱਥੇ ਨਾਲ ਹੀ ਸਿੱਦਕਦਿਲੀ ਅਤੇ ਸਮਝਦਾਰੀ ਤੋਂ ਕੰਮ ਲੈਣ ਦਾ ਵਕਤ ਵੀ ਸੀ। ਇਹ ਸਮਝਦਾਰੀ ਦਾ ਸਬੂਤ ਗੁਰੂ-ਘਰ ਦੇ ਇੱਕ ਧਨੀ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਦਿੱਤਾ ਗਿਆ। ਵਪਾਰੀ ਮੱਖਣ ਸ਼ਾਹ ਨੇ

ਦੇਖਿਆ ਕਿ ਇੱਥੇ (ਬਕਾਲੇ ਵਿਖੇ) ਕੋਈ ਇੱਕ ਨਹੀਂ, ਸਗੋਂ ਬਹੁਗਿਣਤੀ ਵਿਚ ਆਪਣੇ ਆਪ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਗੱਦੀ-ਨਸ਼ੀਨ ਦੱਸ ਰਹੇ ਸਨ। ਇਸ ਭੰਬਲਭੂਸੇ ਵਿੱਚੋਂ ਬਾਹਰ ਨਿਕਲਣ ਲਈ ਭਾਈ ਮੱਖਣ ਸ਼ਾਹ ਨੇ ਇੱਕ ਵਿਉਂਤਬੰਦੀ ਕੀਤੀ। ਇਸ ਵਿਉਂਤਬੰਦੀ ਤਹਿਤ ਉਸ ਨੇ ਹਰੇਕ ਦਾਅਵੇਦਾਰ ਅੱਗੇ ਦੋ-ਦੋ ਮੋਹਰਾਂ ਰੱਖ ਦਿੱਤੀਆਂ। ਉਨ੍ਹਾਂ ਮੋਹਰਾਂ ਨੂੰ ਦੇਖ ਕੇ ਸਾਰੇ ਗੱਦੀਦਾਰ ਪ੍ਰਸੰਨ ਤਾਂ ਹੋ ਰਹੇ ਸਨ,ਪਰ ਅਸਲ ਦਸਵੰਧ ਦੀ ਮਾਇਆ ਕੋਈ ਨਹੀਂ ਮੰਗ ਰਿਹਾ ਸੀ। ਨਿਰਾਸ਼ ਹੋਏ ਭਾਈ ਮੱਖਣ ਸ਼ਾਹ ਨੂੰ ਕਿਸੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਟਿਕਾਣੇ ਦੀ ਦੱਸ ਪਾ ਦਿੱਤੀ। ਜਦੋਂ ਉਹ ਉਸ ਟਿਕਾਣੇ ’ਤੇ ਪਹੁੰਚਿਆ ਤਾਂ ਗੁਰੂ ਜੀ ਨਾਮ-ਸਿਮਰਨ ਵਿਚ ਜੁੜੇ ਹੋਏ ਸਨ। ਜਦੋਂ ਭਾਈ ਮੱਖਣ ਸ਼ਾਹ ਨੇ ਇੱਥੇ ਵੀ ਦੋ ਮੋਹਰਾਂ ਰੱਖ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤਾਂ ਦਿਲਾਂ ਦੀਆਂ ਜਾਣਨ ਵਾਲੇ ਬਾਬੇ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਨੇ ਕਿਹਾ ਕਿ ਗੁਰੂ-ਘਰ ਵਿਚ ਮਾਇਆ ਦਾ ਕੋਈ ਲਾਲਚ ਨਹੀਂ, ਪਰ ਇਹ ਤਾਂ ਦੱਸੋ ਕਿ ਦਸਵੰਧ ਦੀ ਬਾਕੀ ਮਾਇਆ ਕਿੱਥੇ ਗਈ ਹੈ? ਇਹ ਬਚਨ ਸੁਣ ਕੇ ਭਾਈ ਮੱਖਣ ਸ਼ਾਹ ਲੁਬਾਣੇ ਦੀ ਖੁਸ਼ੀ ਉਛਾਲਾ ਮਾਰ ਗਈ ਅਤੇ ਉਹ ਇੱਕ ਛੱਤ ਉੱਪਰ ਚੜ੍ਹ ਕੇ ਬੁਲੰਦ ਅਵਾਜ਼ ਵਿੱਚ ਕਹਿਣ ਲੱਗਾ— “ਗੁਰੂ ਲਾਧੋ ਰੇ! ਗੁਰੂ ਲਾਧੋ ਰੇ!!” ਇਸ ਮੌਕੇ ਦੀ ਤਸਵੀਰ ‘ਸੂਰਜ ਪ੍ਰਕਾਸ਼’ ਦੇ ਲੇਖਕ ਨੇ ਇੰਜ ਖਿੱਚੀ ਹੈ:-

*ਭੁਲੀਏ ਸੰਗਤਿ! ਸੁਨਹੁ ਸੁ ਕਾਨ।*
*ਸਤਿਗੁਰੁ ਲਧਾ ਮਰਦ ਮਹਾਨ।*

ਗੁਰੂ ਕਿਆਂ ਵੱਲੋਂ ਨਵੇਂ ਨਗਰ ਵਸਾਉਣ ਦੀ ਪ੍ਰਥਾ ਤਹਿਤ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਗੁਰਦਿੱਤਾ ਸਿੰਘ ਜੀ ਤੋਂ ਸੰਨ ੧੬੬੫ ਦੇ ਜੂਨ ਮਹੀਨੇ ਵਿਚ ਚੱਕ ਨਾਨਕੀ ਨਗਰ ਦੀ ਮੋੜ੍ਹੀ ਗਡਵਾ ਦਿੱਤੀ। ਇਸ ਸਥਾਨ ਨੂੰ ਪਹਿਲਾਂ ਮਾਖੋਵਾਲ ਆਖਦੇ ਸਨ, ਜਿਹੜਾ ਇੱਕ ਮਾਖੇ ਨਾਮਕ ਦੈਂਤ ਕਾਰਨ ਪਿਆ ਸੀ। ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪਾ ਕੇ ਇਹ ਸਥਾਨ ਧਰਮ-ਕਰਮ ਦੀਆਂ ਗਤੀਵਿਧੀਆਂ ਦਾ ਗੜ੍ਹ ਬਣ ਗਿਆ। ਇੱਥੇ ਹੁਣ ਇਲਾਹੀ ਬਾਣੀ ਦੇ ਦਿਨ-ਰਾਤ ਗਾਇਨ ਹੋਣ ਲੱਗ ਪਏ। ਇਸ ਗਾਇਨ ਸਦਕਾ ਇਹ ਥਾਂ ਅਨੰਦਾਂ ਦੀ ਪੁਰੀ ਬਣ ਗਈ, ਜਿਸ ਨੂੰ ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ। ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿੱਥੇ ਵੀ ਗਏ,ਉੱਥੇ ਹੀ ਉਨ੍ਹਾਂ ਨੇ ਕਰਮ-ਕਾਂਡੀ ਜੀਵਨ ਨੂੰ ਤਿਆਗਣ ਅਤੇ ਪਰਮਾਤਮਾ ਦੇ ਨਾਂਅ ਨੂੰ ਵਿਹਾਜਣ ਦੀ ਪ੍ਰੇਰਨਾ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਈ ਨੂੰ ਨਿਰਭੈਅ ਰਹਿ ਕੇ ਅਣਖ, ਇੱਜ਼ਤ ਅਤੇ ਅਜ਼ਾਦੀ ਵਾਲਾ ਜੀਵਨ ਜਿਊਣ ਦਾ ਹੋਕਾ ਵੀ ਦਿੱਤਾ। ਉਨ੍ਹਾਂ ਦੀ ਸਮਝ ਵਿਚ ਗਿਆਨਵਾਨ ਪੁਰਖ ਉਹ ਹੁੰਦਾ ਹੈ ਜੋ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

*ਭੈ ਕਾਹੂ ਕਉ ਦੇਤ ਨਾਹਿ ਨਾਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)*

ਅਬੂਜ਼ਫਰ ਮਹੁੱਈਉਦੀਨ ਮੁਹੰਮਦ ਔਰੰਗਜ਼ੇਬ ਇਕ ਕੱਟੜ੍ਹ ਸੁੰਨੀ ਮੁਸਲਮਾਨ ਸੀ। ਉਹ ਅਤਿ ਦਰਜੇ ਦਾ ਨਿਰਦਈ ਅਤੇ ਜਨੂੰਨੀ ਸੀ। ਉਹ ਡੰਡੇ ਦੇ ਡਰ ਨਾਲ ਪੂਰੇ ਦੇਸ਼ ਅੰਦਰ ਇਸਲਾਮ ਧਰਮ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ। ਇਸ ਇੱਛਾ ਨੂੰ ਪੂਰਿਆਂ ਕਰਨ ਲਈ ਔਰੰਗਜ਼ੇਬ ਨੇ ਸਾਮ,ਦਾਮ ਅਤੇ ਦੰਡ ਦੀ ਵਰਤੋਂ ਤੋਂ ਵੀ ਗੁਰੇਜ਼ ਨਹੀਂ ਕੀਤਾ। ਉਸ ਨੇ ਹਿੰਦੂਆਂ ਉੱਤੇ ਜਜੀਆ ਆਦਿ ਟੈਕਸ ਲਗਾ ਦਿੱਤੇ ਅਤੇ ਉਨ੍ਹਾਂ ਉੱਤੇ ਜ਼ੁਲਮ ਢਾਹ ਕੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਮਜ਼ਬੂਰ ਕਰ ਦਿੱਤਾ। ਔਰੰਗਜ਼ੇਬ ਵੱਲੋਂ ਆਪਣੀ ਇਸ ਦਮਨਕਾਰੀ ਨੀਤੀ ਨੂੰ ਜਾਰੀ ਰੱਖਦਿਆਂ ਸਤੰਬਰ ੧੬੭੧ ਈ. ਵਿਚ ਇਫਤਿਖਾਰ ਖਾਨ ਨੂੰ ਸੂਬਾ-ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਇਸ ਦਾ ਖ਼ਿਤਾਬ ਸ਼ੇਰ-ਏ-ਅਫ਼ਗਾਨ ਸੀ। ਇਹ ਸੂਬੇਦਾਰ ਵੀ ਤੰਗਦਿਲ, ਕੱਟੜ੍ਹ ਜਨੂੰਨੀ ਅਤੇ ਬੇਰਹਿਮ ਸੁਭਾਅ ਦਾ ਮਾਲਕ ਸੀ। ਕੋਈ ਅਜਿਹਾ ਅੱਤਿਆਚਾਰ ਨਹੀਂ ਬਚਿਆ ਸੀ, ਜੋ ਕਸ਼ਮੀਰ ਦੇ ਸੂਬੇਦਾਰ ਨੇ ਕਸ਼ਮੀਰੀ ਪੰਡਿਤਾਂ 'ਤੇ ਨਾ ਕੀਤਾ ਹੋਵੇ। ਇਸੇ ਸੂਬੇ ਵਿਚ ਕੁਝ ਵਿਦਵਾਨ ਬ੍ਰਾਹਮਣਾਂ ਦਾ ਵੀ ਵਸੇਬਾ ਸੀ, ਜੋ ਆਪਣੇ ਆਪ ਨੂੰ ਸਾਰੀ (ਹਿੰਦੂ) ਕੌਮ ਦੇ ਆਗੂ ਸਮਝਦੇ ਸਨ। ਇਨ੍ਹਾਂ ਦੀ ਇਸ ਸਮਝ ਦਾ ਲਾਹਾ ਕਸ਼ਮੀਰ ਦਾ ਰਾਜਪਾਲ ਇਹ ਸੋਚ ਕੇ ਲੈਣਾ ਚਾਹੁੰਦਾ ਸੀ ਕਿ ਜੇਕਰ ਇਹ (ਆਗੂ ਧਿਰ) ਮੁਸਲਮਾਨ ਬਣ ਜਾਵੇ ਤਾਂ ਬਾਕੀ ਹਿੰਦੂਆਂ ਨੂੰ ਇਸਲਾਮ ਦੇ ਝੰਡੇ ਹੇਠ ਲਿਆਉਣਾ ਸਹਿਜ ਅਤੇ ਸੁਖਾਲਾ ਹੋ ਸਕਦਾ ਹੈ। ਕਸ਼ਮੀਰ ਦੇ ਹਿੰਦੂ ਭਾਈਚਾਰੇ ਨੂੰ ਧਾਰਮਿਕ ਤੌਰ 'ਤੇ ਜ਼ਲੀਲ ਕਰਨ ਲਈ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕੀਤੀ ਜਾਣ ਲੱਗੀ। ਜਨੇਊ ਤੋੜ ਕੇ ਟਿੱਕੇ ਸਾਫ ਕਰ ਦਿੱਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਨੂੰ ਗਾਂ ਦਾ ਮਾਸ ਵੀ ਜ਼ਬਰਦਸਤੀ ਖਾਣ ਲਈ ਦਿੱਤਾ ਗਿਆ। ਧਰਮ ਦੇ ਨਾਲ-ਨਾਲ ਧੀਆਂ-ਭੈਣਾਂ ਦੀ ਇੱਜ਼ਤ ਵੀ ਦਾਅ 'ਤੇ ਲੱਗ ਗਈ। ਬਹੁਤ ਸਾਰੇ ਹਿੰਦੂ ਪਰਵਾਰਾਂ ਨੇ ਇਫਤਿਖਾਰ ਖਾਨ ਅੱਗੇ ਹਾਰ ਮੰਨ ਲਈ ਅਤੇ ਇਸਲਾਮ ਨੂੰ ਕਬੂਲ ਕਰ ਲਿਆ। ਸਿਰਫ ਕੁਝ ਕੁ ਪਰਵਾਰ ਬਚੇ ਸਨ,ਜੋ ਕਿਸੇ ਚਮਤਕਾਰ ਦੀ ਆਸ ਲਗਾਈ ਬੈਠੇ ਸਨ। ਜਦੋਂ ਚਮਤਕਾਰੀ ਸ਼ਕਤੀਆਂ ਵੀ ਨਾ ਬਹੁੜੀਆਂ ਤਾਂ ਉਨ੍ਹਾਂ ਪਰਵਾਰਾਂ ਦੀ ਫਿਕਰਮੰਦੀ ਵੀ ਵਧਣ ਲੱਗੀ। ਇਸ ਫਿਕਰਮੰਦੀ ਨੂੰ ਘਟਾਉਣ ਲਈ ਭਾਵ ਆਪਣੇ ਡੁੱਬਦੇ ਧਰਮ ਨੂੰ ਬਚਾਉਣ ਲਈ ਇਨ੍ਹਾਂ ਪਰਵਾਰਾਂ ਦੇ ਮੋਹਤਬਰ ਬੰਦਿਆਂ ਨੇ ਕੁਝ ਸੋਚਣਾ ਅਰੰਭ ਕੀਤਾ। ਸੋਚਾਂ ਦੇ ਸਮੁੰਦਰਾਂ ਵਿਚ ਗੋਤੇ ਖਾਂਦਿਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਰਾਹ ਦਿਖਾਈ ਦੇਣ ਲੱਗ ਪਿਆ। ਕਸ਼ਮੀਰ ਦੇ ਪੰਡਿਤ ਇਹ ਗੱਲ ਭਲੀਭਾਂਤ ਸਮਝ ਚੁੱਕੇ ਸਨ ਕਿ ਇਨ੍ਹਾਂ ਅਤਿ ਸੰਕਟਮਈ ਹਾਲਾਤਾਂ ਵਿਚ ਸਾਡੀ ਬਾਂਹ

ਕੇਵਲ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹੀ ਫੜ ਸਕਦੇ ਹਨ, ਕਿਉਂਕਿ ਗੁਰੂ ਸਾਹਿਬ ਨੇ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਸੰਗਤ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਹੀ ਡਰਾਉਣ ਦੀ ਗੱਲ ਕਹੀ ਸੀ ਅਤੇ ਨਿਰਾਸ਼ਾਜਨਕ ਸਥਿਤੀਆਂ ਨੂੰ ਚੜ੍ਹਦੀ ਕਲਾ ਵਿਚ ਬਦਲਣ ਦੇ ਭਰਪੂਰ ਯਤਨ ਕੀਤੇ ਸਨ। ਇਨ੍ਹਾਂ ਯਤਨਾਂ ਦੀ ਬਦੌਲਤ ਕਈ ਹਿੰਦੂ ਪਰਵਾਰ ਵੀ ਗੁਰੂ-ਘਰ ਨਾਲ ਜੁੜ ਗਏ ਸਨ। ਕਸ਼ਮੀਰੀ ਪੰਡਿਤ ਬ੍ਰਹਮਦਾਸ ਦੇ ਖ਼ਾਨਦਾਨ ਵਿਚ ਇਕ ਪੰਡਤ ਕਿਰਪਾ ਰਾਮ ਪੈਦਾ ਹੋਇਆ, ਜੋ ਬਚਪਨ ਕਾਲ ਤੋਂ ਹੀ ਗੁਰੂ-ਘਰ ਆਉਂਦਾ ਰਹਿੰਦਾ ਸੀ। ੧੬੭੫ ਈ. ਨੂੰ ਉਹ ਮੁਖੀ ਪੰਡਿਤਾਂ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਿਆ। ਡਾਹਢੇ ਦੁਖੀ ਮਨ ਨਾਲ ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣੇ ਨਾਲ ਹੁੰਦੀਆਂ ਵਧੀਕੀਆਂ ਦੀ ਦਰਦ-ਕਹਾਣੀ ਸੁਣਾਈ ਅਤੇ ਸਰਕਾਰੀ ਅੱਤਿਆਚਾਰ ਤੋਂ ਬਚਾਉਣ ਦੀ ਬੇਨਤੀ ਕੀਤੀ। ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਵਿਥਿਆ ਸੁਣ ਕੇ ਦਰਬਾਰ ਵਿਚ ਜੁੜ ਬੈਠੀ ਸੰਗਤ ਦੇ ਵੀ ਦਿਲ ਪਸੀਜ ਗਏ। ਬਾਲ ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਜਿਨ੍ਹਾਂ ਦੀ ਉਮਰ ਉਸ ਸਮੇਂ ੯ ਕੁ ਸਾਲ ਦੀ ਸੀ, ਗੁਰੂ-ਪਿਤਾ ਜੀ ਕੋਲ ਆਏ ਅਤੇ ਉਦਾਸੀ ਭਰੇ ਮਹੌਲ ਦਾ ਕਾਰਨ ਪੁੱਛਣ ਲੱਗੇ। ਗੁਰੂ ਜੀ ਨੇ ਆਪਣੇ ਲਾਲ ਨੂੰ ਜਿੱਥੇ ਕਸ਼ਮੀਰੀ ਪੰਡਿਤਾਂ ਦੀ ਦਰਦਨਾਕ ਦਾਸਤਾਨ ਸੁਣਾਈ, ਉੱਥੇ ਨਾਲ ਹੀ ਕਹਿ ਦਿੱਤਾ ਕਿ ਇਸ ਦਰਦ ਨੂੰ ਦੂਰ ਕਰਨ ਲਈ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਦੀ ਲੋੜ ਹੈ,ਜੋ ਜ਼ਾਲਮਾਂ ਦਾ ਮਨ ਬਦਲ ਦੇਵੇ। ਬਾਲ ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਮੁਖਾਰਬਿੰਦ ਵਿੱਚੋਂ ਸੁਭਾਵਿਕ ਹੀ ਨਿਕਲਿਆ ਕਿ ਉਹ ਮਹਾਨ ਅਤੇ ਪੂਰਨ ਆਤਮਾ ਆਪ ਜੀ ਤੋਂ ਬਗ਼ੈਰ ਹੋਰ ਕੌਣ ਹੋ ਸਕਦੀ ਹੈ! ਸਾਹਿਬਜ਼ਾਦੇ ਦਾ ਜਵਾਬ ਸੁਣ ਕੇ ਸਾਰੀ ਸੰਗਤ ਵਿਚ ਹੈਰਾਨੀ ਛਾ ਗਈ, ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੇ ਫਰਜ਼ੰਦ ਦੀ ਰਾਏ ਨਾਲ ਪ੍ਰਸੰਨ ਹੋ ਗਏ। ਉਨ੍ਹਾਂ ਨੇ ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਘੁੱਟ ਕੇ ਛਾਤੀ ਨਾਲ ਲਗਾਇਆ ਅਤੇ ਬੋਲੇ ਕਿ— "ਲਾਲ ਜੀ, ਤੁਸਾਂ ਦੀ ਗੱਲ ਸੁਣ ਕੇ ਮੇਰੀ ਚਿੰਤਾ ਦੂਰ ਹੋ ਗਈ ਹੈ। ਮੇਰੀ ਸ਼ਹਾਦਤ ਤੋਂ ਬਾਅਦ ਤੁਸੀਂ ਕੌਮ ਨੂੰ ਸਹੀ ਅਤੇ ਸੁਚੱਜੀ ਅਗਵਾਈ ਦੇਣ ਦੇ ਸਮਰੱਥ ਹੋ। ਗੁਰੂ ਨਾਨਕ ਪਾਤਸ਼ਾਹ ਤੁਸਾਂ 'ਤੇ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣਗੇ!" ਬਾਲ ਗੋਬਿੰਦ ਰਾਏ ਦੇ ਸੰਤੋਖਜਨਕ ਜਵਾਬ ਸਦਕਾ ਨੌਵੇਂ ਗੁਰਾਂ ਨੇ ਪੰਡਿਤ ਕਿਰਪਾ ਰਾਮ ਨੂੰ ਆਖ ਦਿੱਤਾ ਕਿ ਔਰੰਗਜ਼ੇਬ ਤਕ ਮੇਰਾ ਇਹ ਸੰਦੇਸ਼ ਪਹੁੰਚਾ ਦਿਓ ਕਿ ਜੇਕਰ ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਦੇਸ਼ ਦੇ ਸਾਰੇ ਹਿੰਦੂ ਆਪਣੇ-ਆਪ ਹੀ ਇਸਲਾਮ ਨੂੰ ਕਬੂਲ ਕਰ ਲੈਣਗੇ। ਗੁਰੂ ਸਾਹਿਬ ਦੇ ਇਸ ਦਲੇਰਾਨਾ ਐਲਾਨ ਸਦਕਾ ਕਸ਼ਮੀਰੀ ਪੰਡਿਤਾਂ ਦੀ ਜਾਨ ਵਿਚ ਜਾਨ ਆ ਗਈ। ਉਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਧਰਮ ਹੁਣ ਡੁੱਬਣ ਤੋਂ ਬਚ ਜਾਵੇਗਾ। ਹੌਂਸਲੇ

ਵਿਚ ਆਏ ਕਸ਼ਮੀਰੀ ਪੰਡਿਤ ਸ੍ਰੀ ਅਨੰਦਪੁਰ ਸਾਹਿਬ ਤੋਂ ਚਾਲੇ ਪਾ ਗਏ। ਸੰਗਤ ਨੂੰ ਅਣਖ, ਇੱਜ਼ਤ ਅਤੇ ਸ੍ਵੈਮਾਣ ਦਾ ਜੀਵਨ ਜਿਊਣ ਦਾ ਉਪਦੇਸ਼ ਦੇ ਕੇ ਗੁਰੂ ਸਾਹਿਬ ਆਪਣੇ ਸਾਥੀਆਂ— ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਨੂੰ ਰਵਾਨਾ ਹੋ ਗਏ।

ਗੁਰੂ ਸਾਹਿਬ ਨੂੰ ਫਿਰ ਕਰਾਮਾਤ ਵਿਖਾਉਣ ਜਾਂ ਇਸਲਾਮੀ ਮਤ ਨੂੰ ਗ੍ਰਹਿਣ ਕਰਨ ਲਈ ਕਿਹਾ ਗਿਆ, ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਤਜਵੀਜ਼ ਨੂੰ ਠੁਕਰਾ ਦਿੱਤਾ। ਥੱਕ-ਹਾਰ ਕੇ ਜ਼ਾਲਮਾਂ ਨੇ ਇੱਕ ਹੋਰ ਘਟੀਆ ਪੈਂਤੜਾ ਵਰਤੋਂ ਵਿਚ ਲਿਆਂਦਾ ਜਿਸ ਤਹਿਤ ਗੁਰੂ-ਘਰ ਦੇ ਤਿੰਨ ਸਿੱਦਕੀ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਘੋਰ ਤਸੀਹੇ ਦੇ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ।

੧੧ ਨਵੰਬਰ, ੧੬੭੫ ਈ. ਨੂੰ ਗੁਰੂ ਸਾਹਿਬ ਨੂੰ ਕੋਤਵਾਲੀ ਵਿੱਚੋਂ ਬਾਹਰ ਕੱਢਿਆ ਗਿਆ। ਜੇਕਰ ਗੁਰੂ ਸਾਹਿਬ ਦੇ ਸਿੱਖ ਇਨ੍ਹਾਂ ਖੌਫ਼ਨਾਕ ਤਸੀਹਿਆਂ ਅੱਗੇ ਨਹੀਂ ਝੁਕ ਸਕੇ ਤਾਂ ਗੁਰੂ ਸਾਹਿਬ ਦੇ ਝੁਕਣ ਦੀ ਕੋਈ ਉਮੀਦ ਕਰਨੀ ਕਾਜ਼ੀ ਲਈ ਇਕ ਮੂਰਖਤਾ ਦੀ ਨਿਆਈਂ ਹੀ ਕਹੀ ਜਾ ਸਕਦੀ ਸੀ। ਝੁੰਝਲਾਹਟ ਵਿਚ ਆ ਕੇ ਇਸ ਕਾਜ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਧੜ ਤੋਂ ਤਲਵਾਰ ਨਾਲ ਜੁਦਾ ਕਰ ਦੇਣ ਦਾ ਫ਼ਤਵਾ ਜਾਰੀ ਕਰ ਦਿੱਤਾ। ਕਾਜ਼ੀ ਦੇ ਫ਼ਤਵੇ ਮੁਤਾਬਕ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਕੋਤਵਾਲੀ ਵਾਲੇ ਬੋਹੜ ਹੇਠਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਅਮਲ ਅਰੰਭ ਕਰ ਦਿੱਤਾ ਗਿਆ। ਸਮਾਣਾ ਦੇ ਰਹਿਣ ਵਾਲੇ ਜੱਲਾਦ ਜਲਾਲੁੱਦੀਨ ਨੇ ਕਾਜ਼ੀ ਦਾ ਸੰਕੇਤ ਪਾ ਕੇ ਤਲਵਾਰ ਦੇ ਜ਼ੋਰਦਾਰ ਵਾਰ ਨਾਲ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਵੱਖ ਕਰ ਦਿੱਤਾ। ਗੁਰੂ ਜੀ ਦੇ ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰਾ ਨੇ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ ਅਤੇ ਗੁਰੂ ਜੀ ਦਾ ਸੀਸ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਲੈ ਗਏ, ਸੀਸ ਦਾ ਅੰਤਮ ਸਸਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਕੀਤਾ।

ਮਨੁੱਖਤਾ ਦੇ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇਕ ਅਦੁੱਤੀ ਸ਼ਹੀਦੀ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ, ਕਿਉਂਕਿ ਇਹ ਸ਼ਹਾਦਤ ਕੱਟੜਵਾਦੀ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ ਕਰ ਕੇ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਹੱਕਾਂ ਦੀ ਬਰਾਬਰੀ ਹਿੱਤ ਦਿੱਤੀ ਗਈ ਹੈ। ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ■

# ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ

*-ਬੀਬੀ ਮਨਜੀਤ ਕੌਰ ਲੱਖਪੁਰ**

ਚਮਕੌਰ ਗੜ੍ਹੀ ਦੀ ਜੰਗ ਦਾ ਸਿੱਖ ਇਤਿਹਾਸ ਵਿਚ ਵਿਲੱਖਣ ਸਥਾਨ ਹੈ। ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਸੰਬਰ ੧੭੦੪ 'ਚ ਸ੍ਰੀ ਅਨੰਦਪੁਰ ਸਾਹਿਬ ਕਿਲ੍ਹੇ ਨੂੰ ਛੱਡਣ ਉਪਰੰਤ ਵਾਅਦਿਆਂ ਤੋਂ ਮੁਨਕਰ ਹੋਏ ਫਰੇਬੀ ਰਾਜਿਆਂ ਨਾਲ ਕਹਿਰ ਦੀ ਸਰਦੀ ਵਿਚ ਸਰਸਾ ਨਦੀ ਦੇ ਕੰਢੇ 'ਤੇ ਜੰਗ ਕਰਨੀ ਪਈ। ਇਹ ਸਿੱਖ ਇਤਿਹਾਸ ਵਿਚ ਸਰਸਾ ਦੀ ਜੰਗ ਦੇ ਨਾਮ ਨਾਲ ਪ੍ਰਸਿੱਧ ਹੋਈ। ਪਹਾੜੀ ਰਾਜਿਆਂ ਦੁਆਰਾ ਖਾਧੀਆਂ ਗਊ ਅਤੇ ਜਨੇਊ ਦੀਆਂ ਕਸਮਾਂ ਅਤੇ ਹਾਕਮਾਂ ਦੁਆਰਾ ਖਾਧੀਆਂ ਕੁਰਾਨ ਦੀਆਂ ਝੂਠੀਆਂ ਕਸਮਾਂ ਤੋੜਨ ਦੇ ਉੱਤਰ ਵਿਚ ਇਕ ਪੱਤਰ 'ਜ਼ਫ਼ਰਨਾਮਾ' ਦੇ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹੀਉਦੀਨ ਆਲਮਗੀਰ ਔਰੰਗਜ਼ੇਬ ਨੂੰ ਸੱਚ-ਝੂਠ ਦੇ ਅੰਤਰ ਨੂੰ ਸਮਝਣ ਦੀ ਜਾਣਕਾਰੀ ਦੇਣ ਲਈ ਲਿਖਿਆ ਉਸ ਦੇ ਬੰਦ ੧੯,੪੬,੪੭ ਇਸ ਤਰ੍ਹਾਂ ਬਿਆਨ ਕਰਦੇ ਹਨ :

*ਕਸਮ ਮੁਸਹਫੇ ਖ਼ੁਫ਼ੀਯਹ ਗਰ ਈਂ ਖ਼ੁਰਮ।*
*ਨ ਅਫ਼ਵਾਜ ਅਜ਼ੀਂ ਜ਼ੇਰਿ ਸੁਮ ਅਫ਼ਗਨਮ।੧੯।*

ਔਰੰਗਜ਼ੇਬ ਤੇਰੀ ਥਾਂ 'ਤੇ ਮੈਂ ਹੁੰਦਾ ਤਾਂ ਖ਼ੁਦਾ ਨੂੰ ਸਾਖੀ ਮੰਨ ਕੇ ਅਤੇ ਕੁਰਾਨ ਦੀ ਕਸਮ ਖਾ ਕੇ ਕਦੀ ਵੀ ਉਸ ਨੂੰ ਤੋੜਦਾ ਨਾ ਅਤੇ ਨਾ ਹੀ ਕਦੀ ਆਪਣੀ ਫੌਜ ਨੂੰ ਹਮਲਾਵਰ ਹੋਣ ਦਿੰਦਾ।

*ਨਾ ਈਮਾਂ ਪਰਸਤੀ ਨ ਅਉਜ਼ਾਇ ਦੀਂ।*
*ਨ ਸਾਹਿਬ ਸ਼ਨਾਸੀ ਨ ਮੁਹੱਮਦ ਯਕੀਂ।੪੬।*

ਔਰੰਗਜ਼ੇਬ! ਧਰਮ ਈਮਾਨ ਵਾਲੀ ਤੇਰੇ ਵਿਚ ਕੋਈ ਗੱਲ ਨਹੀਂ ਹੈ, ਨਾ ਤੂੰ ਖ਼ੁਦਾ ਨੂੰ ਜਾਣਦਾ ਹੈ ਅਤੇ ਨਾ ਹੀ ਮੁਹੰਮਦ ਸਾਹਿਬ 'ਤੇ ਤੇਰਾ ਯਕੀਨ ਹੈ।

*ਹਰਾਂ ਕਸ ਕਿ ਈਮਾਂ ਪਰਸਤੀ ਕੁਨੱਦ।*
*ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨੱਦ।੪੭।*

ਜੋ ਇਨਸਾਨ ਖ਼ੁਦਾਪ੍ਰਸਤ ਬਣ ਕੇ ਈਮਾਨ ਪਾਲਦਾ ਹੈ ਉਹ ਆਪਣੇ ਕੀਤੇ ਵਾਅਦੇ ਤੋਂ ਕਦੀ ਮੁਨਕਰ ਨਹੀਂ ਹੁੰਦਾ।

ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਮੁਗ਼ਲਾਂ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਘੇਰਾ ਏਨਾ ਸਖ਼ਤ ਕਰ ਦਿੱਤਾ ਸੀ ਕਿ ਅੰਦਰ ਅੰਨ-ਪਾਣੀ ਜਾਣਾ ਵੀ ਬਹੁਤ ਮੁਸ਼ਕਲ ਹੋ ਗਿਆ ਸੀ ਜਿਸ ਦੌਰਾਨ ਪ੍ਰਸ਼ਾਦੀ ਹਾਥੀ ਅਤੇ ਬਹੁਤ ਸਾਰੇ

**ਪਿੰਡ ਤੇ ਡਾਕ: ਲੱਖਪੁਰ। ਮੋ. +੯੧੯੯੧੫੬-੧੪੯੫੬*

ਸਿੰਘਾਂ ਦੇ ਘੋੜੇ ਦਮ ਤੋੜ ਗਏ ਸਨ। ਗੁਰੂ ਸਾਹਿਬ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੁਆਰਾ ਕੁਰਾਨ ਦੀਆਂ ਖਾਧੀਆਂ ਕਸਮਾਂ ਜਿਸ ਵਿਚ ਔਰੰਗਜ਼ੇਬ ਵੱਲੋਂ ਲਿਖਿਆ ਸੀ :

*"ਕਿ ਤਸ਼ਰੀਫ਼ ਦਰ ਕਸਬਹ 'ਕਾਂਗੜ' ਕੁਨਦ।*
*ਵਜ਼ਾਂਪਸ ਮੁਲਾਕਾਤ ਬਾਹਮ ਸ਼ਵਦ।੫੮।*
*ਨ ਜ਼ੱਰਾ ਦਰੀਂ ਰਾਹਿ ਖ਼ਤਰਹ ਤੁਰਾਸਤ।*
*ਹਮਹ ਕਉਮਿ 'ਬੈਰਾੜ' ਹੁਕਮੇ ਮਰਾ ਅਸਤ।੫੯।*
*ਬਿਆ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।*
*ਬਰੂਏ ਸ਼ੁਮਾ ਮੇਹਰਬਾਨੀ ਕੁਨੇਮ।੬੦।*

'ਤੇ ਵਿਚਾਰ ਕਰ ਕੇ ਜਦੋਂ ਗੁਰੂ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਣ ਦਾ ਨਿਰਣਾ ਕੀਤਾ ਤਾਂ ਕੁਰਾਨ ਅਤੇ ਗਊ ਦੀਆਂ ਖਾਧੀਆਂ ਕਸਮਾਂ ਤੇ ਵਾਅਦੇ ਛਿੱਕੇ ਟੰਗ ਕੇ ਪਿੱਠ ਪਿੱਛੇ ਵਾਰ ਕਰਨ ਆ ਚੜੀ ਸ਼ਾਹੀ ਫੌਜ ਅਤੇ ਪਹਾੜੀ ਰਾਜਿਆਂ ਨਾਲ ਗੁਰੂ ਦੇ ਖਾਲਸੇ ਨੂੰ ਸਰਸਾ ਨਦੀ ਦੇ ਕੰਢੇ 'ਤੇ ਜੰਗ ਕਰਨੀ ਪਈ। ਇਸ ਜੰਗ ਵਿਚ ਭਾਈ ਉਦੇ ਸਿੰਘ, ਭਾਈ ਰਣਧੀਰ ਸਿੰਘ, ਭਾਈ ਰਣਜੋਧ ਸਿੰਘ, ਭਾਈ ਜੀਵਨ ਸਿੰਘ ਰੰਘਰੇਟਾ ਅਤੇ ਹੋਰ ਬਹੁਤ ਸਾਰੇ ਸਿੰਘ ਗਰਮਜੋਸ਼ੀ ਨਾਲ ਵੈਰੀਆਂ ਨਾਲ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਬਹੁਤ ਸਾਰੇ ਸਿੰਘ ਸਰਸਾ ਦੇ ਪਾਣੀ ਦੇ ਤੀਬਰ ਵਹਾਅ ਦੀ ਭੇਟ ਚੜ੍ਹ ਗਏ। ਇੱਥੇ ਹੀ ਗੁਰੂ ਸਾਹਿਬ ਜੀ ਆਪਣੇ ਛੋਟੇ ਲਾਲਾਂ ਅਤੇ ਮਾਤਾ ਜੀ ਨਾਲੋਂ ਵਿੱਛੜ ਗਏ। ਉਸ ਜਗ੍ਹਾ 'ਤੇ ਉਨ੍ਹਾਂ ਮਹਾਨ ਆਤਮਾਵਾਂ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ 'ਪਰਵਾਰ ਵਿਛੋੜਾ' ਸਾਹਿਬ ਸੁਸ਼ੋਭਿਤ ਹੈ।

ਪਿਤਾ ਤੋਂ ਵਿੱਛੜੇ ਹੋਏ ਛੋਟੇ ਲਾਲਾਂ ਅਤੇ ਮਾਤਾ ਗੁਜਰੀ ਜੀ ਨੂੰ ਮੌਕੇ ਦਾ ਫਾਇਦਾ ਉਠਾ ਕੇ ਗੁਰੂ ਸਾਹਿਬ ਦਾ ਰਸੋਈਆ ਗੰਗੂ ਆਪਣੇ ਪਿੰਡ ਸਹੇੜੀ ਲੈ ਗਿਆ। ਇਸ ਫਰੇਬੀ ਨੇ ਮੋਹਰਾਂ ਦੇ ਲਾਲਚ ਵਸ ਹੋ ਕੇ ਗੁਰੂ-ਘਰ ਨਾਲ ਧੋਖਾ ਕੀਤਾ। ਗੁਰੂ ਸਾਹਿਬ ਦੇ ਛੋਟੇ ਲਾਲ ਤੇ ਮਾਤਾ ਜੀ ਨੂੰ ਮੋਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਦੇ ਹਵਾਲੇ ਕਰ ਦਿੱਤਾ।

ਸਰਸਾ ਦੀ ਜੰਗ ਤੋਂ ਬਾਅਦ ਜਦੋਂ ਗੁਰੂ ਸਾਹਿਬ ਜੀ ਚਮਕੌਰ ਪਿੰਡ ਪਹੁੰਚ ਗਏ। ਉਸ ਵੇਲੇ ਗੁਰੂ ਸਾਹਿਬ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲੇ ਵੱਡੇ ਜਥੇ ਦੇ ਰੂਪ ਵਿੱਚੋਂ ਦੋਵੇਂ ਵੱਡੇ ਸਾਹਿਬਜ਼ਾਦਿਆਂ ਤੋਂ ਇਲਾਵਾ ੪੦ ਦੇ ਕਰੀਬ ਸਿੰਘ ਰਹਿ ਗਏ ਸਨ।

ਚਮਕੌਰ ਪਿੰਡ ਵਿਖੇ ਆ ਕੇ ਗੁਰੂ ਸਾਹਿਬ ਜੀ ਨੇ ਪਿੰਡ ਦੇ ਬਾਹਰਵਾਰ ਰਾਏ ਜਗਤ ਸਿੰਘ ਦੇ ਬਾਗ ਵਿਚ ਆਪਣਾ ਆਸਣ ਲਾਇਆ। ਇਸ ਜਗ੍ਹਾ 'ਤੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਰਾਤ ਵੇਲੇ ਆਪ ਜੀ ਨੇ ਛੋਟੇ ਜਿਹੇ ਕਿਲ੍ਹੇ ਦੇ ਅਕਾਰ ਦੀ ਕੱਚੀ ਹਵੇਲੀ ਰੂਪੀ ਗੜ੍ਹੀ ਵਿਚ ਵਿਸ਼ਰਾਮ ਕੀਤਾ।

ਗੁਰੂ ਸਾਹਿਬ ਦੀ ਸਰਸਾ ਤੋਂ ਬਚ ਨਿਕਲਣ ਅਤੇ ਚਮਕੌਰ ਵਿਖੇ ਰੁਕਣ ਦੀ ਖ਼ਬਰ ਸ਼ਾਮ ਤਕ ਹਕੂਮਤ ਦੇ ਕੰਨਾਂ ਤਕ ਪਹੁੰਚ ਗਈ ਸੀ। ਗੁਰੂ ਸਾਹਿਬ ਅਤੇ ਗੁਰੂ ਦੇ ਖਾਲਸੇ

ਦਾ ਹਕੂਮਤ 'ਤੇ ਭੈਅ ਹੋਣ ਕਰਕੇ, ਰਾਤੋ-ਰਾਤ ਨਾਹਰ ਖਾਂ ਅਤੇ ਖੁਆਜਾ ਜ਼ਫਰ ਬੇਗ ਦੀ ਅਗਵਾਈ ਵਿਚ ਅਣਗਿਣਤ ਫੌਜ ਨੇ ਚਮਕੌਰ ਪਿੰਡ ਨੂੰ ਆ ਘੇਰਾ ਪਾਇਆ।

ਦਿਨ ਚੜ੍ਹਦੇ ਸਾਰ ਹੀ ਦੁਸ਼ਮਣ ਹਨੇਰੀ ਦੀ ਤਰ੍ਹਾਂ ਚਮਕੌਰ ਦੀ ਗੜ੍ਹੀ ਦੇ ਵੱਡੇ ਦਰਵਾਜੇ ਵੱਲ ਵਧਿਆ। ਇਕ ਪਾਸੇ ਤਾਂ ਸਿਰਫ਼ ਗਿਣਤੀ ਦੇ (੪੦) ਭੁੱਖੇ-ਤਿਹਾਏ ਸਿੰਘ ਅਤੇ ਦੂਜੇ ਪਾਸੇ ਅਣਗਿਣਤ ਵੈਰੀ ਦਲ ਦੀਆਂ ਫੌਜਾਂ ਨੇ ਬੇਸ਼ੱਕ ਦੁਪਹਿਰ ਤਕ ਅਨੇਕਾਂ ਵਾਰ ਆਪਣੀ ਪੂਰੀ ਤਾਕਤ ਲਾ ਕੇ ਗੜ੍ਹੀ 'ਤੇ ਹਮਲੇ ਕੀਤੇ। ਹਰ ਵਾਰ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਨਾਹਰ ਖਾਂ ਨੂੰ ਤਾਂ ਗੁਰੂ ਸਾਹਿਬ ਦੇ ਇੱਕੋ ਤੀਰ ਨੇ ਚਿੱਤ ਕਰ ਦਿੱਤਾ। ਜ਼ਫ਼ਰ ਬੇਗ ਨੇ ਕੰਧ ਓਹਲੇ ਲੁਕ ਕੇ ਜਾਨ ਬਚਾਈ। ਇਸ ਘਮਸਾਨ ਦੀ ਜੰਗ ਵਿਚ ਬਹੁਤ ਸਾਰੇ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਇਸ ਗੱਲ ਨੂੰ ਗੁਰੂ ਸਾਹਿਬ ਜੀ 'ਜ਼ਫ਼ਰਨਾਮਾ' ਵਿਚ ਇਸ ਤਰ੍ਹਾਂ ਸਪਸ਼ਟ ਕਰਦੇ ਹਨ:

*ਹਮ ਆਖ਼ਿਰ ਚਿਹ ਮਰਦੀ ਕੁਨਦ ਕਾਰਜ਼ਾਰ।*
*ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ ॥੪੧॥*

ਚਮਕੌਰ ਗੜ੍ਹੀ ਦੀ ਜੰਗ ਵਿਚ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਅਦੁੱਤੀ ਸ਼ਹਾਦਤ ਦੇ ਨਾਲ ਤਿੰਨ ਪਿਆਰਿਆਂ ਸਮੇਤ ਅਨੇਕਾਂ ਹੋਰ ਸਿੰਘਾਂ ਦੀ ਸ਼ਹਾਦਤ ਹੋ ਗਈ। ਜਿਸ ਦੇ ਦੁਖਾਂਤ ਨੂੰ ਖਾਲਸਾ ਪੰਥ ਨੇ ਅਪਣੇ ਦਿਲਾਂ 'ਤੇ ਹੰਢਾਇਆ। ਬੇਸ਼ੱਕ ਪੁੱਤਰ ਵੀ ਸ਼ਹੀਦ ਹੋ ਗਏ ਪਰ ਗੁਰੂ ਸਾਹਿਬ ਪੁੱਤਰਾਂ ਦੀ ਸ਼ਹਾਦਤ ਤੋਂ ਰਤੀ ਭਰ ਵੀ ਡੋਲੇ ਨਹੀਂ, ਕਿਉਂਕਿ ਪੁੱਤਰਾਂ ਨਾਲੋਂ ਜ਼ਿਆਦਾ ਪਿਆਰ ਤਾਂ ਉਹ ਆਪਣੇ ਖਾਲਸੇ ਨੂੰ ਕਰਦੇ ਸਨ। ਗੁਰੂ ਸਾਹਿਬ ਪੁੱਤਰਾਂ ਦੀ ਸ਼ਹਾਦਤ 'ਤੇ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ।

ਸੂਰਜ ਅਸਤ ਹੋਣ ਨਾਲ ਜਦੋਂ ਜੰਗ ਬੰਦ ਹੋਈ। ਗੜ੍ਹੀ ਵਿਚ ਗਿਣਤੀ ਦੇ ਸਿੰਘ ਰਹਿ ਗਏ ਸਨ, ਜਿਨ੍ਹਾਂ ਵਿਚ ਸ਼ਹੀਦ ਪਿਤਾ ਦਾ ਪੁੱਤਰ ਅਤੇ ਸ਼ਹੀਦ ਪੁੱਤਰਾਂ ਦਾ ਪਿਤਾ ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਸੀ। ਜਦ ਰਾਤ ਦਾ ਦੂਸਰਾ ਪਹਿਰ ਹੋਇਆ ਤਾਂ ਸਿੰਘਾਂ ਨੇ ਦੁਸ਼ਮਣ ਦਾ ਘੇਰਾ ਦੇਖਦੇ ਹੋਏ ਅਤੇ ਬਿਖੜੇ ਸਮੇਂ ਵਿਚ ਵੀ ਗੁਰੂ ਸਾਹਿਬ ਜੀ ਦੀ ਅਗਵਾਈ ਦੀ ਲੋੜ ਨੂੰ ਮਹਿਸੂਸ ਕੀਤਾ। ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਸਮੇਂ ਖਾਲਸੇ ਨੂੰ ਬਖ਼ਸ਼ੀ ਵਡਿਆਈ ਸਨਿਮਰ ਆਪੇ ਗੁਰੂ ਅਤੇ ਆਪੇ ਚੇਲਾ ਬਣਨ ਵਾਲੇ ਦਸਮੇਸ਼ ਪਿਤਾ ਜੀ ਦੇ ਸਨਮੁਖ ਹੋ ਕੇ ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਜੀ ਨੂੰ ਆਪਣੇ ਪਿਆਰ ਦਾ ਵਾਸਤਾ ਦਿੰਦੇ ਹੋਏ ਚਮਕੌਰ ਦੀ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ। ਪ੍ਰਸਿੱਧ ਕਵੀ ਸ. ਕਰਤਾਰ ਸਿੰਘ ਬਲੱਗਣ ਨੇ ਗੜ੍ਹੀ ਛੱਡਣ ਸਮੇਂ ਦੇ ਹਾਲਾਤਾਂ ਨੂੰ ਬਹੁਤ ਸੁੰਦਰ ਕਾਵਿ-ਬੰਦ ਕੀਤਾ ਹੈ:

*ਸਾਡੇ ਜਿਹੇ ਲੱਖਾਂ ਪੈਦਾ ਕਰੇਂਗਾ ਤੂੰ,*
*ਪਾਸਾ ਅਸਾਂ ਕੋਈ ਜਗਤ ਦਾ ਥੰਮਣਾ ਨਹੀਂ।*
*ਪਰ ਜੇ ਤੂੰ ਨਾ ਰਹਿਓ ਦਸਮੇਸ਼ ਦੂਲੇ,*

*ਗੋਬਿੰਦ ਸਿੰਘ ਮੁੜ ਕੇ ਫੇਰ ਜੰਮਣਾ ਨਹੀਂ।*
*ਤੂੰ ਹੈਂ ਗੁਰੂ ਤੇ ਖਾਲਸਾ ਗੁਰੂ ਤੇਰਾ,*
*ਉਹਦਾ ਹੁਕਮ ਪਰਤਾਣ ਦੀ ਆਗਿਆ ਨਹੀਂ।*
*ਤੇਰੀ ਜਾਨ ਅਮਾਨਤ ਹੈ ਖਾਲਸੇ ਦੀ,*
*ਉਹਨੂੰ ਕਿਤੇ ਅਵਾਣ ਦੀ ਆਗਿਆ ਨਹੀਂ।*

ਅੱਗੇ ਦਾ ਦ੍ਰਿਸ਼ ਕਵੀ ਦੀ ਕਲਮ ਇਸ ਤਰ੍ਹਾਂ ਕਲਮ-ਬੰਦ ਕਰਦੀ ਹੈ:

*ਗੋਬਿੰਦ ਕਿਹਾ ਗੰਭੀਰਤਾ ਨਾਲ ਸਿੰਘੋ!*
*ਕੀ ਮੈਂ ਪਿੱਠ ਵਿਖਾ ਕੇ ਨੱਠ ਜਾਵਾਂ?*
*ਜਿੰਨ੍ਹਾ ਮੌਤ ਤੀਕਰ ਮੇਰਾ ਸਾਥ ਦਿੱਤਾ,*
*ਮੈਂ ਉਹ ਪੁੱਤ ਮਰਵਾ ਕੇ ਨੱਠ ਜਾਵਾਂ?*
*ਚਾਰ ਦਿਨਾਂ ਦੀ ਕੂੜੀ ਜਿਹੀ ਜਿੰਦਗੀ ਲਈ,*
*ਮੈਂ ਹੁਣ ਘੋੜਾ ਭਜਾ ਕੇ ਨੱਠ ਜਾਵਾਂ?*
*ਅੰਮ੍ਰਿਤ ਦੇ ਕੇ ਜਿੰਨ੍ਹਾਂ ਨੂੰ ਅਮਰ ਕੀਤੈ,*
*ਮੈਂ ਉਹ ਪੁੱਤ ਮਰਵਾ ਕੇ ਨੱਠ ਜਾਵਾਂ?*

ਭਾਵੇਂ ਗੁਰੂ ਸਾਹਿਬ ਜੀ ਜੰਗ ਵਿਚ ਵੈਰੀਆਂ ਨਾਲ ਜੂਝਦੇ ਹੋਏ ਸ਼ਹਾਦਤ ਪ੍ਰਾਪਤ ਕਰਨਾ ਚਾਹੁੰਦੇ ਸਨ। ਪਰ ਕਲਗੀਆਂ ਵਾਲੇ ਨੇ ਖਾਲਸੇ ਦੇ ਨਿਰਣੇ ਅੱਗੇ ਸਿਰ ਨਿਵਾਇਆ ਅਤੇ ਇਹ ਫੁਰਮਾਇਆ, "ਖਾਲਸਾ ਜੀ! ਇਸ ਵੇਲੇ ਤੁਸੀਂ ਗੁਰੂ ਪ੍ਰਾਪਤ ਰੁਤਬੇ ਬਰਾਬਰ ਹੋ, ਤੁਹਾਡੇ ਵਿਚ ਅਤੇ ਗੁਰੂ ਵਿਚ ਛਿਨ-ਮਾਤਰ ਵੀ ਭੇਦ ਨਹੀਂ ਹੈ, ਇਸ ਲਈ ਤੁਹਾਡਾ ਹੁਕਮ ਸਿਰ ਮੱਥੇ ਪ੍ਰਵਾਨ ਹੈ।"

*ਸੁਣਿਆ ਗੁਰੂ ਨੇ 'ਗੁਰੂ' ਦਾ ਹੁਕਮਨਾਮਾ,*
*ਛੇਤੀ ਸੀਸ ਝੁਕਾ ਕੇ ਉੱਠ ਟੁਰਿਆ।*
*ਹੱਥ ਜੋੜ ਦਿੱਤੇ ਅੱਖਾਂ ਭਰ ਆਈਆਂ,*
*ਅਤੇ ਹੁਕਮ ਬਜਾ ਕੇ ਉੱਠ ਟੁਰਿਆ,*
*ਭੇਟਾ ਪੰਥ ਦੀ ਕਲਗੀਆਂ ਜ਼ਿਗੇ ਕੀਤੇ,*
*ਬਾਜ ਉਂਗਲੀ ਲਾ ਕੇ ਉੱਠ ਟੁਰਿਆ।*
*ਗੋਬਿੰਦ ਸਿੰਘ ਆਪੇ ਗੁਰੂ ਆਪ ਚੇਲਾ,*
*ਜਗਤ ਤਾਂਈ ਵਿਖਾ ਕੇ ਉੱਠ ਤੁਰਿਆ।*

ਗੁਰੂ ਪਿਤਾ ਨੇ ਖਾਲਸਾ-ਪੰਥ ਨੂੰ ਵਡਿਆਈ ਬਖਸ਼ਿਸ਼ ਕਰ ਕੇ ਇਕ ਐਸਾ ਵਿਲੱਖਣ ਇਤਿਹਾਸ ਸਿਰਜਿਆ, ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ ਕਿ ਗੁਰੂ ਨੇ ਆਪਣੇ ਸੀਸ 'ਤੇ ਸਜੀ ਸ਼ਹਿਨਸ਼ਾਹੀ ਦੀ ਪ੍ਰਤੀਕ ਹੀਰਿਆਂ ਜੜ੍ਹੀ ਕਲਗੀ ਆਪਣੇ ਸੀਸ ਤੋਂ ਉਤਾਰ ਕੇ ਆਪਣੇ ਹੱਥੀਂ ਆਪਣੇ ਕਿਸੇ ਮੁਰੀਦ ਦੇ ਸੀਸ 'ਤੇ ਸਜਾਈ ਹੋਵੇ। ਇਹ ਗੁਰੂ ਨਾਨਕ ਸਾਹਿਬ ਦੇ ਦਰ ਦੀ ਵਡਿਆਈ ਹੈ ਕਿ

ਇਸ ਦਰ 'ਤੇ ਅਮਲਾਂ ਦੀ ਪਰਖ ਕੀਤੀ ਜਾਂਦੀ ਹੈ। ਜਿਨ੍ਹਾਂ ਗੁਣਾਂ ਦੀ ਪਰਖ ਤਹਿਤ ਦਸਮ ਪਾਤਸ਼ਾਹ ਨੇ ਆਪਣੇ ਬਚਪਨ ਦੇ ਬੇਲੀ, ਹਮ-ਸ਼ਕਲ ਅਤੇ ਹਮ-ਉਮਰ ਭਾਈ ਸੰਗਤ ਸਿੰਘ ਜੀ, ਜੋ ਗੁਰੂ ਸਾਹਿਬ ਜੀ ਤੋਂ ਚਾਰ ਕੁ ਮਹੀਨੇ ਛੋਟੇ ਸਨ ਅਤੇ ਗੁਰੂ-ਘਰ ਤੋਂ ਲਗਾਈ ਜਾਂਦੀ ਹਰ ਸੇਵਾ ਨੂੰ ਸੀਸ ਝੁਕਾ ਕੇ ਪ੍ਰਵਾਨ ਕਰਦੇ ਸਨ, ਜੋ ਦਲੇਰ ਜੰਗਜੂ ਸਿਪਾਹੀ ਵੀ ਸਨ, ਇਹੀ ਕਾਰਨ ਸੀ ਕਿ ਗੁਰੂ ਸਾਹਿਬ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਧਰਮ-ਯੁੱਧ ਦੀ ਇਸ ਸੇਵਾ ਲਈ ਵਡਮੁੱਲਾ ਮਾਣ ਬਖਸ਼ਿਸ਼ ਕਰ ਕੇ ਆਪਣੀ ਛਾਤੀ ਨਾਲ ਲਾਇਆ। ਆਪਣੀ ਹੀਰਿਆਂ ਜੜ੍ਹੀ ਕਲਗੀ, ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾਈ। ਆਪਣੇ ਸ਼ਸਤਰ-ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕਰ ਕੇ ਧਰਮ-ਯੁੱਧ ਲਈ ਥਾਪੜਾ ਦਿੱਤਾ। ਗੁਰੂ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਭੂਮੀ 'ਤੇ ਖੜ੍ਹੇ ਹੋ ਕੇ ਸਿੱਖਾਂ ਪ੍ਰਤੀ ਜੋ ਬਚਨ ਕੀਤੇ ਸਨ, ਉਨ੍ਹਾਂ ਨੂੰ ਅਮਲ ਵਿਚ ਲਿਆਂਦਾ ਕਿ:

*ਨਾਉਂ ਗਰੀਬ ਨਿਵਾਜ਼ ਹਮਾਰਾ, ਹੈ ਜਗ ਮੇਹਿ ਪ੍ਰਸਿਧ ਅਪਾਰਾ।*
*ਸੋ ਸਫਲਾ ਜਗ ਮੈਂ ਤਬ ਭੌਂ ਹੈਂ, ਲਘੂ ਜਾਤਨ ਕੋ ਬਡਪਨ ਦੇ ਹੈਂ।*
*ਜਿਨ ਕੀ ਜਾਤ ਔਰ ਕੁਲ ਮਾਹੀਂ, ਸਰਦਾਰੀ ਨਹਿ ਭਈ ਕਦਾਂਹੀ।*
*ਇਨ ਹੀ ਕੋ ਸਰਦਾਰ ਬਨਾਵੋਂ, ਤਬੈ ਗੋਬਿੰਦ ਸਿੰਘ ਨਾਮ ਸਦਾਵੋਂ।*

'ਗੁਰਬਿਲਾਸ ਪਾਤਸ਼ਾਹੀ ੧੦ਵੀਂ' ਵਿਚ ਕੁਇਰ ਸਿੰਘ ਲਿਖਦੇ ਹਨ:

*. . . ਪੁਨਿ, ਕਲਗੀ ਔ ਜਿਗਾ ਸੁਖਦਾਨੀ।*
*ਸੰਗਤ ਸਿੰਘ ਹੈ ਨਾਮ ਜਿਸੈ ਕਛੁ, ਤਾ ਬਪੁ ਹੈ ਕਰਿ ਸ੍ਰੀ ਗੁਰ ਸਾਨੀ॥੨੯॥*
*ਮੁਕਟ ਦਯੋ ਅਸ ਬੈਨ ਕਹੈ, "ਤੁਮ ਮੋ ਪਰ ਜਾਇ ਅਬੈ ਸੁਨ ਪਾਹੀ।*
*ਮੈਂ ਪਛ ਆਵਹੁ ਕਾਮ ਰਹੈ ਕਛੁ", ਥਾਪੀ ਦਈ ਤਿਨ ਕੋ ਬਰ ਬਾਹੀ।*
*ਆਪਨੇ ਆਸਨ ਤਾਹਿ ਬੈਠਾਇ ਕੇ, ਕੀਨ ਖੁਸੀ ਅਤਿਸੈ ਸੁਖ ਮਾਹੀ।*
*ਦ੍ਵੈ ਕਰ ਬਾਨ ਕਰੋ ਖਲ ਖੰਡਨ, ਜਾਵਤ ਹੈਂ ਹਮ ਮਾਲਵ ਤਾਹੀ॥੩੦॥*

ਭਾਈ ਸੰਗਤ ਸਿੰਘ ਜੀ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿਚ ਮੇਰੇ ਮੋਰਚੇ ਵਾਲੇ ਆਸਣ 'ਤੇ ਬੈਠਣਾ। ਦਿਨ ਚੜ੍ਹੇ ਜਦੋਂ ਮੁਗ਼ਲ ਫੌਜਾਂ ਗੜ੍ਹੀ 'ਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ। ਜਿਉਂਦੇ ਜੀਅ ਵੈਰੀ ਦੇ ਹੱਥ ਨਹੀਂ ਆਉਣਾ। ਮੈਦਾਨ-ਏ-ਜੰਗ ਵਿਚ 'ਦ੍ਵੈ ਕਰ ਬਾਨ ਕਰੋ ਖਲ ਖੰਡਨ' ਭਾਵ ਕਿ ਦੋਹੀਂ-ਦੋਹੀਂ ਹੱਥੀਂ ਤੀਰ ਚਲਾ ਕੇ ਵੈਰੀ ਦਾ ਖਾਤਮਾ ਕਰਨਾ ਹੈ। ਮੈਦਾਨ-ਏ-ਜੰਗ ਵਿਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀਂ। ਧਰਮ-ਯੁੱਧ ਪ੍ਰਤੀ ਗੁਰੂ ਸਾਹਿਬ ਦੇ ਵਿਚਾਰ 'ਜ਼ਫ਼ਰਨਾਮਾ' ਵਿਚ ਇਸ ਤਰ੍ਹਾਂ ਅੰਕਿਤ ਹਨ:

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥*
*ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ ॥*

ਜਦੋਂ ਸਿੰਘਾਂ ਦੀ ਬੇਨਤੀ 'ਤੇ ਗੁਰੂ ਸਾਹਿਬ ਜੀ ਚਮਕੌਰ ਦੀ ਗੜ੍ਹੀ ਨੂੰ ਅਲਵਿਦਾ ਕਹਿ ਕੇ ਚੱਲੇ ਸਨ ਤਾਂ ਉਸ ਵੇਲੇ ਉਨ੍ਹਾਂ ਦੇ ਨਾਲ ਤਿੰਨ ਸਿੰਘ ਸਨ। ਭਾਈ ਮਾਨ ਸਿੰਘ

ਤੋਂ ਇਲਾਵਾ ਵੈਸਾਖੀ 'ਤੇ ਸਾਜੇ ਗਏ ਪੰਜਾਂ ਪਿਆਰਿਆਂ ਵਿੱਚੋਂ ਦੋ ਪਿਆਰੇ— ਭਾਈ ਧਰਮ ਸਿੰਘ ਜੀ ਅਤੇ ਭਾਈ ਦਇਆ ਸਿੰਘ ਜੀ ਇਨ੍ਹਾਂ 'ਚ ਸ਼ਾਮਲ ਸਨ।

ਚਮਕੌਰ ਦੀ ਜੰਗ ਤੋਂ ਪਹਿਲਾਂ ਭਾਈ ਸੰਗਤ ਸਿੰਘ ਜੀ ਨੇ ਬਸੀ ਕਲਾਂ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਪੰਡਤਾਣੀ ਛੁਡਾਉਣ, ਭੰਗਾਣੀ ਦਾ ਯੁੱਧ, ਅਗੰਮਪੁਰੇ ਦੀ ਲੜਾਈ, ਸਰਸਾ ਦੀ ਜੰਗ ਵਿਚ ਪੂਰੀ ਬਹਾਦਰੀ ਅਤੇ ਸੂਰਬੀਰਤਾ ਦਾ ਸਬੂਤ ਦਿੱਤਾ ਸੀ। ਭਾਈ ਸੰਗਤ ਸਿੰਘ ਜੀ ਨੂੰ ਗੁਰੂ ਸਾਹਿਬ ਜੀ ਦੀ ਤਰ੍ਹਾਂ ਦੋਹਾਂ ਹੱਥਾਂ ਨਾਲ ਤੀਰ-ਅੰਦਾਜ਼ੀ ਕਰਨ ਵਿਚ ਮੁਹਾਰਤ ਹਾਸਲ ਸੀ। ਇਹ ਮੁਹਾਰਤ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਸਾਹਿਬ ਜੀ ਦੇ ਬਚਪਨ ਦੇ ਸਾਥ ਤੋਂ ਪ੍ਰਾਪਤ ਹੋਈ ਸੀ। ਦੂਜਾ ਗੁਰੂ ਸਾਹਿਬ ਜੀ ਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਸੀਸ ਝੁਕਾਉਂਦਿਆਂ ਹੋਇਆਂ ਭਾਈ ਸੰਗਤ ਸਿੰਘ ਜੀ ਨੇ ਮਾਲਵੇ ਵਿਚ ਗੁਰੂ-ਘਰ ਦੇ ਸੇਵਾਦਾਰ ਬਣ ਕੇ ਪੂਰੀ ਤਨਦੇਹੀ ਨਾਲ ਸਿੱਖੀ ਦਾ ਪ੍ਰਚਾਰ ਕੀਤਾ ਸੀ।

ਸਵੇਰ ਨੂੰ ਜਦੋਂ ਮੁਗ਼ਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਭਾਈ ਸੰਗਤ ਸਿੰਘ ਜੀ ਦੇ ਪਹਿਨੀਂ ਹੋਈ ਗੁਰੂ ਸਾਹਿਬ ਜੀ ਵਾਲੀ ਪੌਸ਼ਾਕ ਅਤੇ ਕਲਗੀ ਨੇ ਬਾਰ-ਬਾਰ ਮੁਗ਼ਲਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭੁਲੇਖਾ ਪਾਇਆ। ਉਹ ਤਾਬੜ-ਤੋੜ ਹਮਲੇ ਕਰਦੀਆਂ ਰਹੀਆਂ। ਭਾਈ ਸਾਹਿਬ ਜੀ ਨੇ ਵੀ ਪੂਰੀ ਬਹਾਦਰੀ ਦਿਖਾਉਂਦੇ ਹੋਏ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕੀਤਾ। ਕਿਰਪਾਨ, ਤੀਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰ ਕੇ ਮੁਗ਼ਲਾਂ ਦੇ ਆਹੂ ਲਾਹ ਛੱਡੇ। ਜ਼ਖਮੀ ਹੋਏ ਵੀ ਭਾਈ ਸੰਗਤ ਸਿੰਘ ਜੀ ਅੰਤ ਸਮੇਂ ਤਕ ਗੁਰੂ ਫਤਹ ਦੇ ਜੈਕਾਰੇ ਗਜਾਉਂਦੇ ਰਹੇ। ਜ਼ਾਲਮਾਂ ਵਿਰੁੱਧ ਯੁੱਧ ਲਈ ਗੁਰੂ ਸਾਹਿਬ ਜੀ ਦੇ ਫ਼ਲਸਫ਼ੇ 'ਤੇ ਚੱਲਦਿਆਂ ਹੋਇਆਂ ਦੁਸ਼ਮਣਾਂ ਨਾਲ ਚਮਕੌਰ ਦੀ ਅਦੁੱਤੀ ਜੰਗ ਲੜ ਕੇ ਗੁਰੂ-ਆਸ਼ੇ ਨੂੰ ਸਰਅੰਜਾਮ ਦੇ ਕੇ ਅੰਤ ਸ਼ਹਾਦਤ ਦਾ ਜਾਮ ਪੀ ਗਏ।

ਇਸ ਤਰ੍ਹਾਂ ਚਮਕੌਰ ਦੀ ਜੂਝਵੀਂ ਜੰਗ ਵਿਚ ਦਸਮ ਪਿਤਾ ਨੇ ਚਮਕੌਰ ਦੀ ਗੜ੍ਹੀ ਦਾ ਵਿਲੱਖਣ ਇਤਿਹਾਸ ਸਿਰਜਿਆ। ਇਸ ਦੀ ਮਿਸਾਲ ਸੰਸਾਰ ਦੀ ਕਿਸੇ ਵੀ ਇਤਿਹਾਸਿਕ ਜੰਗ ਵਿਚ ਨਹੀਂ ਮਿਲਦੀ, ਜੋ ਬਿਨਾਂ ਕਿਸੇ ਲੋਭ, ਲਾਲਚ ਦੇ ਲੜੀ ਗਈ ਹੋਵੇ। ਸਿੱਖ ਧਰਮ ਦੇ ਬੂਟੇ ਨੂੰ ਸਦਾ ਹਰਾ-ਭਰਾ ਰੱਖਣ ਲਈ ਇਕ ਬਾਪ ਨੇ ਆਪਣੇ ਪੁੱਤਰਾਂ ਦੇ ਖ਼ੂਨ ਨਾਲ ਉਸ ਬੂਟੇ ਨੂੰ ਮਹਿਕਾਇਆ। ਉਸ ਬੂਟੇ ਦੀ ਖਾਤਰ ਗੁਰੂ ਪਿਤਾ ਨੇ ਪੁੱਤਰਾਂ ਦੇ ਨਾਲ ਆਪਣੇ ਨਾਦੀ ਪੁੱਤਰਾਂ (ਖਾਲਸੇ) ਨੂੰ ਕੁਰਬਾਨ ਕੀਤਾ। ਗੰਜਿ-ਸ਼ਹੀਦਾਂ ਵਿਚ ਅੱਲ੍ਹਾ ਯਾਰ ਖਾਂ ਜੋਗੀ ਜੀ ਲਿਖਦੇ ਹਨ:

*ਬੱਸ ਏਕ ਹਿੰਦ ਮੇਂ ਤੀਰਥ ਹੈ, ਯਾਤ੍ਰਾ ਕੇ ਲਿਯੇ।*
*ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ।*
*ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ।*
*ਯਹੀਂ ਸੇ ਬਨ ਕੇ ਸਤਾਰੇ ਗਏ ਸਮਾੱ ਕੇ ਲਿਯੇ।* ■

# ਸ੍ਰੀ ਚਮਕੌਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ:ਇਕ ਅਧਿਐਨ

*-ਸ. ਅਮਨ ਸਿੰਘ**

ਸਿੱਖ ਧਰਮ ਦੀ ਕੇਂਦਰੀ ਸੰਸਥਾ 'ਗੁਰਦੁਆਰਾ' ਹੈ। ਹਰ ਸਿੱਖ ਦਾ ਜਨਮ ਤੋਂ ਅੰਤਿਮ ਸਮੇਂ ਤਕ ਗੁਰਦੁਆਰਾ ਸਾਹਿਬ ਨਾਲ ਸੰਬੰਧ ਜੁੜਿਆ ਰਹਿੰਦਾ ਹੈ। ਗੁਰਦੁਆਰਾ ਸਾਹਿਬਾਨ ਹੋਂਦ ਵਿਚ ਆਉਣ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਜਿਸ ਅਸਥਾਨ ਉੱਤੇ ਵੀ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਸਿੱਖ ਗਏ, ਉੱਥੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸਿੱਖਾਂ ਨੇ ਗੁਰਧਾਮਾਂ ਦਾ ਨਿਰਮਾਣ ਕਰਵਾਇਆ। ਇਸ ਲੇਖ ਵਿਚ ਨਗਰ ਚਮਕੌਰ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ ਜਿਹੜੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ। ਇੱਥੇ ਗੁਰੂ ਜੀ ਦੋ ਵਾਰ ਆਏ ਸਨ। ਸ੍ਰੀ ਚਮਕੌਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਧਾਰਮਿਕ ਅਸਥਾਨ ਸੁਸ਼ੋਭਿਤ ਹਨ ਜੋ ਕਿ ਸਿੱਖ ਚੇਤਨਾ ਦਾ ਸਦੀਵੀ ਹਿੱਸਾ ਹਨ। ਇਸ ਨਗਰ ਦਾ ਇਤਿਹਾਸ ਵਿਲੱਖਣਤਾ ਦਾ ਧਾਰਨੀ ਇਸ ਕਰਕੇ ਹੈ, ਕਿਉਂਕਿ ਇੱਥੇ ਸੰਸਾਰ ਦੀ ਸਭ ਤੋਂ ਅਸਾਵੀਂ ਜੰਗ, ਗੁਰੂ ਜੀ ਦੀ ਅਗਵਾਈ ਵਿਚ ਚਾਲ਼ੀ ਸਿੱਖਾਂ ਅਤੇ ਮੁਗ਼ਲ ਫ਼ੌਜ ਵਿਚਕਾਰ ਹੋਈ। ਇਸ ਦਾ ਜ਼ਿਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਵਿਚ ਵੀ ਕੀਤਾ ਹੈ:

*ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ॥*
*ਕਿ ਦਹ ਲੱਕ ਬਿਆਯਦ ਬਰੋ ਬੇਖ਼ਬਰ॥੧੯॥*

ਭਾਵ ਚਾਲ਼ੀ ਭੁੱਖਣ-ਭਾਣੇ ਵਿਅਕਤੀ ਕੀ ਕਰ ਸਕਦੇ ਸਨ, ਜਦੋਂ ਉਨ੍ਹਾਂ ਉੱਤੇ ਅਚਾਨਕ ਦਸ ਲੱਖ ਸੈਨਿਕ ਟੁੱਟ ਕੇ ਆ ਪਏ ਹੋਣ, ਪਰ ਫਿਰ ਵੀ ਗੁਰੂ ਜੀ ਦੀ ਅਗਵਾਈ ਵਿਚ ਸਿੱਖਾਂ ਨੇ ਬਹੁਤ ਦਲੇਰੀ ਨਾਲ ਲੜਾਈ ਕੀਤੀ ਅਤੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਸ ਜੰਗ ਵਿਚ ਗੁਰੂ ਜੀ ਦੇ ਦੋ ਵੱਡੇ ਸਪੁੱਤਰ— ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ, ਤਿੰਨ ਪਿਆਰੇ— ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਸਮੇਤ ਚਾਲ਼ੀ ਸਿੰਘ ਸ਼ਹੀਦ ਹੋਏ। ਵਰਤਮਾਨ ਵਿਚ ਸ੍ਰੀ ਚਮਕੌਰ ਸਾਹਿਬ, ਇਕ ਪ੍ਰਸਿੱਧ ਇਤਿਹਾਸਿਕ ਸ਼ਹਿਰ ਹੈ। ਪਹਿਲੀ ਵਾਰ ਕੁਰੂਕਸ਼ੇਤਰ ਤੋਂ ਵਾਪਸੀ ਸਮੇਂ, ਉਦੋਂ ਇੱਥੇ ਇਕ ਛੋਟੀ ਲੜਾਈ ਹੋਈ ਅਤੇ ਦੂਜੀ ਵਾਰ ਸ੍ਰੀ ਅਨੰਦਪੁਰ ਸਾਹਿਬ ਛੱਡਣ ਉਪਰੰਤ ਗੁਰੂ ਜੀ ਇੱਥੇ ਆਏ ਤੇ ਮੁਗ਼ਲ ਸੈਨਾ ਨਾਲ ਬੜਾ ਭਾਰੀ ਜੰਗ ਹੋਇਆ ਜੋ ਕਿ ਵਿਸ਼ਵ ਦੇ ਇਤਿਹਾਸ ਵਿਚ ਵਿਲੱਖਣ ਘਟਨਾ ਹੈ।

**ਵਾਰਡ ਨੰ. ੧੧, ਚਮਕੌਰ ਸਾਹਿਬ, ਜ਼ਿਲ੍ਹਾ ਰੂਪਨਗਰ (ਰੋਪੜ)। ਮੋ. ੯੧੪੬੩-੯੭੩੯੮*

ਸ੍ਰੀ ਚਮਕੌਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਪੰਜ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ:-

## ਗੁਰਦੁਆਰਾ ਰਣਜੀਤ ਗੜ੍ਹ ਸਾਹਿਬ

ਗੁਰਦੁਆਰਾ ਰਣਜੀਤ ਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਵਿਚਲਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਸਭ ਤੋਂ ਪਹਿਲਾ ਇਤਿਹਾਸਿਕ ਗੁਰਦੁਆਰਾ ਸਾਹਿਬ ਹੈ, ਜਿਹੜਾ ਕਿ ਸ਼ਹਿਰ ਦੇ ਦੱਖਣ-ਪੂਰਬੀ ਪਾਸੇ ਵੱਲ ਸਥਿਤ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਪਹਿਲੀ ਵਾਰ ਕੁਰੂਕੁਸ਼ੇਤਰ ਤੋਂ ਵਾਪਸ ਆਉਂਦੇ ਹੋਏ ਸ੍ਰੀ ਚਮਕੌਰ ਸਾਹਿਬ ਵਿਚ ਆਏ ਤਾਂ ਉਸ ਸਮੇਂ ਉਨ੍ਹਾਂ ਦੀ ਲੜਾਈ ਦੋ ਸ਼ਾਹੀ ਜਰਨੈਲਾਂ ਦੀ ਅਗਵਾਈ ਵਾਲੀ ਸੈਨਾ ਨਾਲ ਹੋਈ, ਪਰ ਸਿੱਖ ਇਤਿਹਾਸ ਦੀ ਇਸ ਮਹੱਤਵਪੂਰਨ ਘਟਨਾ ਤੋਂ ਬਹੁਤੇ ਲੋਕ ਜਾਣੂ ਨਹੀਂ ਹਨ। 'ਸਿੱਖ ਪੰਥ ਵਿਸ਼ਵਕੋਸ਼' ਅਨੁਸਾਰ, "ਜਦੋਂ ੧੭੦੩ ਦੇ ਸ਼ੁਰੂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਰੂਕਸ਼ੇਤਰ ਤੋਂ ਸ੍ਰੀ ਅਨੰਦਪੁਰ ਸਾਹਿਬ ਵਾਪਸ ਆ ਰਹੇ ਸਨ ਤਾਂ ਅਚਾਨਕ ਹੀ ਉਸ ਸਮੇਂ ਦੋ ਸ਼ਾਹੀ ਜਰਨੈਲ ਸੱਯਦ ਬੇਗ ਅਤੇ ਅਲਿਫ਼ ਖ਼ਾਨ ਵੀ ਫ਼ੌਜੀ ਦਸਤੇ ਸਮੇਤ ਲਾਹੌਰ ਵੱਲ ਕੂਚ ਕਰ ਰਹੇ ਸਨ। ਉਨ੍ਹਾਂ ਦੀ ਖ਼ਾਤਰਦਾਰੀ ਕਰ ਰਹੇ ਕਹਲੂਰ ਦੇ ਰਾਜਾ ਅਜਮੇਰ ਚੰਦ, ਨੇ ਉਨ੍ਹਾਂ ਨੂੰ ਪੈਸੇ ਦਾ ਲਾਲਚ ਦੇ ਕੇ ਗੁਰੂ ਜੀ 'ਤੇ ਹਮਲਾ ਕਰਨ ਲਈ ਉਕਸਾਇਆ। ਅਜੋਕੇ 'ਗੁਰਦੁਆਰਾ ਰਣਜੀਤ ਗੜ੍ਹ' ਦੇ ਅਸਥਾਨ 'ਤੇ ਮੁੱਠ ਭੇੜ ਹੋਈ। ਸਿੱਖ ਭਾਵੇਂ ਕਿ ਮੁਗ਼ਲ ਫ਼ੌਜਾਂ ਨਾਲ ਘਿਰ ਗਏ ਸਨ, ਪਰ ਫਿਰ ਵੀ ਬਹਾਦਰੀ ਨਾਲ ਲੜੇ। ਸੱਯਦ ਬੇਗ ਜਦੋਂ ਗੁਰੂ ਜੀ ਦੇ ਸਾਹਮਣੇ ਆਇਆ ਤਾਂ ਉਨ੍ਹਾਂ ਦੇ ਨੂਰ ਤੋਂ ਇੱਕਦਮ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕਿਆ ਅਤੇ ਇੱਕਦਮ ਪਾਸੇ ਹੋ ਗਿਆ। ਅਲਿਫ਼ ਖ਼ਾਨ ਨੇ ਆਪਣੇ ਸਾਥੀ ਦੇ ਵਿਵਹਾਰ ਤੋਂ ਨਿਰਾਸ਼ ਹੋ ਕੇ, ਦੁੱਗਣੇ ਜ਼ੋਰ ਨਾਲ ਵਾਰ ਕੀਤਾ ਜਿਸ ਨੂੰ ਗੁਰੂ ਜੀ ਨੇ ਪਿੱਛੇ ਧੱਕ ਦਿੱਤਾ। ਇਹ ਘਟਨਾ ੧੫ ਜਨਵਰੀ, ੧੭੦੩ ਈ. ਨੂੰ ਵਾਪਰੀ।"[੧]

'ਗੁਰੂ ਕੀਆਂ ਸਾਖੀਆਂ' ਵਿਚ ਦੱਸਿਆ ਗਿਆ ਹੈ ਕਿ ਦੋਵੇਂ ਜਰਨੈਲਾਂ ਨੇ ਭੱਜ ਕੇ ਆਪਣੀ ਜਾਨ ਬਚਾਈ, "ਗੁਰੂ ਜੀ ਦੇ ਨਾਲ ਸਵਾ ਸੌ ਕੁ ਦੇ ਕਰੀਬ ਸਿੰਘ, ਮਾਤਾ ਗੁਜਰੀ ਅਤੇ ਤਿੰਨੇ ਮਾਤਾਵਾਂ ਸਨ। ਭਾਈ ਉਦੈ ਸਿੰਘ ਆਦਿ ਜੋਧਿਆਂ ਨੇ ਅੱਗੇ ਵਧ ਕੇ ਬਹੁਤ ਚੰਗੀ ਤਰ੍ਹਾਂ ਇਨ੍ਹਾਂ ਮੁਗ਼ਲ ਸਰਦਾਰਾਂ ਦੀ ਖੁੰਬ ਠੱਪੀ। ਇਨ੍ਹਾਂ ਦੋਵਾਂ ਨੇ ਭੱਜ ਕੇ ਜਾਨ ਬਚਾਈ। ਗੁਰੂ ਜੀ ਨੇ ਇੱਥੋਂ ਅਨੰਦਪੁਰ ਸਾਹਿਬ ਨੂੰ ਚਾਲੇ ਪਾਏ।"[੨] ਸੌ ਸਾਖੀ ਵਿਚ ਸ੍ਰੀ ਚਮਕੌਰ ਸਾਹਿਬ ਦੇ ਪਹਿਲੇ ਯੁੱਧ ਬਾਰੇ ਇੰਵ ਲਿਖਿਆ ਹੈ:

*ਏਕ ਬੇਰਿ ਤੁਰਕ ਆਏ ਲੜਨੇ ਰਾਜਿਆਂ ਝੜਾਏ।*
*ਬਡਾ ਜੁੱਧ ਹੂਆ ਚਮਕੌਰ ਮਾਂਹਿ।*[੩]

ਵਰਤਮਾਨ ਸਮੇਂ ਵਿਚ ਇਸ ਗੁਰਦਆਰਾ ਸਾਹਿਬ ਦੀ ਇਮਾਰਤ ਇਕ ਛੋਟੇ ਹਾਲ ਦੇ ਰੂਪ ਵਿਚ ਹੈ, ਪਰ ਉਚਾਈ ਪੱਖੋਂ ਚਾਰ ਮੰਜ਼ਿਲਾ ਉੱਚਾ ਹੈ ਉੱਤੇ ਸਫੈਦ ਗੁੰਬਦ

ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਚੁਗਿਰਦੇ ਅੰਦਰ ਦੋ-ਤਿੰਨ ਅੰਬ ਦੇ ਪੁਰਾਣੇ ਦਰੱਖਤ ਲੱਗੇ ਹੋਏ ਹਨ। ਇਹ ਗੁਰਦੁਆਰਾ ਸ਼ਹਿਰ ਦੀ ਦੱਖਣੀ ਬਾਹੀ ਵੱਲ ਬਾਹਰਵਾਰ ਹੋਣ ਕਰਕੇ ਸ਼ਹੀਦੀ ਜੋੜ ਮੇਲ (੬,੭,੮ ਪੋਹ) ਦੌਰਾਨ ਨਿਹੰਗ ਸਿੰਘ ਇੱਥੇ ਹੀ ਆਪਣਾ ਪੜਾਅ ਕਰਦੇ ਹਨ।

## ਗੁਰਦੁਆਰਾ ਦਮਦਮਾ ਸਾਹਿਬ

ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਚਮਕੌਰ ਸਾਹਿਬ ਦੇ ਮੱਧ ਵਿਚ ਸਥਿਤ ਹੈ। ਕਿਸੇ ਸਮੇਂ ਇੱਥੇ ਚਮਕੌਰ ਦੇ ਚੌਧਰੀ ਦਾ ਬਾਗ਼ ਹੁੰਦਾ ਸੀ। ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਉਪਰੰਤ ਗੁਰੂ ਜੀ ਕੋਟਲਾ ਨਿਹੰਗ, ਬੂਰ ਮਾਜਰਾ ਹੁੰਦੇ ਹੋਏ ਇਸ ਅਸਥਾਨ ਉੱਤੇ ਆ ਕੇ ਠਹਿਰੇ ਸਨ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਸ ਅਸਥਾਨ ਉੱਤੇ ਵਰਤਮਾਨ ਸਮੇਂ ਵਿਚ 'ਗੁਰਦੁਆਰਾ ਦਮਦਮਾ ਸਾਹਿਬ' ਸੁਸ਼ੋਭਿਤ ਹੈ।

*'ਸਿੱਖ ਵਿਸ਼ਵ ਕੋਸ਼'* ਅਨੁਸਾਰ— "ਗੁਰਦੁਆਰਾ ਦਮਦਮਾ ਸਾਹਿਬ ਉਹ ਯਾਦਗਾਰੀ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਦਾ ਕਿਲ੍ਹਾ ਛੱਡਣ ਤੋਂ ਬਾਅਦ ਸਭ ਤੋਂ ਪਹਿਲਾਂ ਚਮਕੌਰ ਪਹੁੰਚਣ 'ਤੇ ਵਿਸ਼ਰਾਮ ਕੀਤਾ। ਇਸ ਥਾਂ 'ਤੇ ਉਸ ਸਥਾਨਕ ਜ਼ਿਮੀਂਦਾਰ, ਰਾਇ ਜਗਤ ਸਿੰਘ ਨਾਲ ਸੰਬੰਧਿਤ ਇਕ ਬਾਗ਼ ਸੀ। ਗੁਰੂ ਜੀ ਨੇ ਰਾਇ ਜਗਤ ਸਿੰਘ ਦੀ ਹਵੇਲੀ ਵਿਚ ਸ਼ਰਨ ਲੈਣ ਲਈ ਉਸ ਕੋਲ ਬੇਨਤੀ ਕਰਨ ਹਿੱਤ ਆਪਣੇ ਕੁਝ ਸਿੱਖ ਭੇਜੇ। ਜਗਤ ਸਿੰਘ ਨੇ ਹਾਕਮਾਂ ਦੇ ਗੁੱਸੇ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਨਾਂਹ ਕਰ ਦਿੱਤੀ, ਪਰ ਉਸ ਹਵੇਲੀ ਦੇ ਸਹਿ-ਮਾਲਕ ਉਸ ਦੇ ਛੋਟੇ ਭਰਾ ਰੂਪ ਚੰਦ, ਨੇ ਗੁਰੂ ਜੀ ਨੂੰ ਹਵੇਲੀ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਦੇ ਦਿੱਤੀ।[੪] ਕਵਿ ਸੈਨਾਪਤਿ ਨੇ ਗੁਰੂ ਜੀ ਦਾ ਚਮਕੌਰ ਦੇ ਬਾਗ਼ ਵਿਚ ਉਤਾਰਾ ਕਰਨ ਦਾ ਵਰਣਨ ਇੰਞ ਕੀਤਾ ਹੈ:

*...ਬਾਗ ਦੇਖਿ ਬੈਠੇ ਤਹਾਂ ਨਿਕਟਿ ਗਾਂਵ ਚਮਕੌਰ॥੪੭੩॥*<br>
*ਖਬਰ ਸੁਨੀ ਜਿਮੀਦਾਰ ਨੇ ਮੱਧ ਬਸੇ ਚਮਕੌਰ।*<br>
*ਸੁਨਤ ਬਚਨ ਤਤਕਾਲ ਹੀ ਵਹੁ ਆਯੋ ਉਠਿ ਦਉਰ॥੪੭੪॥*<br>
*ਹਾਥ ਜੋਰਿ ਐਸੇ ਕਹਿਓ ਬਿਨਤੀ ਸੁਨੋ ਕਰਤਾਰ।*<br>
*ਬਸੋ ਮਧਿ ਚਮਕੌਰ ਕੈ ਆਪਨੀ ਕ੍ਰਿਪਾ ਧਾਰਿ॥੪੭੫॥*<br>
*ਤਬ ਸੁਆਰ ਸਾਹਿਬ ਭਏ ਛਾਡਿ ਬਾਗ ਕੀ ਠਉਰ।*<br>
*ਸਿੰਘ ਸਾਥ ਸਬਹੀ ਲੀਏ ਆਇ ਬਸੇ ਚਮਕਉਰ॥੪੭੬॥*<br>
*ਤਬ ਦੂਤਨ ਕੀਨੇ ਲਿਖੇ ਤੁਮ ਚਲਿ ਆਯੋ ਦਉਰ।*<br>
*ਸਿੰਘ ਰਹੈ ਹੈਂ ਆਨ ਕੈ ਨਿਕਟਿ ਗਾਂਵ ਚਮਕਉਰ॥੪੭੭॥*[੫]

੧੯੩੦ ਈ. ਵਿਚ ਦਿੱਲੀ ਦੇ ਇਕ ਸਰਦਾਰ ਬਹਾਦਰ ਧਰਮ ਸਿੰਘ (੧੮੮੧-੧੯੩੩) ਨੇ ਇੱਥੇ ਇਕ ਛੋਟਾ ਜਿਹਾ ਗੁਰਦੁਆਰਾ ਸਾਹਿਬ ਬਣਵਾਇਆ ਸੀ। ਬਾਅਦ ਵਿਚ ਇਸ ਦੀ ਇਮਾਰਤ ਦੀ ਉਸਾਰੀ ੧੯੬੩ ਈ. ਵਿਚ ਝਾੜ ਸਾਹਿਬ ਨਿਵਾਸੀ ਬਾਬਾ

ਪਿਆਰਾ ਸਿੰਘ ਨੇ ਕਰਵਾਈ। ”[੬] ਇਸ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਸੰਗਤ ਦੇ ਸਹਿਯੋਗ ਨਾਲ ਬਣਵਾਈ ਅਤੇ ਇਕ ਸਰੋਵਰ ਵੀ ਬਣਵਾਇਆ ਹੋਇਆ ਹੈ। ਇਸ ਗੁਰਦਆਰਾ ਸਾਹਿਬ ਵਿਚ ਮੁੱਖ ਦੁਆਰ ਤੋਂ ਅੰਦਰ ਵੜ੍ਹਦਿਆਂ ਹੀ ਸੱਜੇ ਹੱਥ ਇਕ ਪੁਰਾਤਨ ਖੂਹੀ ਹੈ, ਜੋ ਕਿ ਹੁਣ ਵਰਤੋਯੋਗ ਨਹੀਂ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ।

## ਗੁਰਦੁਆਰਾ ਗੜ੍ਹੀ ਸਾਹਿਬ

ਗੁਰਦੁਆਰਾ ਗੜ੍ਹੀ ਸਾਹਿਬ, ਸ੍ਰੀ ਚਮਕੌਰ ਸਾਹਿਬ ਵਿਚ ਇਕ ਉੱਚੀ ਥਾਂ 'ਤੇ ਬਣਿਆ ਹੋਇਆ ਹੈ। ਜਿੱਥੇ ਇਹ ਗੁਰਦੁਆਰਾ ਸਥਿਤ ਹੈ ਉਸ ਥਾਂ 'ਤੇ ਚੌਧਰੀ ਜਗਤ ਸਿੰਘ[੭] ਦੀ ਹਵੇਲੀ ਹੁੰਦੀ ਸੀ।

ਗੁਰਦੁਆਰਾ ਗੜ੍ਹੀ ਸਾਹਿਬ, ਕਿਲ੍ਹੇਨੁਮਾ ਦੋ ਮੰਜ਼ਲੀ ਹਵੇਲੀ ਸੀ ਜਿਸ ਦੇ ਆਲੇ-ਦੁਆਲੇ ਉੱਚੀਆਂ ਦੀਵਾਰਾਂ ਅਤੇ ਉੱਤਰ ਵੱਲ ਇਕ ਪ੍ਰਵੇਸ਼ ਦੁਆਰ ਬਣਿਆ ਹੋਇਆ ਸੀ। ਇਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਵਿਚ ਕਿਲ੍ਹੇ ਵਜੋਂ ਵਰਤਿਆ ਸੀ। ਦਰਮਿਆਨੀ ਰਾਤ ਨੂੰ ਗੜ੍ਹੀ ਵਿਚ ਆ ਜਾਣ ਤੋਂ ਬਾਅਦ ਗੁਰੂ ਜੀ ਨੇ ਚਾਰੇ ਕੋਨਿਆਂ, ਤੇ ਅੱਠ-ਅੱਠ ਸਿੰਘਾਂ ਸਮੇਤ ਭਾਈ ਮਦਨ ਸਿੰਘ ਅਤੇ ਭਾਈ ਕਾਠਾ ਸਿੰਘ, ਨੂੰ ਪ੍ਰਵੇਸ਼ ਦੁਆਰ 'ਤੇ ਨਿਯੁਕਤ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ—ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਅਤੇ ਹੋਰ ਸਿੱਖਾਂ ਸਮੇਤ ਗੜ੍ਹੀ ਵਿਚ ਮੋਰਚਾ ਸੰਭਾਲ ਲਿਆ। ਦੂਜੇ ਪਾਸੇ ਰੋਪੜ, ਸਰਹਿੰਦ ਅਤੇ ਮਲੇਰਕੋਟਲਾ ਦੀਆਂ ਫ਼ੌਜਾਂ ਸਮੇਤ ਸ਼ਾਹੀ ਫ਼ੌਜ ਨੇ ਉੱਥੇ ਪਹੁੰਚ ਕੇ ਗੜ੍ਹੀ ਨੂੰ ਘੇਰਾ ਪਾ ਲਿਆ।[੮] 'ਸ੍ਰੀ ਗੁਰ ਸੋਭਾ' ਵਿਚ ਗੜ੍ਹੀ ਨੂੰ ਘੇਰਾ ਪਾਉਣ ਦਾ ਵਰਣਨ ਇੰਞ ਮਿਲਦਾ ਹੈ:

*ਮਾਨੋ ਘਟਾ ਉਮਡੀ ਚਹੁੰ ਓਰ ਤੇ ਯੋ ਓਮਡੇ ਦਲ ਦੂਤ ਕੇ ਆਈ।*
*ਘੇਰਿ ਲਈ ਚਮਕਉਰ ਸਬੈ ਸੁ ਰਹਿਓ ਨਹੀਂ ਰਾਹ ਕਹੋ ਕਿਤ ਜਾਹੀ।*
*ਚਾਰੋ ਦਿਸ਼ਾ ਦਲ ਆਨ ਪਰੈ ਤਹ ਦੇਖਤ ਸਿੰਘ ਉਥੇ ਭਭਕਾਹੀ।*
*ਸਾਹਿਬ ਸਿਉ ਤਬ ਲੇਤ ਖੁਸ਼ੀ ਮਨ ਮੈਂ ਕਰਿ ਆਨੰਦ ਜੂਝਨ ਜਾਹੀ॥੨੦॥੪੯੯॥*[੯]

ਘੇਰਾ ਪਾਉਣ ਵਾਲੀ ਸ਼ਾਹੀ ਫ਼ੌਜ ਨੇ ਗੜ੍ਹੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਹੇ। ਜਦੋਂ ਗੜ੍ਹੀ ਵਿੱਚੋਂ ਤੀਰ ਅਤੇ ਗੋਲਾ-ਬਰੂਦ ਖ਼ਤਮ ਹੋਣਾ ਸ਼ੁਰੂ ਹੋਇਆ ਤਾਂ ਪੰਜ-ਪੰਜ ਸਿੱਖ ਜਥੇ ਬਣਾ ਕੇ, ਗੜ੍ਹੀ ਵਿੱਚੋਂ ਬਾਹਰ ਆ ਕੇ ਦੁਸ਼ਮਣ ਨਾਲ ਹੱਥੋਂ-ਹੱਥ ਲੜਾਈ ਕਰਨ ਲੱਗੇ। ਅਜਿਹੇ ਹੀ ਦੋ ਜਥਿਆਂ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਕੀਤੀ ਜੋ ਕਿ ਬਹੁਤ ਬੀਰਤਾ ਨਾਲ ਲੜਦੇ ਹੋਏ ਸ਼ਹੀਦ ਹੋ ਗਏ।...ਰਾਤ ਹੋਣ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ਪੰਜ ਸਿੱਖਾਂ ਨਾਲ ਗੜ੍ਹੀ ਵਿਚ ਬਾਕੀ ਰਹਿ ਗਏ ਸਨ। ਉਨ੍ਹਾਂ ਪੰਜਾਂ ਨੇ ਗੁਰੂ ਜੀ ਨੂੰ ਬਚ

ਨਿਕਲਣ ਦੀ ਬੇਨਤੀ ਕੀਤੀ ਤਾਂ ਕਿ ਉਹ ਆਪਣੇ ਸਿੱਖਾਂ ਨੂੰ ਮੁੜ ਇਕੱਤਰ ਕਰ ਕੇ ਮੁਗ਼ਲਾਂ ਦੇ ਜ਼ੁਲਮ ਖ਼ਿਲਾਫ਼ ਸੰਘਰਸ਼ ਜਾਰੀ ਰੱਖ ਸਕਣ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਆਪਣਾ ਪਹਿਰਾਵਾ ਭਾਈ ਸੰਗਤ ਸਿੰਘ ਜੀ ਨੂੰ ਦੇ ਦਿੱਤਾ ਜੋ ਕਿ ਸਰੀਰਕ ਬਣਤਰ ਅਤੇ ਮੁਹਾਂਦਰੇ ਪੱਖੋਂ ਗੁਰੂ ਜੀ ਨਾਲ ਮੇਲ ਖਾਂਦਾ ਸੀ। ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਉੱਥੋਂ ਚਲੇ ਗਏ। ਪਿੱਛੇ ਕੇਵਲ ਦੋ ਸਿੱਖ, ਭਾਈ ਸੰਗਤ ਸਿੰਘ ਅਤੇ ਭਾਈ ਸੰਤ ਸਿੰਘ, ਬਾਕੀ ਰਹਿ ਗਏ। ਅਗਲੀ ਸਵੇਰ ਜਿਉਂ ਹੀ ਹਮਲਾ ਸ਼ੁਰੂ ਹੋਇਆ ਤਾਂ ਸ਼ਾਹੀ ਫ਼ੌਜ ਬਗ਼ੈਰ ਕਿਸੇ ਵਿਰੋਧ ਦੇ ਗੜ੍ਹੀ ਵਿਚ ਦਾਖ਼ਲ ਹੋ ਗਈ ਅਤੇ ਉੱਥੇ ਕੇਵਲ ਦੋ ਸਿੱਖਾਂ ਨੂੰ ਵੇਖ ਕੇ ਹੈਰਾਨ ਰਹਿ ਗਈ ਜਿਨ੍ਹਾਂ ਨੇ ਆਖਰੀ ਸਾਹ ਤਕ ਲੜਦੇ ਹੋਏ ਸ਼ਹੀਦੀ ਪਾਉਣ ਨੂੰ ਪਹਿਲ ਦਿੱਤੀ।[੧੦] ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਇੰਵ ਕੀਤਾ ਹੈ:

*ਪੈ ਗੁਰ ਆਗੇ ਕਰਿਓ ਪਿਆਨਾ। ਲਰਬੇ ਹੇਤ ਪਿਖਨ ਅਸਥਾਨਾ।*
*ਏਕ ਨਗਰ ਚਮਕੌਰ ਮਝਾਰਾ। ਲਰਬੇ ਜੋਗ ਮਕਾਨ ਨਿਹਾਰਾ।*
*ਤਿਸ ਮੈ ਧਸੇ ਜਬੈ ਗੁਰ ਜਾਈ। ਲਰਨ ਹੇਤ ਤਹਿਂ ਬਯੋਂਤ ਬਨਾਈ।*
*ਸਿੰਘ ਤਹਾਂ ਥੇ ਗੁਰ ਢਿਗ ਚਾਲੀ। ਸਾਹਿਬਜ਼ਾਦੇ ਜੁਗ ਬਡ ਵਯਾਲੀ।*
*ਧਸੇ ਗੜੀ ਮਧ ਜਬ ਗੁਰ ਜਾਈ। ਪੀਛੇ ਸੈਨਾ ਸਤ੍ਰਨ ਆਈ।੮।*[੧੧]

ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਇੱਥੇ ਇਕ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ। ਇਸ ਨੂੰ 'ਗੜ੍ਹੀ ਸਾਹਿਬ' ਕਿਹਾ ਗਿਆ।

ਗੁਰਦੁਆਰਾ ਸਾਹਿਬ ਦੀ ਪੁਰਾਤਨ ਇਮਾਰਤ ਨੂੰ ਢਾਹ ਕੇ ਇੱਥੇ ਚਾਰ-ਮੰਜ਼ਲਾ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਜ਼ਮੀਨੀ ਮੰਜ਼ਲ 'ਤੇ ਦੀਵਾਨ ਹਾਲ ਦੇ ਕੇਂਦਰ ਵਿਚ ਕੀਤਾ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਹਾਲ ਦੀਆਂ ਕੰਧਾਂ ਅਤੇ ਕੋਨਿਆਂ ਤੇ ਕੱਚ ਨਾਲ ਖ਼ੂਬਸੂਰਤ ਸਜਾਵਟ ਕੀਤੀ ਹੋਈ ਹੈ। ਅੱਜ-ਕੱਲ ਗੜ੍ਹੀ ਦੀਆਂ ਦੀਵਾਰਾਂ ਅਤੇ ਚਾਰੇ ਗੁੰਬਦਾਂ ਨੂੰ ਟਾਈਲ ਇੱਟ ਪੁਰਾਤਨ ਦਿੱਖ ਦੇਣ ਦੀ ਸੇਵਾ ਚੱਲ ਰਹੀ ਹੈ। ਇਸ ਗੁਰਦੁਆਰਾ ਸਾਹਿਬ ਵੱਲ ਜਾਂਦਿਆਂ ਸੱਜੇ ਪਾਸੇ ਖੁੱਲਾ ਲੰਗਰ ਹਾਲ ਹੈ, ਜਿਸ ਦੀ ਵਿਵਸਥਾ ਕਾਰ-ਸੇਵਾ ਵਾਲਿਆਂ ਵੱਲੋਂ ਕੀਤੀ ਜਾਂਦੀ ਹੈ।

### ਗੁਰਦੁਆਰਾ ਕਤਲਗੜ੍ਹ ਸਾਹਿਬ

ਗੁਰਦੁਆਰਾ ਕਤਲਗੜ੍ਹ ਸਾਹਿਬ ਸਭ ਤੋਂ ਵੱਡਾ ਅਤੇ ਕੇਂਦਰੀ ਗੁਰਦੁਆਰਾ ਸਾਹਿਬ ਹੈ, ਇੱਥੋਂ ਹੀ ਬਾਕੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਦਫ਼ਤਰ ਬਣਾਇਆ ਹੋਇਆ ਹੈ। ਇਸ ਨੂੰ ਪਹਿਲਾਂ 'ਸ਼ਹੀਦ ਗੰਜ' ਵੀ ਕਿਹਾ ਜਾਂਦਾ ਸੀ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ— "ਚਮਕੌਰ ਦੀ ਯੱਧਭੂਮਿ ਵਿਚ ਜਿਸ ਥਾਂ

ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬ ਜੁਝਾਰ ਸਿੰਘ ਜੀ ਅਲੌਕਿਕ ਵੀਰਤਾ ਦਿਖਾਉਂਦੇ ਹੋਏ ੮ ਪੋਹ, ੧੭੬੧ ਨੂੰ ਸ਼ਹੀਦ ਹੋਏ ਅਤੇ ਜਿਸ ਥਾਂ ਸਾਹਿਬਜ਼ਾਦਿਆਂ ਅਰ ਸ਼ਹੀਦਾਂ ਦਾ ਸਸਕਾਰ ਹੋਇਆ। ਇਥੇ ਬਹੁਤ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।[੧੨]

'ਸਿੱਖ ਪੰਥ ਵਿਸ਼ਵਕੋਸ਼' ਅਨੁਸਾਰ— "ਗੁਰਦੁਆਰਾ ਕਤਲਗੜ੍ਹ ਸਾਹਿਬ (ਸ਼ਹੀਦ ਗੰਜ), ਗੜ੍ਹੀ ਸਾਹਿਬ ਦੇ ਪੱਛਮ ਵੱਲ ਚਮਕੌਰ ਸਾਹਿਬ ਵਿਖੇ ਪ੍ਰਮੁੱਖ ਗੁਰਧਾਮ ਹੈ। ਇਹ ਅਸਥਾਨ ੭ ਦਸੰਬਰ ਨੂੰ ਮੁਗ਼ਲ ਫ਼ੌਜ ਅਤੇ ਸਿੱਖਾਂ ਦਰਮਿਆਨ ਹੋਈ ਗਹਿਗੱਚ ਹੱਥੋਂ-ਹੱਥ ਲੜਾਈ ਦੀ ਯਾਦ ਦਿਵਾਉਂਦਾ ਹੈ ਜਿਸ ਵਿਚ ਗੁਰੂ ਜੀ ਦੇ ਦੋ ਸਾਹਿਬਜ਼ਾਦੇ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਅਤੇ ਪੰਜਾਂ ਵਿੱਚੋਂ ਤਿੰਨ ਪਿਆਰੇ ਸ਼ਹੀਦ ਹੋਏ। ਇੱਥੇ ਹੀ ਉਨ੍ਹਾਂ ਦਾ ਸਸਕਾਰ ਕੀਤਾ ਗਿਆ ਸੀ।"[੧੩]

ਗੁਰਦੁਆਰਾ ਕਤਲਗੜ੍ਹ ਸਾਹਿਬ ਦੀ ਸਭ ਤੋਂ ਪਹਿਲਾਂ ਉਸਾਰੀ ਕਸਬਾ ਬੇਲਾ (ਚਮਕੌਰ ਸਾਹਿਬ ਤੋਂ ਪੰਜ ਕਿਲੋਮੀਟਰ ਦੂਰ) ਨਿਵਾਸੀ ਸਿੰਘਪੁਰੀਆ ਮਿਸਲ ਦੇ ਸਰਦਾਰ ਹਰਦਿਆਲ ਸਿੰਘ ਨੇ ੧੯੩੧ ਈਸਵੀ ਵਿਚ ਬਣਵਾਈ ਸੀ। ਗੁਰਦੁਆਰਾ ਸਾਹਿਬ ਦੀ ਇਹ ਇਮਾਰਤ ਛੋਟੀ ਹੋਣ ਕਰਕੇ ੧੯੬੦ ਈਸਵੀ ਵਿਚ ਇਕ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ। ਨਵੀਂ ਇਮਾਰਤ ਦੀ ਕਾਰ-ਸੇਵਾ ਝਾੜ ਸਾਹਿਬ ਦੇ ਸੰਤ ਪਿਆਰਾ ਸਿੰਘ ਦੀ ਦੇਖ-ਰੇਖ ਹੇਠ ਹੋਈ। ਉੱਚੀ ਥਾਂ 'ਤੇ ਸੁਸ਼ੋਭਿਤ ਤਿੰਨ ਮੰਜ਼ਲਾ ਗੁੰਬਦਦਾਰ ਪ੍ਰਮੁੱਖ ਇਮਾਰਤ ਨੂੰ ਮੰਜੀ ਸਾਹਿਬ ਕਿਹਾ ਜਾਂਦਾ ਹੈ। ਵੱਡੇ ਦੀਵਾਨ ਹਾਲ ਵਿਚ ਅੱਠ-ਮੀਟਰ ਵਰਗਾਕਾਰ ਪਵਿੱਤਰ ਅਸਥਾਨ ਬਣਿਆ ਹੋਇਆ ਹੈ। ਹਰ ਸਾਲ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਤਿੰਨ ਦਿਨਾਂ ਸ਼ਹੀਦੀ ਜੋੜ ਮੇਲ ੬, ੭ ਅਤੇ ੮ ਪੋਹ ਨੂੰ ਲੱਗਦਾ ਹੈ।[੧੪] ਇਸ ਤੋਂ ਇਲਾਵਾ ਇੱਥੇ ਹਰ ਸਾਲ ਦੁਸਹਿਰੇ ਦੇ ਪੁਰਬ ਮੌਕੇ ਵੀ ਬੜਾ ਭਾਰੀ ਦੀਵਾਨ ਸਜਾਇਆ ਜਾਂਦਾ ਹੈ ਇਸ ਨੂੰ 'ਦਰਬਾਰ-ਏ-ਖਾਲਸਾ' ਵੀ ਆਖਿਆ ਜਾਂਦਾ ਹੈ। ਉਸੇ ਦਿਨ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਣ ਤੋਂ ਇਲਾਵਾ ਜੰਗਜੂ ਖੇਡਾਂ ਜਿਵੇਂ ਗੱਤਕਾ, ਘੋੜ ਸਵਾਰੀ ਆਦਿ ਦੇ ਕਰਤੱਬ ਵੀ ਦਿਖਾਏ ਜਾਂਦੇ ਹਨ।

ਗੁਰਦੁਆਰਾ ਸਾਹਿਬ ਦੇ ਕੇਂਦਰ ਵਿਚ ਉਸ ਅਸਥਾਨ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਜਿੱਥੇ ਸਾਹਿਬਜ਼ਾਦਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ ਭਾਵ ਉਨ੍ਹਾਂ ਦਾ ਅੰਗੀਠਾ ਸੀ। ਗੁਰਦੁਆਰਾ ਸਾਹਿਬ ਦੇ ਅੰਦਰ ਸੱਜੇ ਪਾਸੇ ਚਮਕੌਰ ਦੀ ਜੰਗ ਸਮੇਂ ਦੀਆਂ ਬੰਦੂਕ ਦੀ ਨਾਲੀ, ਗੋਲੀਆਂ, ਕਿਰਪਾਨ ਦਾ ਮੁੱਠਾ ਆਦਿਕ ਵਸਤਾਂ ਵੀ ਪਈਆਂ ਹਨ।

ਇਸ ਦੇ ਉੱਤਰ ਵਾਲੇ ਪਾਸੇ ਬਾਉਲੀ ਹੈ ਜਿਸ ਦੀ ਖੁਦਾਈ ਸਰਦਾਰ ਹਰਦਿਆਲ ਸਿੰਘ ਬੇਲਾ ਵਾਲਿਆਂ ਨੇ ੧੯੮੮ ਬਿਕ੍ਰਮੀ ਵਿਚ ਕਰਵਾਈ ਸੀ। ਕਾਫੀ ਸਮਾਂ ਪਹਿਲਾਂ ਯਾਤਰੂ ਲੋਕ ਬਾਉਲੀ ਵਿਚ ਹੇਠਾਂ ਜਾ ਕੇ ਇਸ਼ਨਾਨ ਕਰਿਆ ਕਰਦੇ ਸਨ। ਹੁਣ ਕੋਈ-ਕੋਈ ਵਿਅਕਤੀ ਹੀ ਜਲ ਦੀ ਚੂਲੀ ਲੈਣ ਲਈ ਜਾਂਦਾ ਹੈ। ਉਸ ਤੋਂ ਅੱਗੇ

ਦੀਵਾਨ ਹਾਲ ਹੈ ਅਤੇ ਨਾਲ ਹੀ ਕਾਫੀ ਵੱਡਾ ਲੰਗਰ-ਹਾਲ ਬਣਿਆ ਹੋਇਆ ਹੈ। ਉਸ ਦੇ ਇਕ ਪਾਸੇ ਯਾਤਰੂਆਂ ਦੇ ਰਹਿਣ ਲਈ ਸਰਾਂ (ਰਿਹਾਇਸ਼ੀ ਕਮਰੇ) ਬਣੀ ਹੋਈ ਹੈ। ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨੀ ਡਿਉਢੀ ਦੇ ਅੰਦਰ ਮੈਨੇਜਰ ਦਾ ਕਮਰਾ ਅਤੇ ਦਫ਼ਤਰ ਹੈ। ਅੰਦਰ ਵੜਦਿਆਂ ਸੱਜੇ ਪਾਸੇ 'ਲਿਟਰੇਚਰ ਹਾਊਸ' ਹੈ, ਜਿੱਥੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਮਿਲਦੀਆਂ ਹਨ।

## ਗੁਰਦੁਆਰਾ ਤਾੜੀ ਸਾਹਿਬ

ਗੁਰਦੁਆਰਾ ਤਾੜੀ ਸਾਹਿਬ, ਸ਼ਹਿਰ ਦੇ ਮੁੱਖ ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਪੱਛਮ ਵੱਲ ਲੱਗਭਗ ਇਕ ਕਿਲੋਮੀਟਰ ਦੀ ਦੂਰੀ 'ਤੇ ਉੱਚੇ ਸਥਾਨ ਉੱਤੇ ਬਣਿਆ ਹੋਇਆ ਹੈ। ਪਹਿਲਾਂ ਇਹ ਗੁਰਦਆਰਾ ਸਾਹਿਬ ਸਿਰਫ ਇੱਕ ਕਮਰੇ ਦੇ ਰੂਪ ਵਿਚ ਹੀ ਸੀ, ਉੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਉਸ ਸਮੇਂ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਮਹੰਤ ਮੇਹਰ ਸਿੰਘ ਪਾਸ ਸੀ। ਬਾਅਦ (ਲੱਗਭਗ ੧੯੯੫-੯੬ ਈ.) ਵਿਚ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਨਿਹੰਗ ਸਿੰਘਾਂ ਦੀ ਜਥੇਬੰਦੀ ਦਲ ਬਾਬਾ ਬਿਧੀ ਚੰਦ ਨੇ ਆਪਣੇ ਹੱਥਾਂ ਵਿਚ ਲੈ ਲਿਆ। ਫਿਰ ਇੱਥੇ ਉਨ੍ਹਾਂ ਦੁਆਰਾ ਗੁਰਦੁਆਰਾ ਸਾਹਿਬ ਦੀ ਇਕ ਬਹੁਤ ਸੁੰਦਰ ਇਮਾਰਤ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦੇ ਮੱਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ 'ਸ੍ਰੀ ਦਸਮ ਗ੍ਰੰਥ' ਅਤੇ 'ਸ੍ਰੀ ਸਰਬਲੋਹ ਗ੍ਰੰਥ' ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ।

'ਸਿੱਖ ਪੰਥ ਵਿਸ਼ਵਕੋਸ਼' ਅਨੁਸਾਰ, "ਗੁਰਦੁਆਰਾ ਤਾੜੀ ਸਾਹਿਬ, ਪਹਾੜੀ ਦੇ ਹੇਠਾਂ ਗੁਰਦੁਆਰਾ ਕਤਲਗੜ੍ਹ ਦੇ ਪੱਛਮ ਵੱਲ ਬਣਿਆ ਹੋਇਆ ਹੈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਤ ਸਮੇਂ ਚਮਕੌਰ ਦੀ ਗੜ੍ਹੀ ਨੂੰ ਛੱਡਣ ਦਾ ਫ਼ੈਸਲਾ ਕੀਤਾ ਤਾਂ ਤਿੰਨ ਸਿੱਖ— ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਉਨ੍ਹਾਂ ਦੇ ਨਾਲ ਬਾਹਰ ਆ ਗਏ। ਉਹ ਸਭ ਵੱਖ-ਵੱਖ ਦਿਸ਼ਾਵਾਂ ਵੱਲ ਗਏ, ਪਰ ਜਾਣ ਤੋਂ ਪਹਿਲਾਂ ਇਕ ਵਿਸ਼ੇਸ਼ ਤਾਰੇ ਦੀ ਦਿਸ਼ਾ ਵੱਲ ਚੱਲਦੇ ਹੋਏ ਨਿਸ਼ਚਿਤ ਅਸਥਾਨ 'ਤੇ ਮਿਲਣ ਦਾ ਫੈਸਲਾ ਕੀਤਾ। ਗੁਰੂ ਜੀ ਬਗੈਰ ਦੱਸੇ ਜਾਣਾ ਨਹੀਂ ਸਨ ਚਾਹੁੰਦੇ ਇਸ ਲਈ ਉਨ੍ਹਾਂ ਨੇ, ਜਿੱਥੇ ਹੁਣ 'ਗੁਰਦੁਆਰਾ ਤਾੜੀ ਸਾਹਿਬ' ਬਣਿਆ ਹੋਇਆ ਹੈ, ਟਿੱਬੀ 'ਤੇ ਪਹੁੰਚ ਕੇ ਤਾੜੀ ਮਾਰੀ ਅਤੇ ਉੱਚੀ ਅਵਾਜ਼ ਵਿਚ ਕਿਹਾ— "ਹਿੰਦ ਦਾ ਪੀਰ ਜਾ ਰਿਹਾ ਹੈ।" ਇਸ ਨਾਲ ਘੇਰਾ ਪਾਉਣ ਵਾਲੀ ਫ਼ੌਜ ਵਿਚ ਭਗਦੜ ਮੱਚ ਗਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਬਿਨਾ ਕਿਸੇ ਨੁਕਸਾਨ ਦੇ ਬਚ ਕੇ ਘੇਰੇ ਵਿੱਚੋਂ ਬਾਹਰ ਆ ਗਏ। ਟਿੱਬੀ ਉੱਤੇ ਬਣਿਆ ਹੋਇਆ ਗੁਰਦੁਆਰਾ ਉਸ ਅਸਥਾਨ ਦੀ ਯਾਦ ਦਿਵਾਉਂਦਾ ਹੈ ਜਿੱਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾੜੀ ਮਾਰ ਕੇ ਚਾਲੇ ਪਾਏ ਸਨ।"[੧੫] 'ਸੌ ਸਾਖੀ' ਵਿਚ ਇਸ ਘਟਨਾ ਦਾ ਵਰਣਨ ਇੰਵ ਕੀਤਾ ਗਿਆ ਹੈ:

*ਗਇਆ ਹਿੰਦ ਪੀਰ ਕਹਿ ਤਾਲੀ ਬਜਾਈ*

*ਪੀਛੇ ਕਹਾ ਖੁਆਜ ਪਕਰੋ ਸਹਾਈ।*[੧੬]

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇਸ ਘਟਨਾ ਦਾ ਜ਼ਿਕਰ ਇੰਵ ਮਿਲਦਾ ਹੈ:

*ਯੌਂ ਕਹਿ ਊਚੀ ਧੁਨਿ ਤੇ ਬੋਲੇ ਦੇ ਹਾਥਨ ਤਾੜੀ ਭਗਵਾਨ।*

*. . .ਪੀਰ ਚਲਯੋ ਅਬਿ ਨਿਕਸਯੋ ਘੇਰਹੁ ਤੁਮ ਮਹਿਂ ਜੋ ਬਲਵਾਨ॥੨॥*[੧੭]

ਵਰਤਮਾਨ ਸਮੇਂ ਵਿਚ ਗੁਰਦੁਆਰਾ ਤਾੜੀ ਸਾਹਿਬ ਵਿਚ ਇਕ ਪਿੱਪਲ ਦਾ ਬਹੁਤ ਪੁਰਾਣਾ ਦਰੱਖਤ ਵੀ ਮੌਜੂਦ ਹੈ, ਜਿਸ ਬਾਰੇ ਆਖਿਆ ਜਾਂਦਾ ਹੈ ਕਿ ਚਮਕੌਰ ਦੀ ਜੰਗ ਸਮੇਂ ਇਸ ਦੇ ਹੇਠਾਂ ਮੁਗ਼ਲ ਸੈਨਾਪਤੀਆਂ ਨੇ ਆਪਣੇ ਟਿਕਾਣੇ ਕੀਤੇ ਹੋਏ ਸਨ (ਇਸੇ ਲਈ ਗੁਰੂ ਜੀ ਨੇ ਇਸ ਸਥਾਨ ਦੇ ਨੇੜੇ ਆ ਕੇ ਤਾੜੀ ਮਾਰੀ ਸੀ), ਉਸ ਥਾਂ ਉੱਤੇ ਥੜਾ ਬਣਾ ਕੇ, ਉੱਤੇ ਛੋਟਾ ਨਿਸ਼ਾਨ ਸਾਹਿਬ ਲਗਾਇਆ ਹੋਇਆ ਹੈ। ਇਹ ਦਰੱਖਤ ਲੱਗਭਗ ੧੯੫੦ ਈ. ਵਿਚ ਕੱਟ ਦਿੱਤਾ ਸੀ, ਬਾਅਦ ਵਿਚ ਇਹ ਕਿਸੇ ਇਕ ਜੜ੍ਹ ਤੋਂ ਫਿਰ ਫੁੱਟ ਪਿਆ। ਇਸ ਦਰੱਖਤ ਦੇ ਦੁਆਲੇ ਬਣੇ ਥੜੇ ਉੱਤੇ ਹੀ ਲਿਖਤੀ ਇਤਿਹਾਸ ਦਾ ਬੋਰਡ ਲਗਾਇਆ ਹੋਇਆ ਹੈ। ਇਸ ਸਥਾਨ ਦੇ ਪਿਛਲੇ ਪਾਸੇ ਲੰਗਰ ਹਾਲ ਬਣਿਆ ਹੋਇਆ ਹੈ, ਲੰਗਰ ਹਾਲ ਦੇ ਨਾਲ ਹੀ ਇਕ ਖੂਹ ਹੈ, ਜਿਸ ਵਿਚ ਟਿਊਬਵੈਲ ਲਗਾਇਆ ਹੋਇਆ ਹੈ। ਗੁਰਦੁਆਰਾ ਸਾਹਿਬ ਦੇ ਪੱਛਮ ਵਾਲੇ ਪਾਸੇ ਯਾਤਰੂਆਂ ਲਈ ਸਰਾਂ (ਰਿਹਾਇਸ਼ੀ ਕਮਰੇ) ਬਣਾਈ ਹੋਈ ਹੈ।

## ਹੋਰ ਇਤਿਹਾਸਿਕ ਅਸਥਾਨ:-

## ਗੁਰਦੁਆਰਾ ਸ਼ਹੀਦ ਬੁਰਜ ਭਾਈ ਜੀਵਨ ਸਿੰਘ

ਇਹ ਗੁਰਦੁਆਰਾ ਸਾਹਿਬ, ਇਤਿਹਾਸਿਕ ਗੁਰਦੁਆਰਾ ਗੜੀ ਸਾਹਿਬ ਦੇ ਬਿਲਕੁਲ ਨਜ਼ਦੀਕ ਬਣਿਆ ਹੋਇਆ ਹੈ। ਗੁਰਦੁਆਰਾ ਸ਼ਹੀਦ ਬੁਰਜ, ਭਾਈ ਜੀਵਨ ਸਿੰਘ ਦੀ ਯਾਦ ਵਿਚ ਬਣਿਆ ਹੋਇਆ ਧਾਰਮਿਕ ਅਸਥਾਨ ਹੈ।

'ਸਿੱਖ ਪੰਥ ਵਿਸ਼ਵਕੋਸ਼' ਅਨੁਸਾਰ— "ਗੁਰਦੁਆਰਾ ਸ਼ਹੀਦ ਬੁਰਜ ਭਾਈ ਜੀਵਨ ਸਿੰਘ, 'ਗੁਰਦੁਆਰਾ ਗੜ੍ਹੀ ਸਾਹਿਬ' ਦੇ ਨਾਲ ਬਣਿਆ ਹੋਇਆ ਹੈ ਜੋ ਕਿ ਗੜ੍ਹੀ ਦੇ ਦਰਵਾਜ਼ੇ ਦੀ ਯਾਦ ਦਿਵਾਉਂਦਾ ਹੈ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੭ ਦਸੰਬਰ ਦੇ ਅਸਾਂਵੇਂ ਯੁੱਧ ਵਿਚ ਮਜਬੂਤ ਸੁਰੱਖਿਆ ਵਜੋਂ ਵਰਤਿਆ ਸੀ। ਗੇਟ ਦੀ ਰੱਖਿਆ ਭਾਈ ਮਦਨ ਸਿੰਘ ਅਤੇ ਭਾਈ ਕਾਠਾ ਸਿੰਘ ਨੇ ਕੀਤੀ ਪਰ ਗੁਰਦੁਆਰਾ ਸਾਹਿਬ ਦਾ ਨਾਂ ਭਾਈ ਜੀਵਨ ਸਿੰਘ ਦੇ ਨਾਂ 'ਤੇ ਰੱਖਿਆ ਗਿਆ। ਭਾਈ ਜੀਵਨ ਸਿੰਘ, ਭਾਈ ਜੈਤਾ ਜੀ ਨੂੰ ਕਿਹਾ ਜਾਂਦਾ ਹੈ ਜੋ ੧੬੭੫ ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਸੀਸ ਦਿੱਲੀ ਤੋਂ ਕੀਰਤਪੁਰ ਲੈ ਕੇ ਆਏ ਅਤੇ ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖ਼ਿਤਾਬ ਹਾਸਲ ਕੀਤਾ। ੧੬੯੯ ਵਿਚ, ਇਸ ਨੇ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਖੰਡੇ ਦੀ ਪਾਹੁਲ ਲੈ ਕੇ ਆਪਣਾ ਨਾਂ ਜੀਵਨ ਸਿੰਘ ਰੱਖ ਲਿਆ। 'ਭੱਟ ਵਹੀਆਂ' ਅਨੁਸਾਰ

ਸਿਰਸਾ ਦੇ ਕੰਢੇ 'ਤੇ ਹੋਏ ਹਮਲੇ ਸਮੇਂ ਇਹ ਸੈਨਾ ਦੇ ਪਿਛਲੇ ਦਸਤੇ ਵਿਚ ਲੜਦਾ ਹੋਇਆ ਸ਼ਹੀਦ ਹੋ ਗਿਆ। "[੧੮]

ਗੁਰਦੁਆਰਾ ਸਾਹਿਬ ਦੇ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਉਸ ਦੇ ਬਿਲਕੁਲ ਸਾਹਮਣੇ ਇਕ ਪੁਰਾਤਨ ਖੂਹੀ ਵੀ ਬਣੀ ਹੋਈ ਹੈ। ਇਸ ਗੁਰਦੁਆਰਾ ਦੀ ਸੇਵਾ ਭਾਈ ਜੀਵਨ ਸਿੰਘ ਨਾਲ ਸੰਬੰਧਿਤ ਬਨਿਆ ਹੋਇਆ 'ਭਾਈ ਜੈਤਾ ਜੀ ਟਰੱਸਟ' ਕਰਵਾ ਰਿਹਾ ਹੈ। ਗੁਰਦੁਆਰਾ ਸਾਹਿਬ ਸਾਹਿਬ ਦੇ ਬਿਲਕੁਲ ਸਾਹਮਣੇ ਲੰਗਰ ਹਾਲ ਬਨਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਦੀ ਸੇਵਾ ੧੯੮੭ ਈ. ਤੋਂ ਅਰੰਭ ਹੈ ਅਤੇ ਅੱਜ ਵੀ ਚੱਲ ਰਹੀ ਹੈ।

## ਗੁਰਦੁਆਰਾ ਬੀਬੀ ਸ਼ਰਨ ਕੌਰ

ਇਹ ਗੁਰਦੁਆਰਾ ਚਮਕੌਰ ਸਾਹਿਬ ਵਿਚ ਕੱਚੀ ਨਹਿਰ ਦੇ ਕੰਢੇ ਉੱਤੇ ਰੋਪੜ੍ਹ-ਦੋਰਾਹਾ ਸੜਕ ਉੱਤੇ ਸਥਿਤ ਹੈ।

'ਸਿੱਖ ਪੰਥ ਵਿਸ਼ਵਕੋਸ਼' ਅਨੁਸਾਰ— "ਇਸ ਸ਼ਹੀਦ ਬੀਬੀ ਦਾ ਪਿਛੋਕੜ ਕੀ ਹੈ? ਇਸ ਬਾਰੇ ਕੁਝ ਪਤਾ ਨਹੀਂ ਲੱਗਦਾ। ਸਿੱਖ ਰਵਾਇਤਾਂ ਤੋਂ ਪਤਾ ਚਲਦਾ ਹੈ ਕਿ ਇਹ ਚਮਕੌਰ ਸਾਹਿਬ ਵਿਚ ਸ਼ਹੀਦ ਹੋਏ ਭਾਈ ਪ੍ਰੀਤਮ ਸਿੰਘ ਦੀ ਪਤਨੀ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋ ਸਾਹਿਬਜ਼ਾਦੇ ਅਤੇ ਸਿੰਘ ਸ਼ਹੀਦ ਕਰਾ ਕੇ ਪੰਜ ਸਿੰਘਾਂ ਦਾ ਹੁਕਮ ਮੰਨਦੇ ਹੋਏ ਗੜ੍ਹੀ ਤੋਂ ਬਾਹਰ ਨਿਕਲ ਗਏ, ਤਾਂ ਇਹ ਬੀਬੀ ਉਸ ਵੇਲੇ ਕਿਤੋਂ ਆਈ ਅਤੇ ਇਕ ਨਿੱਕੀ ਜਿਹੀ ਮਸ਼ਾਲ ਹੱਥ ਵਿਚ ਲੈ ਕੇ ਜੰਗ ਦੇ ਮੈਦਾਨ ਵਿਚ ਇਕੱਲੀ ਫਿਰਨ ਲੱਗੀ। ਥਾਂ-ਥਾਂ ਪਈਆਂ ਲੋਥਾਂ ਨੂੰ ਇਹ ਪਛਾਣ ਰਹੀ ਸੀ। ਇਸ ਨੇ ਤੀਹ ਸਿੱਖਾਂ ਦੀਆਂ ਲਾਸ਼ਾਂ ਲੱਭੀਆਂ ਅਤੇ ਉਨ੍ਹਾਂ ਨੂੰ ਨੇੜੇ ਜਿਹੇ ਸਥਿਤ ਇਕ ਵੱਡੇ ਸਾਰੇ ਵਾੜੇ ਵਿਚ ਪਹੁੰਚਾਇਆ। ਫਿਰ ਇਹ ਦੋ ਸਾਹਿਬਜ਼ਾਦਿਆਂ ਦੀਆਂ ਦੇਹਾਂ ਨੂੰ ਲੱਭ ਕੇ ਵਾੜੇ ਤਕ ਲੈ ਗਈ। ਉਸ ਤੋਂ ਬਾਅਦ ਜਦੋਂ ਇਹ ਹੋਰ ਸਿੰਘਾਂ ਦੇ ਸਰੀਰਾਂ ਦੀ ਭਾਲ ਕਰ ਰਹੀ ਸੀ, ਤਾਂ ਆਪਣੇ ਪਤੀ ਭਾਈ ਪ੍ਰੀਤਮ ਸਿੰਘ ਦੀ ਦੇਹ ਵੀ ਮਿਲ ਗਈ। ਉਸ ਨੂੰ ਵੀ ਵਾੜੇ ਵਿਚ ਪਹੁੰਚਾ ਦਿੱਤਾ। ਫਿਰ ਬੀਬੀ ਸ਼ਰਨ ਕੌਰ ਨੇ ਵਾੜੇ ਨੂੰ ਅੱਗ ਲਗਾ ਕੇ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਿਮ ਸਸਕਾਰ ਕਰਨਾ ਸ਼ੁਰੂ ਕਰ ਦਿੱਤਾ। ਵਾੜੇ ਨੂੰ ਲੱਗੀ ਅੱਗ ਦੇ ਭਾਂਬੜ ਨੂੰ ਵੇਖ ਕੇ ਕੁਝ ਮੁਸਲਮਾਨ ਸੈਨਿਕ ਉੱਥੇ ਪਹੁੰਚੇ। ਉਨ੍ਹਾਂ ਦੇ ਪੁੱਛਣ 'ਤੇ ਦਲੇਰ ਬੀਬੀ ਨੇ ਆਪਣੇ ਆਪ ਨੂੰ ਭਾਈ ਪ੍ਰੀਤਮ ਸਿੰਘ ਦੀ ਸਿੰਘਣੀ ਦੱਸਿਆ। ਉਨ੍ਹਾਂ ਸੈਨਿਕਾਂ ਨੇ ਇਸ ਨੂੰ ਵੀ ਅੱਗ ਵਿਚ ਸੁੱਟ ਦਿੱਤਾ। ਇਹ ਵੀ ਉੱਥੇ ਸੜ ਕੇ ਸ਼ਹੀਦ ਹੋ ਗਈ, ਪਰ ਇਸ ਨੇ ਜਿਸ ਨਿਡਰਤਾ ਨਾਲ ਦੋ ਸਾਹਿਬਜ਼ਾਦਿਆਂ, ਆਪਣੇ ਪਤੀ ਅਤੇ ਤੀਹ ਸਿੰਘਾਂ ਦਾ ਸਸਕਾਰ ਕੀਤਾ ਅਤੇ ਆਪ ਵੀ ਸ਼ਹੀਦ ਹੋਈ, ਉਹ ਸਿੱਖ ਇਤਿਹਾਸ ਦੀ ਇਕ ਅਮਰ ਗਾਥਾ ਹੈ। "[੧੯]

ਗੁਰਦੁਆਰਾ ਸਾਹਿਬ ਵਿਚ ਲਿਖਤੀ ਇਤਿਹਾਸ ਅਨੁਸਾਰ ਬੀਬੀ ਸ਼ਰਨ ਕੌਰ ਦੇ

ਮਾਤਾ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਸਨ ਅਤੇ ਉਨ੍ਹਾਂ ਨੇ ਪੰਜ ਪਿਆਰਿਆਂ ਪਾਸੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਛਕਿਆ ਸੀ। ਬੀਬੀ ਜੀ ਜਦੋਂ ਵੀ ਗੁਰੂ ਸਾਹਿਬ ਨੂੰ ਨਮਸਕਾਰ ਕਰਦੇ ਤਾਂ ਉਦੋਂ ਹੀ ਬੇਨਤੀ ਕਰਦੇ ਕਿ ਮੈਨੂੰ ਕੋਈ ਸੇਵਾ ਬਖਸ਼ੋ। ਗੁਰੂ ਜੀ ਬਚਨ ਕਰਦੇ ਕਿ ਤੁਸੀਂ ਸਿਮਰਨ ਕਰਿਆ ਕਰੋ, ਜਦੋਂ ਸਮਾਂ ਆਵੇਗਾ ਅਸੀਂ ਆਪ ਹੀ ਸੇਵਾ ਲੈ ਲਵਾਂਗੇ ਤੇ ਫਿਰ ਸੇਵਾ ਦਾ ਮੌਕਾ ਚਮਕੌਰ ਜੰਗ ਵਿਚ ਆਇਆ। ਬੀਬੀ ਸ਼ਰਨ ਕੌਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਚਮਕੌਰ ਜੰਗ ਦੇ ਸ਼ਹੀਦਾਂ ਦਾ ਸਸਕਾਰ ਕੀਤਾ। ਉਨ੍ਹਾਂ ਨੇ ਇਕ ਅੰਗੀਠਾ ਤਿਆਰ ਕਰ ਲਿਆ ਅਤੇ ਦੋਵੇਂ ਸ਼ਾਹਿਬਜ਼ਾਦਿਆਂ ਅਤੇ ਹੋਰਨਾਂ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਅੰਗੀਠੇ ਉੱਤੇ ਰੱਖ ਕੇ ਲਾਂਬੂ ਲਗਾ ਦਿੱਤਾ। ਅੱਗ ਦੀਆਂ ਲਾਟਾਂ ਵੇਖ ਕੇ ਮੁਗ਼ਲ ਸੈਨਾ ਉਸ ਪਾਸੇ ਵੱਲ ਭੱਜੀ। ਜਦੋਂ ਵੇਖਿਆ ਕਿ ਨਜ਼ਦੀਕ ਇਕ ਇਸਤਰੀ ਬੈਠੀ ਹੈ। ਬੀਬੀ ਜੀ ਨੇ ਕਿਰਪਾਨ ਕੱਢ ਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਅਤੇ ਕਾਫੀ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬਾਅਦ ਵਿਚ ਬੀਬੀ ਜੀ ਜ਼ਖ਼ਮੀ ਹੋ ਕੇ ਜ਼ਮੀਨ ਉੱਤੇ ਡਿੱਗ ਪਏ ਅਤੇ ਸੈਨਿਕਾਂ ਨੇ ਉਨ੍ਹਾਂ ਨੂੰ ਬਰਛਿਆਂ ਨਾਲ ਉਠਾ ਕੇ ਅੰਗੀਠੇ ਵਿਚ ਸੁੱਟ ਦਿੱਤਾ। ਬੀਬੀ ਜੀ ਆਪ ਵੀ ਚਮਕੌਰ ਜੰਗ ਦੇ ਸ਼ਹੀਦਾਂ ਨਾਲ ਸ਼ਹਾਦਤ ਦਾ ਜਾਮ ਪੀ ਗਏ।

ਇਸ ਅਸਥਾਨ ਦੀ ਸੇਵਾ ਬਾਬਾ ਗੁਰਚਰਨ ਸਿੰਘ ਰਾਏਪੁਰ ਵਾਲਿਆਂ ਨੇ ਕਰਵਾਈ ਸੀ ਅਤੇ ਇਸ ਦਾ ਪ੍ਰਬੰਧ ਮੌਜੂਦਾ ਸਮੇਂ ਵਿਚ ਬਾਬਾ ਕਰਮ ਸਿੰਘ ਪਾਸ ਹੈ। ਪਹਿਲਾਂ ਇਨ੍ਹਾਂ ਦੇ ਪਿਤਾ ਬਾਬਾ ਗੁਰਬਚਨ ਸਿੰਘ ਇੱਥੇ ਸੇਵਾ-ਸੰਭਾਲ ਕਰਦੇ ਸਨ। ਗੁਰਦੁਆਰਾ ਸਾਹਿਬ ਦੀ ਡਿਉਢੀ ਤੋਂ ਅੰਦਰ ਜਾਂਦਿਆਂ ਸੱਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ ਅਤੇ ਖੱਬੇ ਪਾਸੇ ਲੰਗਰ ਹਾਲ ਹੈ। ਪ੍ਰਕਾਸ਼-ਅਸਥਾਨ ਅਤੇ ਲੰਗਰ ਹਾਲ ਦੇ ਵਿਚਕਾਰ ਨਿਸ਼ਾਨ ਸਾਹਿਬ ਹੈ ਅਤੇ ਉਸ ਦੇ ਨਜਦੀਕ ਵਾਲੀ ਦੀਵਾਰ ਉੱਤੇ ਲਿਖਤੀ ਇਤਿਹਾਸ ਦਾ ਬੋਰਡ ਲੱਗਿਆ ਹੋਇਆ ਹੈ। ਇਸ ਤੋਂ ਇਸ ਗੁਰਦੁਆਰਾ ਸਾਹਿਬ ਦੀ ਸੜਕ ਨਾਲ ਲੱਗਦੀ ਦੀਵਾਰ ਨਾਲ ਰਿਹਾਇਸ਼ੀ ਕਮਰੇ ਬਣੇ ਹੋਏ ਹਨ।

ਉਕਤ ਦੇ ਸਾਰ ਵਜੋਂ ਕਹਿ ਸਕਦੇ ਹਾਂ ਕਿ ਸ਼ਹਿਰ ਚਮਕੌਰ ਸਾਹਿਬ ਨੇ ਸਦੀਆਂ ਪੁਰਾਣਾ ਇਤਿਹਾਸ ਆਪਣੇ ਵਿਚ ਸਮੋ ਰੱਖਿਆ ਹੈ। ਚਮਕੌਰ ਸਾਹਿਬ ਦੀ ਕੁਰਬਾਨੀਆਂ ਦੇ ਇਤਿਹਾਸ ਵਿਚ ਜਿਹੜੀ ਮਿਸਾਲ ਮਿਲਦੀ ਹੈ ਉਹ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਚਮਕੌਰ ਸਾਹਿਬ ਸੰਸਾਰ ਦੇ ਇਤਿਹਾਸ ਵਿਚ ਵਿਲੱਖਣਤਾ ਦਾ ਧਾਰਨੀ ਹੈ, ਕਿਉਂਕਿ ਇੱਥੇ ਸੰਸਾਰ ਦੀ ਸਭ ਤੋਂ ਅਸਾਵੀਂ ਜੰਗ ਹੋਈ ਸੀ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ, ਤਿੰਨ ਪਿਆਰਿਆਂ ਸਮੇਤ ਚਾਲ਼ੀ ਸਿੰਘ ਬਹੁਤ ਬਹਾਦਰੀ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਅਤੇ ਇੱਥੋਂ ਦੇ ਸ਼ਹੀਦਾਂ ਦੀ ਬਹਾਦਰੀ ਨੂੰ ਯਾਦ ਕਰਵਾਉਂਦੇ

ਗੁਰਦੁਆਰਾ ਸਾਹਿਬਾਨ— ਰਣਜੀਤਗੜ੍ਹ ਸਾਹਿਬ, ਦਮਦਮਾ ਸਾਹਿਬ, ਗੜ੍ਹੀ ਸਾਹਿਬ, ਕਤਲਗੜ੍ਹ ਸਾਹਿਬ ਅਤੇ ਤਾੜੀ ਸਾਹਿਬ ਹਨ। ਇਸ ਤੋਂ ਇਲਾਵਾ ਹੋਰ ਵੀ ਗੁਰਦੁਆਰਾ ਸਾਹਿਬਾਨ— ਭਾਈ ਜੀਵਨ ਸਿੰਘ ਅਤੇ ਬੀਬੀ ਸ਼ਰਨ ਕੌਰ ਨਾਲ ਸੰਬੰਧਿਤ ਹਨ। ਵਰਤਮਾਨ ਸਮੇਂ ਵਿਚ ਇਸ ਸ਼ਹਿਰ ਦੇ ਗੁਰਦੁਆਰਾ ਸਾਹਿਬ ਇਤਿਹਾਸਿਕ ਯਾਦਗਾਰਾਂ ਨੂੰ ਵੀ ਸੰਭਾਲੀ ਬੈਠੇ ਹਨ। ਜਿੱਥੇ ਇਨ੍ਹਾਂ ਨੇ ਵਿਰਾਸਤ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਉੱਥੇ ਇਹ ਵਰਤਮਾਨ ਸਮੇਂ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਵਿਚ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ।

## ਹਵਾਲੇ ਤੇ ਟਿੱਪਣੀਆਂ


੧. ਜੋਧ ਸਿੰਘ (ਮੁੱਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨੇ ੫੩੮-੩੯.

੨. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ ੧੪੭.

੩. ਗੁਰਬਚਨ ਸਿੰਘ ਨਈਅਰ (ਸੰਪਾ.), *ਗੁਰ ਰਤਨ ਮਾਲ: ਸੌ ਸਾਖੀ*, ਪੰਨਾ ੩੪.

੪. ਜੋਧ ਸਿੰਘ (ਮੁੱਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨਾ ੫੩੭.

੫. ਸੈਨਾਪਤਿ, ਸ੍ਰੀ ਗੁਰ ਸੋਭਾ, ਪੰਨਾ ੧੨੩.

੬. ਜੋਧ ਸਿੰਘ (ਮੁੱਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨਾ ੫੩੭.

੭. ਸ੍ਵਰੂਪ ਸਿੰਘ ਕ੍ਰਿਤ *ਗੁਰੂ ਕੀਆਂ ਸਾਖੀਆਂ* ਵਿਚ ਪੰਨਾ ਨੰਬਰ ੧੫੫ ਉਤੇ ਇਸ ਚੌਧਰੀ ਦਾ ਨਾਂ ਬੁਧੀ ਚੰਦ ਲਿਖਿਆ ਹੋਇਆ ਹੈ।

੮. ਜੋਧ ਸਿੰਘ (ਮੁਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨੇ ੫੩੭-੩੮.

੯. ਸੈਨਾਪਤਿ, ਸ੍ਰੀ ਗੁਰ ਸੋਭਾ, ਪੰਨਾ ੧੨੪.

੧੦. ਜੋਧ ਸਿੰਘ (ਮੁਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨੇ ੫੩੭-੩੮.

੧੧. ਗਿਅਨੀ ਗਿਅਨ ਸਿੰਘ, *ਪੰਥ ਪ੍ਰਕਾਸ਼*, ਪੰਨਾ ੨੭੭.

੧੨. ਕਾਨ੍ਹ ਸਿੰਘ ਨਾਭਾ, *ਗੁਰ ਸਬਦ ਰਤਨਾਕਰ ਮਹਾਨ ਕੋਸ਼*, ਇੰਦਰਾਜ ਚਮਕੌਰ ਸਾਹਿਬ.

੧੩. ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ (ਬੇਦੀ), *ਗੁਰਦੁਆਰਾ ਕੋਸ਼*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੬, ਪੰਨਾ ੧੭੨.

੧੪. ਕੁਲਦੀਪ ਸਿੰਘ ਕੱਬਰਵਾਲ (ਸਰਵੇਖਕ), *ਸਰਵੇਖਣ ਚਮਕੌਰ ਸਾਹਿਬ*, ਅਨੋਖ ਸਿੰਘ, ਅਜੀਤ ਸਿੰਘ (ਸੰਪਾ), ਪੰਨੇ ੨੦-੨੧.

੧੫. ਜੋਧ ਸਿੰਘ (ਮੁੱਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨਾ ੫੩੯.

੧੬. ਗੁਰਬਚਨ ਸਿੰਘ ਨਈਅਰ (ਸੰਪਾ.), *ਗੁਰ ਰਤਨ ਮਾਲ : ਸੌ ਸਾਖੀ*, ਪੰਨਾ ੬੩.

੧੭. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਚੌਦਵੀਂ, ਰਾਸਿ ੬, ਅਧਿ. ੪੨.

੧੮. ਜੋਧ ਸਿੰਘ (ਮੁਖ ਸੰਪਾ.), *ਸਿੱਖ ਵਿਸ਼ਵਕੋਸ਼* (ਦੂਜੀ ਸੈਂਚੀ),ਪੰਨਾ ੫੩੯.

੧੯. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਪੰਨੇ ੨੦੩-੦੪.

# ਬਾਰਹ ਮਾਹਾ ਤੁਖਾਰੀ

*-ਸਤਵਿੰਦਰ ਸਿੰਘ ਫੂਲਪੁਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਰਹ ਮਾਹਾ ਤੁਖਾਰੀ ਅੰਦਰ ਸੁਹਾਗਵਤੀ ਇਸਤਰੀ ਦੀ ਆਪਣੇ ਪਤੀ ਤੋਂ ਵਿਛੋੜੇ ਕਾਰਨ ਬਿਹਬਲਤਾ ਦੇ ਦ੍ਰਿਸ਼ਟਾਂਤ ਰਾਹੀਂ ਗੁਰਮੁਖ ਜੀਵ-ਇਸਤਰੀ ਦੇ ਪ੍ਰਭੂ-ਪ੍ਰੀਤਮ ਤੋਂ ਵਿਛੋੜੇ ਦਾ ਦੁਖ, ਮਿਲਣ ਦੀ ਤਾਂਘ ਅਤੇ ਮਿਲਾਪ ਦੇ ਅਨੰਦ ਨੂੰ ਕੁਦਰਤ ਦੇ ਦ੍ਰਿਸ਼ਟਾਂਤਾਂ ਰਾਹੀਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ। ੧੭ ਪਦਿਆਂ ਦੀ ਇਸ ਬਾਣੀ ਵਿਚ ਪਹਿਲੇ ਚਾਰ ਪਦੇ ਵਿਸ਼ੇ ਦੀ ਭੂਮਿਕਾ ਰੂਪ ਹਨ ਜਿਸ ਵਿਚ ਪ੍ਰਭੂ ਤੋਂ ਜੀਵ ਦੇ ਵਿਛੋੜੇ ਦਾ ਕਾਰਨ ਅਤੇ ਮਿਲਾਪ ਦੀ ਆਸ਼ਾ ਦਰਸਾਈ ਹੈ। ਪੰਜ ਤੋਂ ੧੬ ਤਕ ੧੨ ਪਦਿਆਂ ਵਿਚ ੧੨ ਮਹੀਨਿਆਂ ਦੇ ਪ੍ਰਕਿਰਤਿਕ ਚਿਤਰਨ ਰਾਹੀਂ ਜੀਵ-ਇਸਤਰੀ ਦੇ ਪ੍ਰਭੂ-ਪਤੀ ਤੋਂ ਵਿਛੋੜੇ ਦੀ ਦਸ਼ਾ ਨੂੰ ਬਿਆਨ ਕੀਤਾ ਹੈ। ਅਖੀਰ 'ਤੇ ੧੭ਵੇਂ ਪਦੇ ਵਿਚ ਵਿਸ਼ੇ ਦਾ ਤੱਤ-ਸਾਰ ਹੈ ਜਿਸ ਵਿਚ ਜੀਵ ਆਤਮਾ ਦਾ ਪਰਮਾਤਮਾ (ਥਿਰ ਸੋਹਾਗ) ਨਾਲ ਮਿਲਾਪ ਹੋ ਜਾਣ 'ਤੇ ਪਰਮ ਅਨੰਦ ਦੀ ਅਵਸਥਾ ਦਰਸਾਈ ਹੈ।

ਗੁਰੂ ਸਾਹਿਬ ਦੇ ਬਾਰਹ ਮਾਹਾ ਤੁਖਾਰੀ ਦੀ ਜੀਵ-ਇਸਤਰੀ ਪਾਤਰ ਉੱਚ ਅਵਸਥਾ ਵਾਲੀ ਬਿਰਹਨ ਜੀਵ-ਇਸਤਰੀ ਹੈ। ਗੁਰਬਾਣੀ ਅੰਦਰ ਮਨਮੁਖ ਜੀਵ ਨੂੰ 'ਦੁਹਾਗਣ' ਅਤੇ ਗੁਰਮੁਖ ਨੂੰ 'ਸੁਹਾਗਣ' ਨਾਲ ਤਸਬੀਹ ਦਿੱਤੀ ਗਈ ਹੈ। ਮਨਮੁਖ ਦੁਹਾਗਣ ਦੀ ਪ੍ਰਭੂ-ਪ੍ਰੀਤਮ ਨਾਲ ਪ੍ਰੀਤ ਨਹੀਂ; ਇਸ ਲਈ ਉਸ ਦੇ ਅੰਦਰ ਨਾ ਤਾਂ ਬਿਰਹਾ ਉਪਜਦਾ ਹੈ ਅਤੇ ਨਾ ਹੀ ਉਹ ਪ੍ਰਭੂ-ਮਿਲਾਪ ਲਈ ਤਰਲਾ ਲੈਂਦੀ ਹੈ। ਜਦ ਕੇ ਗੁਰਮੁਖ ਸੁਹਾਗਣ ਜੀਵ-ਇਸਤਰੀ ਦੇ ਅੰਦਰ ਪ੍ਰਭੂ-ਪਤੀ ਦੇ ਮਿਲਾਪ ਲਈ ਤੜਪ ਅਤੇ ਤਾਂਘ ਹੈ। ਉਸ ਨੂੰ ਪ੍ਰਭੂ ਮਿਲਾਪ ਤੋਂ ਬਿਨਾ ਹੋਰ ਕੁਝ ਵੀ ਚੰਗਾ ਨਹੀਂ ਲੱਗਦਾ।

ਗੁਰੂ ਸਾਹਿਬ ਦੁਆਰਾ ਵਰਣਿਤ ਬਾਰ੍ਹਾਂ ਮਹੀਨਿਆਂ ਵਿੱਚੋਂ ਜੇਠ, ਆਸਾੜ ਅਤਿ ਦੀ ਤਪਸ਼ ਅਤੇ ਪੋਖਿ ਅਤਿ ਦੀ ਠਾਰ ਦੇ ਮਹੀਨਿਆਂ ਨੂੰ ਛੱਡ ਕੇ ਬਾਕੀ ਮਹੀਨਿਆਂ ਦਾ ਚਿਤਰਣ ਬਹੁਤ ਹੀ ਹੁਲਾਸ-ਮਈ, ਸੁਹਾਣਾ ਅਤੇ ਮਨ ਅੰਦਰ ਖੇੜਾ ਪੈਦਾ ਕਰਨ ਵਾਲਾ ਹੈ। ਚੇਤੁ ਮਹੀਨੇ ਬਸੰਤ ਦਾ ਮੌਸਮ ਬਹੁਤ ਪਿਆਰਾ ਹੁੰਦਾ ਹੈ। ਬਨਸਪਤੀ ਫੁੱਲਾਂ ਨਾਲ ਖਿੜ ਪੈਂਦੀ ਹੈ ਬਨ ਫੂਲੇ ਮੰਝ ਬਾਰਿ ਫੁੱਲਾਂ ਉੱਪਰ ਭਵਰੇ ਬੈਠੇ ਸੋਹਣੇ ਲੱਗਦੇ ਹਨ ਭਵਰ ਸੁਹਾਵੜੇ, ਅੰਬਾਂ ਉੱਪਰ ਕੋਇਲ ਮਿੱਠੇ ਬੋਲ ਬੋਲਦੀ ਹੈ— *ਕੋਕਿਲ ਅੰਬਿ ਸੁਹਾਵੀ ਬੋਲੈ. . .॥*

ਵੈਸਾਖ ਦੇ ਮਹੀਨੇ ਪੁੰਗਰ ਦੀ ਬਹਾਰ ਵਿਚ ਰੁੱਖਾਂ ਨੂੰ ਕੂਲੀਆਂ-ਕੂਲੀਆਂ ਕਰੂੰਬਲਾਂ ਫੁੱਟ ਪੈਂਦੀਆਂ ਹਨ *ਸਾਖਾ ਵੇਸ ਕਰੇ ॥* ਸਾਵਣ ਮਹੀਨੇ ਕਾਲੀਆਂ

**ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. +੯੧੯੯੧੪੪-੧੯੪੮੪*

ਘਟਾਵਾਂ ਮਨ ਅੰਦਰ ਹੁਲਾਸ ਪੈਦਾ ਕਰਨ ਵਾਲੀਆਂ ਹੁੰਦੀਆਂ ਨੇ, ਮੀਂਹ ਵੱਸਣ ਨਾਲ ਸੁੱਕਾ ਘਾਹ ਬਨਸਪਤੀ ਮੌਲ ਉੱਠਦੀ ਹੈ। ਭਾਦਉ ਵੀ ਵਰਖਾ ਦਾ ਮਹੀਨਾ ਹੈ, ਇਸ ਵਿਚ ਟੋਏ ਆਦਿ ਪਾਣੀ ਨਾਲ ਭਰ ਜਾਂਦੇ ਹਨ। ਡੱਡੂ 'ਗੜੈਂ ਗੜੈਂ' ਕਰਦੇ ਹਨ, ਮੋਰ ਕੂਕਦੇ ਹਨ, ਦਾਦਰ ਮੋਰ ਲਵੰਤੇ ਪਪੀਹਾ 'ਪ੍ਰਿਉ ਪ੍ਰਿਉ' ਕਰਦਾ ਹੈ। *ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ॥* ਇਹ ਕੁਝ ਮਹੀਨੇ ਕੁਦਰਤੀ ਤੌਰ 'ਤੇ ਬਹੁਤ ਹੀ ਮਨੋਹਰ ਨਜ਼ਾਰੇ ਵਾਲੇ ਹਨ।

ਪਰ ਜਿਸ ਪਤੀਬ੍ਰਤਾ ਇਸਤਰੀ ਦਾ ਭਰਤਾ ਪਰਦੇਸ ਗਿਆ ਹੋਵੇ, ਉਸ ਵਿਛੋੜੇ ਦੇ ਦੁੱਖ ਵਿਚ ਤੜਫ ਰਹੀ ਇਸਤਰੀ ਨੂੰ ਇਹ ਸਭ ਨਜ਼ਾਰੇ ਸੁਹਾਵਣੇ ਨਹੀਂ ਲੱਗਦੇ। ਇਸੇ ਤਰ੍ਹਾਂ ਜਗਿਆਸੂ ਗੁਰਮੁਖ ਬਿਰਹਨ ਜੀਵ-ਇਸਤਰੀ ਨੂੰ, ਜਿਸ ਦੇ ਅੰਦਰ ਪ੍ਰਭੂ-ਪ੍ਰੀਤਮ ਦੇ ਮਿਲਾਪ ਦੀ ਤਾਂਘ ਪੈਦਾ ਹੋ ਗਈ ਹੋਵੇ, ਉਸ ਨੂੰ ਵੀ ਇਹ ਸਾਰੇ ਮੌਸਮ ਨਜ਼ਾਰੇ ਸੁਹਾਵਣੇ ਨਹੀਂ ਲੱਗਦੇ। ਇਸ ਜੀਵ-ਇਸਤਰੀ ਦੀ ਮੰਜ਼ਿਲ ਥਿਰ ਸੋਹਾਗ ਦੀ ਪ੍ਰਾਪਤੀ ਹੈ। ਇਸ ਨੂੰ ਇਹ ਵੀ ਅਹਿਸਾਸ ਹੈ ਕਿ ਇਹ ਰੁੱਤਾਂ, ਬਹਾਰਾਂ, ਸੁਹਾਵਣੇ ਮੌਸਮ ਕੁਝ ਵੀ ਸਥਿਰ ਨਹੀਂ, ਇਹ ਸਭ ਸਦੀਵੀ ਸੁਖ ਦੇਣ ਵਾਲੇ ਨਹੀਂ। ਉਸ ਦੀ ਮੰਜ਼ਿਲ ਅਧਿਆਤਮ ਹੈ, ਇਸੇ ਲਈ ਜਿੰਨਾ ਚਿਰ ਉਸ ਨੂੰ ਥਿਰ ਸੋਹਾਗ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਉਹ ਮਾਨਸਿਕ ਕੁਦਰਤੀ ਨਜ਼ਾਰਿਆਂ ਤੋਂ ਉਪਰਾਮ ਰਹਿੰਦੀ ਹੈ। ਪ੍ਰਭੂ-ਪ੍ਰੀਤਮ ਦੇ ਵਿਯੋਗ ਵਿਚ ਜੀਵ-ਇਸਤਰੀ ਦੇ ਹਿਰਦੇ ਨੂੰ ਅੰਬ ਦੇ ਰੁੱਖ ਉੱਪਰ ਕੋਇਲ ਦੇ ਮਿੱਠੇ ਬੋਲ ਪੀੜਾ ਹੀ ਦਿੰਦੇ ਹਨ। ਉਸ ਨੂੰ ਫੁੱਲਾਂ ਉੱਪਰ ਬੈਠੇ ਭਵਰੇ ਵੀ ਖੇੜਾ ਨਹੀਂ ਬਖ਼ਸ਼ ਪਾਉਂਦੇ, ਕਿਉਂਕਿ ਜੀਵ-ਇਸਤਰੀ ਦਾ ਹਿਰਦਾ ਕਵਲ ਤਾਂ ਹਿਰਦੇ ਦੀ ਸੇਜਾ ਉੱਪਰ ਪ੍ਰਭੂ-ਪਤੀ ਦੇ ਆਉਣ ਨਾਲ ਹੀ ਖਿੜਨਾ ਹੈ। ਸਾਵਣਿ ਮਹੀਨੇ ਦੇ ਬੱਦਲ, ਕਾਲੀਆਂ ਘਟਾਵਾਂ ਪ੍ਰਭੂ ਤੋਂ ਵਿਛੋੜੇ ਕਾਰਨ ਜੀਵ-ਇਸਤਰੀ ਨੂੰ ਖ਼ੁਸ਼ਗਵਾਰ ਨਹੀਂ ਲੱਗਦੇ, ਉਸ ਨੂੰ ਬਿਜਲੀ ਚਮਕ ਕੇ ਡਰਾਉਂਦੀ ਹੈ। ਪ੍ਰਭੂ-ਪ੍ਰੀਤਮ ਤੋਂ ਸੱਖਣੀ ਹਿਰਦੇ ਦੀ ਸੇਜਾ ਜੀਵ-ਇਸਤਰੀ ਨੂੰ ਮੌਤ ਦੇ ਬਰਾਬਰ ਦੁਖਦਾਈ ਲੱਗਦੀ ਹੈ। ਭਾਦਰੋਂ ਮਹੀਨੇ ਦੇ ਡੱਡੂ, ਮੋਰ, ਪਪੀਹੇ ਜੀਵ-ਇਸਤਰੀ ਨੂੰ ਪ੍ਰਭੂ ਵਿਛੋੜੇ ਕਾਰਨ ਚੰਗੇ ਨਹੀਂ ਲੱਗਦੇ, ਉਸ ਨੂੰ ਸੱਪ ਅਤੇ ਮੱਛਰ ਡੰਗ ਮਾਰਦੇ ਪ੍ਰਤੀਤ ਹੁੰਦੇ ਹਨ।

ਇਸ ਲਈ ਗੁਰਮੁਖ ਜੀਵ-ਇਸਤਰੀ ਕਦੀ ਪ੍ਰਭੂ-ਪਰਮੇਸਰ ਅੱਗੇ ਮਿਲਣ ਲਈ *ਹਰਿ ਬਿਨੁ ਘੜੀ ਨਾ ਜੀਵਾ ॥*, *ਤੂ ਸੁਣਿ ਆਤਮ ਰਾਮਾ ॥*, *ਤੂ ਸਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥*, *ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥*, *ਘਰਿ ਆਉ ਪਿਆਰੇ ਦੁਤਰ ਤਾਰੇ ਤੁਧ ਬਿਨ ਅਢੁ ਨ ਮੋਲੋ ॥*, *ਅਸੁਨਿ ਆਓ ਪਿਰਾ ਸਾਧਨ ਝੂਰਿ ਮੁਈ ॥*, *ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥* ਅਤੇ *ਕਰਿ ਕਿਰਪਾ ਘਰਿ ਆਓ* ਦਾ ਤਰਲਾ ਲੈਂਦੀ ਹੈ ਅਤੇ ਕਦੇ ਗੁਰੂ ਅੱਗੇ *ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥* ਰਾਹੀਂ ਬਸੀਠ ਬਣ ਕੇ ਪ੍ਰਭੂ-ਮਿਲਾਪ ਲਈ ਵਿਚੋਲਗੀ ਖਾਤਰ ਅਰਜੋਈ ਕਰਦੀ ਹੈ।

ਜਦੋਂ ਜਗਿਆਸੂ ਗੁਰਮੁਖ ਜੀਵ-ਇਸਤਰੀ ਦੇ ਹਿਰਦੇ ਵਿਚ ਪ੍ਰਭੂ-ਮਿਲਾਪ ਦੀ ਤਾਂਘ ਨੂੰ ਵੇਖ ਕੇ ਸਮਰੱਥ ਗੁਰੂ ਜੀ ਮਿਹਰਾਂ ਦੇ ਘਰ ਵਿਚ ਆ ਕੇ ਜੀਵ ਉੱਪਰ ਅਪਾਰ ਬਖ਼ਸ਼ਿਸ਼ ਕਰਦੇ ਹਨ। ਜਦੋਂ ਗੁਰੂ ਜੀ ਪ੍ਰਭੂ-ਮਿਲਾਪ ਲਈ ਜੀਵ ਦੇ ਅੰਦਰ ਅੰਮ੍ਰਿਤ ਵੇਲੇ ਦੀ ਰੀਤ, ਬਾਣੀ, ਸਿਮਰਨ ਨਾਲ ਪ੍ਰੀਤ ਉਤਪੰਨ ਕਰਦੇ ਹਨ ਤਾਂ ਜੀਵ ਨੂੰ ਬਾਣੀ ਸਿਮਰਨ ਵਿੱਚੋਂ ਰਸ ਆਉਣ ਲੱਗਦਾ ਹੈ। ਇਹ ਰਸ ਅੱਜ ਹੋਰ ਕੱਲ ਹੋਰ ਜੀਵ ਨੂੰ ਰਸੀਆ ਅਤੇ ਜੀਵਨ ਨੂੰ ਰਸ-ਮਈ ਬਣਾ ਦਿੰਦਾ ਹੈ।

ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਜੀਵਾਂ ਦਾ ਪ੍ਰਭੂ-ਪਰਮੇਸਰ ਨਾਲ ਮਿਲਾਪ ਕਰਾਉਣ ਲਈ ਹੀ *ਹਰਿ ਦਰਗਹ ਕਾ ਬਸੀਠੁ* ਬਣ ਕੇ ਇਸ ਜਗਤ ਵਿਚ ਆਏ ਸਨ। ਕਿਉਂਕਿ ਅਕਾਲ ਪੁਰਖ ਨੇ ਦੇਖਿਆ ਕਿ ਜੀਵ ਤਾਂ ਵਿਚਾਰੇ ਮੇਰੇ ਨਾਲ ਮਿਲਾਪ ਕਰਨ ਲਈ ਤਰਲੇ ਲੈ ਰਹੇ ਹਨ, ਪਰ ਮੇਰੇ ਦੁਆਰਾ ਭੇਜੇ ਪਹਿਲੇ ਬਸੀਠ ਤਾਂ ਉਨ੍ਹਾਂ ਨੂੰ ਮੇਰੇ ਮਿਲਾਪ ਦਾ ਸਹੀ ਰਸਤਾ ਹੀ ਨਹੀਂ ਦੱਸ ਰਹੇ, ਜੀਵ ਤਾਂ ਵਿਚਾਰੇ ਗੁੰਮਰਾਹ ਹੋ ਰਹੇ ਹਨ। ਕੋਈ ਮੇਰੇ ਨਾਲ ਮਿਲਾਪ ਲਈ ਉਨ੍ਹਾਂ ਨੂੰ ਜੰਗਲਾਂ ਵੱਲ ਤੋਰ ਰਿਹਾ ਹੈ, ਕੋਈ ਪਹਾੜਾਂ ਵੱਲ, ਕੋਈ ਤੀਰਥਾਂ ਉੱਪਰ, ਕੋਈ ਜਲ ਧਾਰੇ ਕਰਾ ਰਿਹਾ ਹੈ, ਕੋਈ ਤਨ ਤਪਵਾ ਰਿਹਾ ਹੈ। ਕੋਈ ਮੈਨੂੰ ਅਵਾਚੀ (ਪੂਰਬ) ਦਿਸ਼ਾ ਵਿਚ ਦੱਸ ਰਿਹਾ ਹੈ ਤੇ ਕੋਈ ਸਵਾਚੀ (ਪੱਛਮ) ਦਿਸ਼ਾ ਵਿਚ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਜੀਵ-ਇਸਤਰੀਆਂ ਉੱਪਰ ਬਖ਼ਸ਼ਿਸ਼ ਕੀਤੀ ਅਤੇ ਸਮਝਾਇਆ :

*ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਪ੍ਰਭੂ-ਪਤੀ ਨੂੰ ਮਿਲਣ ਲਈ ਉਸ ਨੂੰ ਭਾਅ ਜਾਣ ਵਾਸਤੇ ਸ਼ਿੰਗਾਰ ਕਰਨ ਦਾ ਢੰਗ ਦੱਸਿਆ:

*ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਜੀਵ-ਇਸਤਰੀ ਅਤੇ ਪ੍ਰਭੂ-ਪ੍ਰੀਤਮ ਦੇ ਮਿਲਾਪ ਬਾਰੇ ਪੂਰਾ ਸ਼ਬਦ ਬਹੁਤ ਹੀ ਪਿਆਰਾ ਹੈ।

ਜਦੋਂ ਜੀਵ-ਇਸਤਰੀ ਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਸ਼ੁਭ ਗੁਣਾਂ ਦਾ ਸ਼ਿੰਗਾਰ ਕਰ ਲੈਂਦੀ ਹੈ ਤਾਂ ਉਹ ਪ੍ਰਭੂ ਨੂੰ ਭਾਅ ਜਾਂਦੀ ਹੈ। ਪ੍ਰਭੂ ਨੂੰ ਭਾਅ ਜਾਣ 'ਤੇ ਉਹ ਪ੍ਰਭੂ ਦੇ ਅੰਗ (ਸ਼ਬਦ/ਯਾਦ) ਵਿਚ ਸਮਾ ਜਾਂਦੀ ਹੈ:

*ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੭)*

ਅਜਿਹੀ ਜੀਵ-ਇਸਤਰੀ ਆਪਣੇ ਗਿਆਨ ਇੰਦ੍ਰਿਆਂ ਨੂੰ ਸੰਜਮ ਵਿਚ ਰੱਖ ਕੇ ਪ੍ਰਭੂ ਦੇ ਮਹਲ ਘਰ (ਮਨੁੱਖਾ ਸਰੀਰ) ਦੇ ਅੰਦਰ ਹੀ ਪ੍ਰਭੂ ਦੇ ਨਿੱਜ ਘਰ, ਪ੍ਰਭੂ ਦੇ ਸ੍ਵੈ-

ਸਰੂਪ (ਸ਼ਬਦ/ਵਾਹਿਗੁਰੂ ਗੁਰਮੰਤਰ) ਵਿਚ ਆਪਣੀ ਸੁਰਤ ਨੂੰ ਟਿਕਾ ਲੈਂਦੀ ਹੈ :

*ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੭)*

ਅਸਲ ਵਿਚ ਜੀਵ-ਇਸਤਰੀ ਆਪਣੇ ਜਿਸ ਪ੍ਰੀਤਮ ਨੂੰ ਦੂਰ ਪ੍ਰਦੇਸ਼ ਗਿਆ ਸਮਝੀ ਬੈਠੀ ਸੀ ਉਹ ਉਸ ਦਾ ਭਰਮ ਸੀ। 'ਧਨ ਪਿਰ' ਦਾ ਵਾਸਾ ਤਾਂ ਇੱਕੋ ਘਰ ਵਿਚ ਹੀ ਸੀ, ਬਸ! ਵਿਚਕਾਰ ਇਕ ਭੰਬੀਰੀ ਦੇ ਖੰਭ ਨਾਲੋਂ ਵੀ ਬਰੀਕ ਹਉਮੈਂ ਦੀ ਦੀਵਾਰ ਸੀ, ਜੋ ਪ੍ਰਭੂ-ਪ੍ਰੀਤਮ ਤੋਂ ਵਿਛੋੜੇ ਦਾ ਕਾਰਨ ਸੀ। ਪੂਰੇ ਗੁਰੂ ਨੇ ਇਸ ਹਉਮੈਂ ਦੀ ਦੀਵਾਰ ਨੂੰ ਤੋੜ ਕੇ 'ਘਰ ਹੀ ਮਾਹਿ' ਪਿਆਰਾ ਵਿਖਾਲ ਦਿੱਤਾ।

ਹੁਣ ਪ੍ਰਭੂ-ਪ੍ਰੀਤਮ ਨਾਲ ਮਿਲਾਪ ਹਾਸਲ ਹੋ ਜਾਣ ਤੇ ਜੀਵ-ਇਸਤਰੀ ਚੇਤ ਮਹੀਨੇ ਵੀ ਅਡੋਲ ਅਵਸਥਾ ਵਿਚ ਟਿਕ ਕੇ ਆਤਮਕ ਆਨੰਦ ਮਾਣਦੀ ਹੈ। ਫਿਰ ਉਸ ਨੂੰ ਵੈਸਾਖ ਮਹੀਨਾ ਵੀ ਸੁਹਾਵਣਾ ਲੱਗਣ ਲੱਗ ਪੈਂਦਾ ਹੈ, ਕਿਉਂਕਿ ਉਸ ਦੀ ਸੁਰਤ ਗੁਰੂ ਦੇ ਸ਼ਬਦ ਵਿਚ ਜੁੜ ਜਾਂਦੀ ਹੈ। ਫਿਰ ਉਸ ਨੂੰ ਜੇਠ ਮਹੀਨਾ ਵੀ ਤਪਸ਼ ਵਾਲਾ ਨਹੀਂ ਲੱਗਦਾ, ਕਿਉਂਕਿ ਉਸ ਨੇ ਪ੍ਰਭੂ-ਪਰਮੇਸ਼ਰ ਦੇ ਸ਼ਬਦ ਨਾਲ ਵਿਸ਼ੇ-ਵਿਕਾਰਾਂ ਦੀ ਅੱਗ ਨੂੰ ਠਾਰ ਲਿਆ ਹੈ। ਹੁਣ ਉਸ ਨੂੰ ਹਾੜ ਦੇ ਮਹੀਨੇ ਦੀ ਗਰਮੀ ਵਰਗੀ ਵਿਕਾਰਾਂ ਦੀ ਤਪਸ਼ ਵੀ ਤਪਾ ਨਹੀਂ ਸਕਦੀ, ਕਿਉਂਕਿ ਉਸ ਨੇ ਪ੍ਰਭੂ ਦੇ ਨਾਮ ਨੂੰ ਹਿਰਦੇ ਅੰਦਰ ਧਾਰਨ ਕਰ ਲਿਆ ਹੈ। ਹੁਣ ਪ੍ਰਭੂ ਦੀ ਯਾਦ ਵਿਚ ਲੀਨ ਰਹਿਣ ਕਰਕੇ ਉਸ ਨੂੰ ਸਾਵਣ ਮਹੀਨਾ ਵੀ ਸੁਹਾਵਣਾ ਲੱਗਣ ਲੱਗ ਪੈਂਦਾ ਹੈ। ਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਪ੍ਰਭੂ-ਮਿਲਾਪ ਸਦਕਾ ਹੁਣ ਜੀਵ ਨੂੰ ਭਾਦਉ ਦਾ ਮਹੀਨਾ ਵੀ ਚੰਗਾ ਲੱਗਦਾ ਹੈ। ਗੁਰੂ ਦੀ ਵਿਚੋਲਗੀ ਰਾਹੀਂ ਅਡੋਲ ਅਵਸਥਾ ਸਦਕਾ ਪ੍ਰਭੂ-ਮਿਲਾਪ ਹੋ ਜਾਣ 'ਤੇ ਅੱਸੂ ਦਾ ਮਹੀਨਾ ਵੀ ਸੁਖਦਾਈ ਹੋ ਜਾਂਦਾ ਹੈ। ਕਤਕਿ ਮਾਹ ਵੀ ਸੋਭਨੀਕ ਹੋ ਗਿਆ ਹੈ, ਕਿਉਂਕਿ ਪਰਮਾਤਮਾ ਦੀ ਸਿਫਤ ਸਾਲਾਹ ਸਦਕਾ ਹਿਰਦੇ ਅੰਦਰ ਆਤਮ ਸੂਝ ਦੇ ਚਾਨਣ ਵਾਲਾ ਦੀਵਾ ਜਗ ਪਿਆ ਹੈ। ਮਘਰ ਮਾਹੁ ਵੀ ਭਲਾ ਹੈ, ਕਿਉਂਕਿ ਪਰਮਾਤਮਾ ਦੀ ਸਿਫਤ ਸਲਾਹ ਸਦਕਾ ਪ੍ਰਭੂ-ਪ੍ਰੀਤਮ ਦਾ ਹਿਰਦੇ ਵਿਚ ਵਾਸਾ ਹੋ ਗਿਆ ਹੈ। ਜਿੱਥੇ ਪਹਿਲੇ ਪੋਖਿ ਮਹੀਨੇ ਵਿਚ ਘਾਹ-ਬੂਟਿਆਂ ਦਾ ਰਸ ਸੁੱਕ ਗਿਆ ਸੀ। ਜੀਵ ਦੇ ਹਿਰਦੇ ਵਿੱਚੋਂ ਵੀ ਪ੍ਰਭੂ ਵਿਛੋੜੇ ਕਾਰਨ ਆਤਮਕ ਰਸ ਸੁੱਕ ਚੁੱਕਾ ਸੀ। ਹੁਣ ਜੀਵ-ਇਸਤਰੀ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੋ ਜਾਣ ਕਾਰਨ ਉਹ 'ਗੁਰੂ ਸ਼ਬਦ' ਰਾਹੀਂ ਪ੍ਰਭੂ-ਮਿਲਾਪ ਦਾ ਖੇੜਾ ਮਾਣਦੀ ਹੈ। ਹੁਣ ਉਸ ਦਾ ਸਾਰਾ ਜੀਵਨ ਹੀ ਨਾਮ ਰਸ ਨਾਲ ਭਰਪੂਰ ਹੋ ਗਿਆ ਹੈ। ਮਾਘ ਮਹੀਨੇ ਲੋਕ ਤ੍ਰਿਬੇਣੀ ਵਿਚ ਇਸ਼ਨਾਨ ਕਰਨ ਨੂੰ ਸੁਭਾਗਾ ਮੰਨਦੇ ਹਨ। ਪਰ ਜੀਵ-ਇਸਤਰੀ ਨੂੰ ਗੁਰੂ ਦੀ ਸਿੱਖਿਆ ਰਾਹੀਂ ਇਹ ਸੋਝੀ ਹੋ ਗਈ ਹੈ ਕਿ ਪਰਮਾਤਮਾ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਉਣਾ ਹੀ ਤ੍ਰਿਬੇਣੀ ਅਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ। ਫੱਗਣ ਮਹੀਨੇ ਲੋਕੀਂ ਹੋਲੀ ਦੇ ਰੰਗਾਂ ਨਾਲ ਮਾਨਸਿਕ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ, ਪਰ ਜਿਸ ਜੀਵ-ਇਸਤਰੀ ਨੇ ਆਪਾ ਭਾਵ ਖਤਮ ਕਰ ਕੇ, ਪੂਰੇ ਗੁਰੂ ਰਾਹੀਂ ਹਊਮੈਂ ਦੀ ਕਰਾਰੀ ਭੀਤ ਤੋੜ ਕੇ ਧਨ ਪਿਰ ਕਾ ਇਕ ਹੀ ਸੰਗਿ ਵਾਸਾ ਦੀ ਰਮਜ਼ ਨੂੰ ਪਛਾਣ ਲਿਆ ਹੈ, ਉਹ ਸਾਜਨ ਸਹਜਿ ਮਿਲੇ ਅਤੇ ਸਾਚੇ ਆਏ

ਸਹਜਿ ਮਿਲੇ ਅਨੁਸਾਰ ਸਹਜ ਅਵਸਥਾ ਵਿਚ ਟਿਕ ਕੇ ਸਦਾ ਥਿਰ ਰਹਿਣ ਵਾਲੇ ਪ੍ਰਭੂ ਨਾਲ ਸਦੀਵੀ ਮਿਲਾਪ ਹਾਸਲ ਕਰ ਲੈਂਦੀ ਹੈ ਅਤੇ ਸਦੀਵੀ ਖੇੜੇ ਵਾਲੀ ਅਵਸਥਾ ਦੀ ਪਾਤਰ ਬਣ ਜਾਂਦੀ ਹੈ। ਪ੍ਰਭੂ ਨਾਲ ਪੂਰਨ ਇਕਮਿਕਤਾ ਵਾਲੀ ਅਡੋਲ ਅਵਸਥਾ ਨੂੰ ਹਾਸਲ ਕਰ ਕੇ ਗੁਰਮੁਖ ਜੀਵ-ਇਸਤਰੀ ਨੂੰ ਹੁਣ ਬਾਰ੍ਹਾਂ ਮਹੀਨੇ, ਸਾਰੀਆਂ ਰੁੱਤਾਂ, ਥਿਤਾਂ, ਦਿਨ, ਵਾਰ, ਘੜੀਆਂ ਮਹੂਰਤ ਸੁਲੱਖਣੇ ਜਾਪਦੇ ਹਨ। ਹੁਣ ਜੀਵ-ਇਸਤਰੀ ਨੂੰ ਇਹ ਮਹੀਨੇ, ਥਿਤਾਂ, ਵਾਰ, ਦੁਖਦਾਈ ਨਹੀਂ ਲੱਗਦੇ, ਸਗੋਂ ਸ਼ੋਭਨੀਕ ਹੋ ਗਏ ਹਨ, ਕਿਉਂਕਿ ਹੁਣ ਉਹ ਮਾਨਸਿਕ ਅਵਸਥਾ ਤੋਂ ਉੱਪਰ ਉੱਠ ਕੇ ਆਤਮਕ ਅਵਸਥਾ ਵਿਚ ਵਿਚਰਦੀ ਹੈ ਅਤੇ ਆਤਮਕ ਆਨੰਦ ਮਾਣਦੀ ਹੈ। ਉਸ ਨੇ ਹੁਣ ਸਹਜ ਅਵਸਥਾ ਵਿਚ ਟਿਕ ਕੇ ਥਿਰ ਸੋਹਾਗ ਨੂੰ ਪ੍ਰਾਪਤ ਕਰ ਲਿਆ ਹੈ। ■

---

ਕਵਿਤਾ

## ਦਾਦੀ ਪੋਤਿਆਂ ਨੂੰ ਕਹਿੰਦੀ. . .

*-ਗਿਆਨੀ ਪਿਆਰਾ ਸਿੰਘ ਜਾਚਕ**

*ਗਲਵਕੜੀ 'ਚ ਲੈਕੇ ਦਾਦੀ ਪੋਤਿਆਂ ਨੂੰ ਕਹਿੰਦੀ,*
*ਸਾਹਵੇਂ ਮੁਗ਼ਲਾਂ ਦੇ ਸੀਸ ਨਾ ਝੁਕਾਇਓ ਬੱਚਿਓ!*
*ਫ਼ਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!!*
*ਉਹਦੀ ਮੰਨਣੀ ਨਾ ਕੋਈ ਤੁਸਾਂ ਬਾਤ ਮੇਰੇ ਸ਼ੇਰੋ,*
*ਸੂਬਾ ਹੂਰਾਂ ਦੀ ਵੀ ਦੇਵੇ ਜੇ ਸੌਗਾਤ ਮੇਰੇ ਸ਼ੇਰੋ,*
*ਇੰਜ ਗੱਜਣਾ ਕਚਹਿਰੀ ਜੜ੍ਹੋਂ ਹਿੱਲ ਜਾਵੇ ਵੈਰੀ,*
*ਪੱਗ ਦਾਦੇ ਦੀ ਨੂੰ ਦਾਗ਼ ਨਾ ਲਗਾਇਓ ਬੱਚਿਓ!*
*ਫ਼ਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!!*
*ਲੱਖਾਂ ਲਾਲਚਾਂ ਦੇ ਨਾਲ ਭਰਮਾਉਣਾ ਜ਼ਾਲਮਾਂ ਨੇ,*
*ਤੱਤੀ ਤਵੀ ਚੌਂਕ ਚਾਂਦਨੀ ਚਿਤਾਉਣਾ ਜ਼ਾਲਮਾਂ ਨੇ,*
*ਜ਼ੋਰਾਵਰ ਫਤਿਹ ਸਿੰਘ! ਸੂਬਾ ਪਾਊ ਵੱਲ ਵਿੰਗ,*
*ਫ਼ਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!*
*ਨਾ ਹੀ ਡੋਲਿਓ ਨਾ ਜ਼ਰਾ ਘਬਰਾਇਓ ਬੱਚਿਓ!!*
*ਤੱਤੀ ਤਵੀ 'ਤੇ ਬਿਠਾਵੇ ਭਾਵੇਂ ਦੇਗ 'ਚ ਉਬਾਲੇ,*
*ਬੰਦ ਬੰਦ ਕੱਟ ਦੇਵੇ ਭਾਵੇਂ ਨੇਜ਼ੇ 'ਤੇ ਉਛਾਲੇ,*
*ਵੀਰ ਅਜੀਤ ਤੇ ਜੁਝਾਰ, ਵਾਂਗੂੰ ਲੈਣੀ ਬਾਜ਼ੀ ਮਾਰ,*
*ਤੇਰਾ ਭਾਣਾ ਮੀਠਾ ਲਾਗੇ ਫੁਰਮਾਇਓ ਬੱਚਿਓ!*
*ਫਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!!*
*ਵੈਰੀ ਜ਼ੁਲਮ ਕਮਾਵੇ ਆਰੇ ਨਾਲ ਚਿਰਵਾਵੇ,*
*ਮੇਰੇ ਲਾਲਾਂ ਦਿਆਂ ਨੈਣਾਂ 'ਚ ਨਾ ਨੀਰ ਭਰ ਆਵੇ,*
*ਸਿੱਖੀ ਹੋਜੂ ਬਲਵਾਨ ਸੋਭਾ ਕਰੂਗਾ ਜਹਾਨ,*
*ਝੰਡਾ ਸਿੱਖੀ ਵਾਲਾ ਫ਼ਤਹ ਲਈ ਝੁਲਾਇਓ ਬੱਚਿਓ!*
*ਫ਼ਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!!*
*ਮੇਰੇ ਗੋਬਿੰਦ ਦੇ ਲਾਲ, ਨੌਵੇਂ ਪਾਤਸ਼ਾਹ ਦੇ ਪੋਤੇ,*
*ਵਿਚ ਸੂਬੇ ਦੀ ਕਚਹਿਰੀ, ਵੇਖੋ ਡਟ ਕੇ ਖਲੋਤੇ,*
*ਥੋਡੀ ਬਿਰਧੀ ਨਾ ਜਾਣੀ ਕੁਰਬਾਨੀ ਇਹ ਲਾਸਾਨੀ,*
*ਗੱਲ ਹੋਰ ਨਾ ਕੋਈ ਦਿਲ 'ਚ ਲਿਆਇਓ ਬੱਚਿਓ!*
*ਫ਼ਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!!*
*ਮੋਤੀ ਮਹਿਰੇ ਦੀ ਸੇਵਾ ਨੂੰ ਜਗ ਵਡਿਆਵੇਗਾ,*
*ਗੰਗੂ ਲਾਹਨਤੀ ਨੂੰ ਲਾਹਨਤਾਂ ਜਹਾਨ ਸਾਰਾ ਪਾਵੇਗਾ,*
*ਹੋਵੇ ਵਿਚ ਸਰਹੰਦ ਇਕਬਾਲ ਜੋ ਬੁਲੰਦ,*
*ਲਾੜੀ ਮੌਤ ਨੂੰ ਵੀ ਹੱਸ ਪ੍ਰਨਾਇਓ ਬੱਚਿਓ!*
*ਫ਼ਤਹ ਜ਼ਾਲਮਾਂ ਨੂੰ ਗੱਜ ਕੇ ਬੁਲਾਇਓ ਬੱਚਿਓ!!* ■

*ਪਿੰਡ ਤੇ ਡਾਕਖ਼ਾਨਾ: ਇੱਬਣ ਕਲਾਂ, ਝਬਾਲ ਰੋਡ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ। ਮੋ. ੯੧੯੯੧੪੪-੯੬੧੯੫

# ਸ਼ਹੀਦ ਭਾਈ ਬਚਿੱਤਰ ਸਿੰਘ ਜੀ

*-ਡਾ. ਹਰਪ੍ਰੀਤ ਕੌਰ**

ਭਾਈ ਬਚਿੱਤਰ ਸਿੰਘ ਸਿੱਖ ਇਤਿਹਾਸ ਵਿਚਲੇ ਅਠਾਰ੍ਹਵੀਂ ਸਦੀ ਦੇ ਮਹਾਨ ਸ਼ਹੀਦਾਂ ਵਿੱਚੋਂ ਇੱਕ ਹਨ। ਉਹ ਉਸ ਸਿਦਕੀ ਖ਼ਾਨਦਾਨ ਨਾਲ ਸੰਬੰਧ ਰੱਖਦੇ ਸਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ-ਘਰ ਦੇ ਲੇਖੇ ਲਾ ਦਿੱਤਾ। ਇਸ ਪਰਵਾਰ ਦੇ ਅਨੇਕ ਜੀਆਂ ਨੇ ਸ਼ਹਾਦਤ ਦਾ ਜਾਮ ਪੀਤਾ, ਪਰ ਕਦੀ ਵੀ ਸਿੱਖੀ ਸਿਦਕ ਤੋਂ ਨਾ ਡੋਲੇ। ਉਨ੍ਹਾਂ ਨੂੰ ਉਸ ਮਹਾਨ ਸ਼ਹੀਦ ਦੇ ਘਰ ਜਨਮ ਲੈਣ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਨੇ ਸਿੱਖੀ ਦੀ ਖਾਤਰ ਆਪਣਾ ਬੰਦ-ਬੰਦ ਕਟਵਾ ਲਿਆ, ਪਰ ਜ਼ਾਲਮ ਦੀ ਈਨ ਨਹੀਂ ਮੰਨੀ। ਭਾਈ ਬਚਿੱਤਰ ਸਿੰਘ ਉਹ ਮਰਜੀਵੜੇ ਹਨ, ਜਿਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ 'ਔਖੀ ਘਾਟੀ ਬਿਖੜਾ ਪੈਂਡਾ ਪਰ ਅਸਾਂ ਨੇ ਤੁਰਨਾ' ਦਾ ਪ੍ਰਣ ਕੀਤਾ ਸੀ। ਭਾਈ ਬਚਿੱਤਰ ਸਿੰਘ ਦਾ ਜਨਮ ੧੨ ਅਪ੍ਰੈਲ, ੧੬੬੩ ਈ. ਨੂੰ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ ਵਿਖੇ ਭਾਈ ਮਨੀ ਸਿੰਘ ਦੇ ਘਰ[੧] ਮਾਤਾ ਸੀਤਾ ਬਾਈ ਦੀ ਕੁੱਖ ਤੋਂ ਹੋਇਆ।[੨] ਭਾਈ ਬਚਿੱਤਰ ਸਿੰਘ, ਭਾਈ ਮਨੀ ਸਿੰਘ ਦੇ ਪੰਜ ਸਪੁੱਤਰਾਂ ਵਿੱਚੋਂ ਇਕ ਸਨ ਜਿਨ੍ਹਾਂ ਨੂੰ ਭਾਈ ਸਾਹਿਬ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਰਦ ਕੀਤਾ ਸੀ। ਉਨ੍ਹਾਂ ਨੇ ਸੰਮਤ ੧੭੫੬ ਬਿ. ਦੀ ਵੈਸਾਖੀ ਵਾਲੇ ਦਿਨ ਆਪਣੇ ਪੰਜ ਭਰਾਵਾਂ ਸਮੇਤ ਅੰਮ੍ਰਿਤ-ਪਾਨ ਕੀਤਾ:

*ਫੇਰ ਮਾਈ ਦਾਸ ਸੁਤ ਰਾਜਪੂਤ ਅੱਤ ਮਜਬੂਤ।*
*ਨਿਕਟ ਹੈ ਮੁਲਤਾਨ ਕੇ ਇਕ ਅਲੀ ਗਢ ਅਸਥਾਨ।*
*ਤਾਂਹਿ ਕੇ ਸੁਤ ਪਾਂਚ ਪਾਂਚੇ ਭਏ ਸਿੰਘ ਸੁਜਾਨ।*
*ਉਦੇ ਸਿੰਘ ਬਚਿਤ੍ਰ ਸਿੰਘ ਅਨਕ ਸਿੰਘ ਸੁ ਬੀਰ।*
*ਅਜਬ ਸਿੰਘ ਸੁਮਤ ਅਜਾਇਬ ਸਿੰਘ ਰਣਧੀਰ।*[੩]

ਭਾਈ ਬਚਿੱਤਰ ਸਿੰਘ ਨੂੰ ਆਪਣੇ ਜੀਵਨ ਦਾ ਕਾਫ਼ੀ ਸਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਵਿਚ ਬਤੀਤ ਕਰਨ ਦਾ ਮੌਕਾ ਮਿਲਿਆ। ਉਹ ਤਲਵਾਰਬਾਜ਼ੀ ਵਿਚ ਇੰਨੇ ਨਿਪੁੰਨ ਸਨ, ਕਿ ਕਈ ਬੰਦਿਆਂ ਦਾ ਇਕੱਲੇ ਹੀ ਟਾਕਰਾ ਕਰ ਸਕਦੇ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਜੰਗਾਂ ਵਿਚ ਹਿੱਸਾ ਲਿਆ ਸੀ। ਸੰਮਤ ੧੭੫੭ ਵਿਚ ਜਦੋਂ ਪਹਾੜੀ ਰਾਜਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਲੋਹਗੜ੍ਹ ਕਿਲ੍ਹੇ ਉੱਪਰ ਹਮਲੇ ਦੀ ਤਿਆਰੀ ਕੀਤੀ ਤਾਂ ਉਸ ਸਮੇਂ ਲੋਹਗੜ੍ਹ ਕਿਲ੍ਹੇ ਦੇ

*ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ:੯੬੪੬੭-੮੫੯੯੮

ਮੁਖੀ ਭਾਈ ਦੁਨੀ ਚੰਦ ਸਨ।[੪] ਉਹ ਭਾਈ ਸਾਲੋ ਜੀ ਦਾ ਪੋਤਾ ਸੀ:

*ਦੁਨੀ ਚੰਦ ਸਾਲੋ ਕਰ ਪੋਤਾ। ਧਾਰੀ ਵਾਲ ਜਾਟ ਸਿਖ ਹੋਤਾ।*
*ਗਿਲਨ ਕਰ ਮਸੰਦ ਜਗ ਜਾਨਾ। ਸਭ ਹੀ ਮਾਨਤ ਤਾ ਕਰ ਆਨਾ।*[੫]

ਪਹਾੜੀ ਰਾਜਿਆਂ ਨੇ ਕਿਲ੍ਹੇ ਉੱਪਰ ਹਮਲਾ ਕਰਨ ਦੀ ਵਿਉਂਤ ਬਣਾਈ ਸੀ ਕਿ ਫੌਜ ਦੇ ਅੱਗੇ ਜਸਵਾਲੀਏ ਰਾਜੇ ਦਾ ਮਸਤ ਹਾਥੀ ਲਾ ਕੇ ਕਿਲ੍ਹੇ ਦਾ ਦਰਵਾਜ਼ਾ ਤੋੜਿਆ ਜਾਵੇ। ਸਿੱਖਾਂ ਨੇ ਆ ਕੇ ਗੁਰੂ ਜੀ ਨੂੰ ਦੱਸਿਆ ਕਿ ਪਹਾੜੀ ਰਾਜੇ ਕੱਲ ਸਵੇਰ ਨੂੰ ਹਾਥੀ ਦੀ ਮਦਦ ਨਾਲ ਕਿਲ੍ਹੇ ਉੱਪਰ ਹਮਲਾ ਕਰਨਗੇ ਅਤੇ ਪਹਾੜੀ ਰਾਜਿਆਂ ਅਨੁਸਾਰ ਹਾਥੀ ਦੇ ਸਾਹਮਣੇ ਕੋਈ ਨਹੀਂ ਆਵੇਗਾ ਤਾਂ ਗੁਰੂ ਜੀ ਕਹਿਣ ਲੱਗੇ ਕਿ ਮੇਰੇ ਕੋਲ ਵੀ ਇਕ ਗੁਰੂ ਦਾ ਹਾਥੀ ਹੈ ਜਿਸ ਦਾ ਨਾਂ ਦੁਨੀ ਚੰਦ ਹੈ। ਉਸ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੇ ਭਾਈ ਦੁਨੀ ਚੰਦ ਦੀ ਡਿਊਟੀ ਲਗਾਈ ਸੀ। ਜਦੋਂ ਦੁਨੀ ਚੰਦ ਡਰਨ ਲੱਗਾ ਤਾਂ ਸਿੱਖਾਂ ਨੇ ਆ ਕੇ ਉਸ ਨੂੰ ਧੀਰਜ ਦਿੱਤੀ:

*ਜਸਵਾਰਨ ਸੰਗਿ ਮਤਾ ਕਰਿਯੋ ਗੁਰ ਦ੍ਵਾਰ ਪੈ ਮੱਤ ਦੁਰਕਾਹੀ…*
*ਗਜ ਸਨਮੁਖ ਤੋ ਨਹਿ ਆਵਹਿਗੋ ਤਿਨ ਬੇਮੁਖ ਉਲਟ ਮਰੇ ਲਖ ਪਾਹੀ।*
*ਯੌਂ ਸੁਨ ਕੈ ਮੁਸਕਾਯ ਕਹੈ ਗੁਰ, "ਮੋ ਢਿਗ ਹੈ ਗਜ ਮੱਤ ਮੱਤਾਹੀ।*
*ਕੇਹਰਿ ਜਯੋ ਯਾਮਹਿ ਜਬ ਜਾਵਹਿ, ਨਾਮ ਦੁਨੀ ਚੰਦ ਮੱਤ ਗਜਾਹੀ…*
*ਆਪਨੀ ਆਪਨੀ ਠੋਰ ਟਿਕੈ ਸਬ ਹੋਤ ਨਿਸੀਤ ਡਰਯੋ ਮਨ ਮਾਹੀ।*
*ਦੁਨੀ ਚੰਦ ਬੁਝੈ ਸਭ ਲੋਕਨ ਤੇ ਤਬ ਧੀਰਜ ਦੀਨ ਸਭੈ ਸਿਖ ਵਾਹੀ॥*[੬]

ਪਰ ਦੁਨੀ ਚੰਦ ਨੇ ਬਹੁਤ ਹੀ ਕਾਇਰਤਾ ਦਿਖਾਈ ਅਤੇ ਰਾਤ ਨੂੰ ਕਿਲ੍ਹੇ ਦੀ ਕੰਧ ਟੱਪ ਕੇ ਭੱਜਣ ਦੀ ਕੋਸ਼ਿਸ਼ ਵਿਚ ਆਪਣੀ ਲੱਤ ਤੁੜਵਾ ਲਈ। ਇਸ ਤੋਂ ਬਾਅਦ ਉਹ ਸੱਪ ਦੇ ਡੱਸਣ ਨਾਲ ਮਰ ਗਿਆ:

*ਚਲਾ ਭਾਜ ਕੈ ਬਿਲਮ ਨ ਕਈ। ਗਿਰਿ ਤੇ ਖਿਸਕ ਟਾਂਗ ਟੂਟ ਗਈ।*
*ਸਾਥਿਨ ਤਾਕੋ ਲਯੋ ਉਚਾਈ। ਪਹੁਚੇ ਦੇਸ ਆਪਨੇ ਜਾਈ।*
*ਭੀਤਰ ਧਾਮ ਦੁਰਯੋ ਜਬ ਜਾਈ। ਡਸਯੋ ਨਾਗ ਅਦਭੁਤ ਤਿਹ ਥਾਈ।*
*ਪਲ ਮੈ ਗਿਰਯੋ ਨ ਧੀਰ ਧਰਾਨਾ। ਮਾਝਾ ਰੋਰ ਪਾਂਚ ਸੈ ਜਾਨਾ॥*[੭]

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਤਾ ਲੱਗਾ ਕਿ ਦੁਨੀ ਚੰਦ ਹਾਥੀ ਨਾਲ ਲੜਣ ਤੋਂ ਇਨਕਾਰੀ ਹੋ ਗਿਆ ਹੈ, ਤਾਂ ਗੁਰੂ ਜੀ ਨੇ ਆਪਣੇ ਅੰਗ-ਸੰਗ ਰਹਿਣ ਵਾਲੇ ਸੂਰਮੇ ਸਿੰਘਾਂ ਵੱਲ ਨਿਗਾਹ ਮਾਰੀ ਤਾਂ ਗੁਰੂ ਜੀ ਦੀ ਨਿਗਾਹ ਭਾਈ ਬਚਿੱਤਰ ਸਿੰਘ ਜੀ ਉੱਪਰ ਪਈ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ:

*ਤਿਨਹੁਂ ਮਝਾਰ ਏਕ ਹੈ ਬਚਿਤ੍ਰ ਸਿੰਘ ਸੂਰਮਾ।*
*ਬਲੀ ਬਿੰਦ ਬਾਹੁ ਦੰਡ ਸ਼ੱਤ੍ਰ ਤੇ ਗਰੂਰਮਾ।*
*ਸੁ ਰਾਜਪੂਤ ਜਾਤਿ ਤੇ ਮੁਛੈਲ ਛੈਲ ਜਾਨਿ ਯੇ।*

*ਕ੍ਰਿਪਾਨ ਢਾਲ ਅੰਗ ਸੰਗ ਜੰਗ ਮੈਂ ਮਹਾਂਨਿਯੇ॥*[੮]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਬਚਿੱਤਰ ਸਿੰਘ ਜੀ ਨੂੰ ਇਕ ਨਾਗਣੀ ਬਰਛਾ ਦੇ ਕੇ ਹਾਥੀ ਦਾ ਮੁਕਾਬਲਾ ਕਰਨ ਲਈ ਥਾਪੜਾ ਦਿੱਤਾ:

*ਨੇਜਾ ਗਹੇ ਖਰੇ ਜੋ ਸਨਮੁਖ ਸ੍ਰੀ ਪ੍ਰਭੁ ਨਿਕਟ ਹਕਾਰਾ।*
*ਆਉ ਬਚਿਤ੍ਰ ਸਿੰਘ ਬਡ ਜੋਧਾ ਤੁਵ ਸਿਰ ਭਾਰ ਉਦਾਰਾ।*[੯]

ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨਿਨ ਸਿੱਖ ਭਾਈ ਬਚਿੱਤਰ ਸਿੰਘ ਦੀ ਮਸਤ ਹਾਥੀ ਨਾਲ ਮੁਕਾਬਲਾ ਕਰਨ ਦੀ ਡਿਊਟੀ ਲਗਾਈ। ਮੱਸੂ ਨਾਂ ਦੇ ਇਸ ਹਾਥੀ ਨੂੰ ਸ਼ਰਾਬ ਪੀਣ ਅਤੇ ਮਸਤ ਹੋ ਕੇ ਆਪਣੀ ਸੁੰਡ ਨਾਲ ਖਰੂਦ ਕਰਨ ਦੀ ਆਦਤ ਸੀ। ਇਹ ਕੋਈ ਆਮ ਹਾਥੀ ਨਹੀਂ ਸੀ ਤੇ ਇਸ ਨੂੰ ਕਿਲ੍ਹਿਆਂ ਦੇ ਦਰਵਾਜ਼ੇ ਤੋੜਨ ਦੀ ਸਿਖਲਾਈ ਦਿੱਤੀ ਗਈ ਸੀ।[੧੦] ਭਾਈ ਬਚਿੱਤਰ ਸਿੰਘ ਨੇ ਗੁਰੂ ਜੀ ਦੀ ਰਹਿਮਤ ਸਦਕਾ ਨਾਗਣੀ ਬਰਛੇ ਨਾਲ ਸ਼ਰਾਬੀ ਹਾਥੀ ਦਾ ਮੁਕਾਬਲਾ ਕੀਤਾ। ਉਨ੍ਹਾਂ ਨੇ ਮੈਦਾਨ-ਏ-ਜੰਗ ਵਿਚ ਹਾਥੀ ਦੇ ਨਾਗਣੀ ਬਰਛਾ ਇੰਨੇ ਜ਼ੋਰ ਨਾਲ ਮਾਰਿਆ ਕਿ ਹਾਥੀ ਨੇ ਚੀਕਾਂ ਮਾਰੀਆਂ ਤੇ ਭਾਈ ਬਚਿੱਤਰ ਸਿੰਘ ਅੱਗੇ ਸੀਸ ਨਿਵਾਉਂਦਿਆਂ ਉਹ ਪਹਾੜੀ ਫੌਜਾਂ ਨੂੰ ਪਿਛਾਂਹ ਵੱਲ ਲਤਾੜਦਾ ਹੋਇਆ ਭੱਜ ਗਿਆ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ:

*ਨਿਕਸਯੋ ਤੋਮਰ ਮਸਤਕ ਤੇ ਜਬਿ ਹਟਿ ਪਾਛੈ ਮੁਖ ਮੋਰਾ।*
*ਪੁਨ ਬਚਿੱਤ੍ਰ ਸਿੰਘ ਚੋਭਤਿ ਨੇਜ਼ਾ ਰਿਸਯੋ ਦੁਰਦ ਤਬਿ ਘੋਰਾ।*
*ਬਹਿਤਿ ਰੁਧਰ ਕੀ ਧਾਰ ਬਡੇਰੀ ਝਟਤਿ ਸੁੰਡ ਫਿਰ ਫੇਰੀ।*
*ਜੋ ਤੋਮਰ ਕੋ ਚੋਕਤਿ ਨੇਰੈ ਤਿਨ ਕੌ ਮਾਰਤਿ ਗੇਰੀ।*[੧੧]

ਭਾਈ ਬਚਿੱਤਰ ਸਿੰਘ ਨੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੂੰ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸੰਬਰ ੧੭੦੪ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਭਾਈ ਬਚਿੱਤਰ ਸਿੰਘ ਜੀ ਉਸ ਸਮੇਂ ਮੁਸ਼ਕਿਲ ਦੀ ਘੜੀ ਵਿਚ ਗੁਰੂ ਜੀ ਦਾ ਸਾਥ ਦੇਣ ਵਾਲੇ ਸਿੱਖਾਂ ਵਿੱਚੋਂ ਇੱਕ ਸਨ। ਗਿਆਨੀ ਗਰਜਾ ਸਿੰਘ ਦੀ ਇਤਿਹਾਸਿਕ ਖੋਜ ਅਨੁਸਾਰ, "ਭਾਈ ਬਚਿਤ੍ਰ ਸਿੰਘ ਜੀ ਅਨੰਦਪੁਰੀ ਚਾਲੀ ਮੁਕਤਿਆਂ ਵਿੱਚੋਂ ਤੀਜਾ ਜਥੇਦਾਰ ਹੈ, ਜਿਸ ਨੇ ...ਗੁਰੂ ਜੀ ਦਾ ਹੁਕਮ ਮੰਨ ਕੇ ਮਾਤਾ ਗੁਜਰੀ ਜੀ ਦੇ ਜਥੇ ਦੇ ੧੦੦ ਸਿੰਘਾਂ ਸਮੇਤ ਰੋਪੜ ਦੀ ਤਰਫ਼ ਚਾਲੇ ਪਾਏ।"[੧੨] ਗੁਰੂ ਜੀ ਦਾ ਇਹ ਕਾਫ਼ਲਾ ਜਦੋਂ ਸਰਸਾ ਨਦੀ ਵੱਲ ਰਵਾਨਾ ਹੋਇਆ ਤਾਂ ਦੁਸ਼ਮਣ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਕਵੀ ਵੀਰ ਸਿੰਘ (ਬੱਲ) ਅਨੁਸਾਰ ਪਹਾੜੀ ਰਾਜਿਆਂ ਦਾ ਭਾਈ ਉਦੈ ਸਿੰਘ ਨਾਲ ਜੰਗ ਹੋਇਆ। ਗੁਰੂ ਜੀ ਨੇ ੧੦੦ ਸਿੰਘਾਂ ਦਾ ਜਥਾ ਭਾਈ ਬਚਿੱਤਰ ਸਿੰਘ ਨੂੰ ਦੇ ਕੇ ਰੋਪੜ ਵੱਲ ਭੇਜਿਆ:

*ਆਇ ਲਰੇ ਤੇ ਨੀਚ ਪਹਾਰੀਯੇ ਬੀਰ ਉਦੈ ਸਿੰਘ ਜੰਗੁ ਮਚਾਇਯੋ।*

*ਸੌ ਅਸਵਾਰ ਦੈ ਸਿੰਘ ਬਚਿਤ੍ਰ ਕੋ ਰੋਪਰ ਤੇ ਤਿਹ ਓਰ ਪਠਾਇਯੋ...*[੧੩]

ਭਾਈ ਬਚਿੱਤਰ ਸਿੰਘ ਦਾ ਜਥਾ ਜਦੋਂ ਮਲਕਪੁਰ ਰੰਘੜਾਂ ਪੁੱਜਾ ਤਾਂ ਉਨ੍ਹਾਂ ਦਾ ਮੁਕਾਬਲਾ ਸਰਹੰਦ ਦੀ ਫੌਜ ਨਾਲ ਹੋਇਆ। ਇਸ ਲੜਾਈ ਵਿਚ ਸੂਰਮਗਤੀ ਨਾਲ ਲੜਦਿਆਂ ਆਪ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। 'ਗੁਰੂ ਕੀਆ ਸਾਖੀਆਂ' ਅਨੁਸਾਰ:

*ਭਾਈ ਬਚਿੱਤਰ ਸਿੰਘ ਸਰਸਾ ਨਦੀ ਸੇ ਰੋਪਰ ਕੀ ਤਰਫ ਆਇਆ, ਇਸ ਕੀ ਮੁੱਠ-ਭੇੜ ਮਲਕ ਪੁਰ ਰੰਘੜਾਂ ਕੇ ਮੈਦਾਨ ਮੇਂ ਸਰਹੰਦੀ ਫੌਜ ਗੈਲ ਹੋਈ, ਇਸ ਕੇ ਸਾਥੀ ਏਕ ਏਕ ਕਰਤੇ ਸ਼ਹਾਦਤਾਂ ਪਾਇ ਗਏ। ਇਹ ਸਖਤ ਘਾਇਲ ਹੋਇ ਜ਼ਿਮੀਨ ਤੇ ਗਿਰ ਪੜਾ,... ਪੀਛੇ ਸੇ ਸਾਹਿਬਜ਼ਾਦਾ ਅਜੀਤ ਸਿੰਘ, ਮਦਨ ਸਿੰਘ ਆਦਿ ਸਿਖਾਂ ਕੇ ਗੈਲ ਆਇ ਪਹੁੰਚਾ। ਇਸ ਬਚਿਤਰ ਸਿੰਘ ਕੋ ਉਠਾਇ ਕੋਟਲਾ ਨਿਹੰਗ ਮੇ ਲੈ ਆਂਦਾ, ਇਸੇ ਗੁਰੂ ਜੀ ਕੋ ਆਇ ਮਸਤਕ ਟੇਕਾ।*[੧੪]

ਇਸ ਤਰ੍ਹਾਂ ਜ਼ਖ਼ਮੀ ਹੋਏ ਭਾਈ ਬਚਿੱਤਰ ਸਿੰਘ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਤੇ ਹੋਰ ਸਿੰਘਾਂ ਨੇ ਕੋਟਲਾ ਨਿਹੰਗ ਖਾਂ ਵਿਖੇ ਪਹੁੰਚਾਇਆ। ਇਹ ਪਿੰਡ ਪੰਜਾਬ ਦੇ ਰੋਪੜ ਜ਼ਿਲ੍ਹੇ ਤੋਂ ਤਕਰੀਬਨ ਦੋ-ਤਿੰਨ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰੂ ਸਾਹਿਬ ਪਹਿਲਾਂ ਵੀ ਇਸ ਪਿੰਡ ਵਿਚ ਆਪਣੇ ਚਰਨ ਪਾ ਚੁੱਕੇ ਸਨ। ਜਦੋਂ ਜ਼ਖਮੀ ਭਾਈ ਬਚਿੱਤਰ ਸਿੰਘ ਨੂੰ ਕੋਟਲਾ ਨਿਹੰਗ ਖਾਂ ਵਿਖੇ ਪਹੁੰਚਾਇਆ ਗਿਆ ਤਾਂ ਗੁਰੂ ਜੀ ਉੱਥੇ ਹੀ ਮੌਜੂਦ ਸਨ। ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਦੇ ਇਲਾਜ ਦੀ ਜ਼ਿੰਮੇਵਾਰੀ ਭਾਈ ਨਿਹੰਗ ਖਾਂ ਨੂੰ ਸੌਂਪੀ ਸੀ। ਭਾਈ ਨਿਹੰਗ ਖਾਂ ਨੇ ਭਾਈ ਬਚਿੱਤਰ ਸਿੰਘ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੂੰ ਕੋਠੜੀ ਵਿਚ ਇਕ ਮੰਜੇ ਉੱਪਰ ਲਿਟਾਇਆ ਗਿਆ। ਜਦੋਂ ਗੁਰੂ ਜੀ ਉੱਥੋਂ ਚਲੇ ਗਏ ਤਾਂ ਕਿਸੇ ਮੁਖ਼ਬਰ ਨੇ ਭਾਈ ਬਚਿੱਤਰ ਸਿੰਘ ਸੰਬੰਧੀ ਰਿਪੋਰਟ ਦਿੱਤੀ। ਇਸ ਤੋਂ ਬਾਅਦ ਹਵੇਲੀ ਦੀ ਤਲਾਸ਼ੀ ਲਈ ਗਈ। ਸਾਰੀ ਹਵੇਲੀ ਦੀ ਤਲਾਸ਼ੀ ਤੋਂ ਬਾਅਦ ਉਸ ਕੋਠੜੀ ਦੀ ਤਲਾਸ਼ੀ ਲੈਣ ਦਾ ਸਮਾਂ ਆਇਆ ਜਿਸ ਵਿਚ ਭਾਈ ਨਿਹੰਗ ਖਾਂ ਦੀ ਬੇਟੀ ਬੀਬੀ ਮੁਮਤਾਜ ਭਾਈ ਬਚਿੱਤਰ ਸਿੰਘ ਦੀ ਦੇਖਭਾਲ ਕਰ ਰਹੀ ਸੀ। ਕੋਠੜੀ ਦੀ ਤਲਾਸ਼ੀ ਲੈਣ ਦੇ ਸੰਬੰਧ ਵਿਚ ਭਾਈ ਨਿਹੰਗ ਖਾਂ ਨੇ ਕਿਹਾ ਕਿ ਇਸ ਕੋਠੜੀ ਵਿਚ ਮੇਰੀ ਧੀ ਮੁਮਤਾਜ ਤੇ ਮੇਰਾ ਜੁਆਈ ਹਨ। ਇਸ ਕਰਕੇ ਕੋਠੜੀ ਦੀ ਤਲਾਸ਼ੀ ਨਾ ਹੋਈ। ਬੀਬੀ ਮੁਮਤਾਜ ਨੇ ਭਾਈ ਬਚਿੱਤਰ ਸਿੰਘ ਦੀ ਬਹੁਤ ਸੇਵਾ ਕੀਤੀ ਪਰ ਉਨ੍ਹਾਂ ਦੇ ਜ਼ਖਮ ਬਹੁਤ ਡੂੰਘੇ ਸਨ ਕਿ ਉਹ ਸ਼ਹਾਦਤ ਦਾ ਜਾਮ ਪੀ ਗਏ। 'ਗੁਰੂ ਕੀਆਂ ਸਾਖੀਆਂ' ਅਨੁਸਾਰ, "ਭਾਈ ਬਚਿੱਤਰ ਸਿੰਘ ਮੌਤ ਕੀ ਘੜੀਆਂ ਗਿਣ ਰਹਾ ਸੀ, ਅਗਲੇ ਦਿਵਸ ਨੌਂ ਪੋਹ ਸ਼ਨੀਵਾਰ ਕੇ ਦਿਹੁੰ ਡੇਢ ਪਹਿਰ ਰੈਣ ਗਈ ਇਸ ਦੁਨੀਆਂ ਸੇ ਚਲ ਵਸਿਆ।" ਭਾਈ ਨਿਹੰਗ ਖਾਂ ਦੀ ਬੇਟੀ ਮੁਮਤਾਜ ਦੀ ਮੰਗਣੀ ਬੱਸੀ ਪਠਾਣਾਂ ਵਿਚ ਹੋਈ ਸੀ ਉਸ ਨੇ ਆਪਣੇ ਪਿਤਾ ਵੱਲੋਂ ਭਾਈ ਬਚਿੱਤਰ ਸਿੰਘ ਦੇ

ਉਸ ਦੇ ਪਤੀ ਹੋਣ ਸੰਬੰਧੀ ਕਹੇ ਹੋਏ ਬੋਲਾਂ ਨੂੰ ਕਬੂਲ ਕਰਦਿਆਂ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਆਪਣੀ ਸਾਰੀ ਉਮਰ ਭਾਈ ਬਚਿੱਤਰ ਸਿੰਘ ਦੀ ਵਿਧਵਾ ਵਜੋਂ ਬਤੀਤ ਕੀਤੀ।[੧੫] ਸਿੱਖ ਇਤਿਹਾਸ ਦੇ ਪੰਨਿਆਂ ਵਿਚ ਭਾਈ ਬਚਿੱਤਰ ਸਿੰਘ ਦੀ ਸ਼ਹਾਦਤ ਦੇ ਨਾਲ ਹੀ ਬੀਬੀ ਮੁਮਤਾਜ਼ ਦੇ ਸਿਦਕ ਦੀ ਦਾਸਤਾਨ ਨੂੰ ਵੀ ਯਾਦ ਕੀਤਾ ਜਾਂਦਾ ਹੈ।

**ਹਵਾਲੇ :**


੧. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਚੌਥਾ, ਗੁਰਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੧੪੦੪.

੨. ਗੁਰਮੁਖ ਸਿੰਘ (ਸੰਪਾ.), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ*, ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ, ੨੦੧੦, ਪੰਨਾ ੨੯੨.

੩. ਸੁਮੇਰ ਸਿੰਘ, *ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼*, ਬੂਟਾ ਸਿੰਘ ੧੬, ਅਸ਼ੋਕਾ ਰੋਡ, ਨਵੀਂ ਦਿੱਲੀ, ੧੯੮੮, ਪੰਨਾ ੧੬੩.

੪. *ਰਘਬੀਰ ਸਿੰਘ ਅਨੰਦਪੁਰੀ, ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਤੇ ਧਰਮ ਯੁੱਧ, ਪ੍ਰੇਮ ਨਗਰ, ਅਬਲੋਵਾਲ ਰੋਡ, ਪਟਿਆਲਾ, ੨੦੦੦, ਪੰਨਾ ੧੫੮*

੫. ਸੁਮੇਰ ਸਿੰਘ, *ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼*, ਪੰਨਾ ੨੪੪.

੬. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ* ੧੦, (ਸੰਪਾ.) ਸ਼ਮਸ਼ੇਰ ਸਿੰਘ ਅਸ਼ੋਕ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੯, ਪੰਨੇ ੧੪੨-੧੪੩.

੭. *ਉਹੀ*, ਪੰਨਾ ੧੪੪.

੮. ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਬਾਰਵੀਂ, ਭਾਸ਼ਾ ਵਿਭਾਗ, ਪੰਜਾਬ, ੨੦੧੧, ਪੰਨਾ ੫੩੦੬.

੯. *ਉਹੀ.*

੧੦. ਰਘਬੀਰ ਸਿੰਘ ਅਨੰਦਪੁਰੀ, *ਦਸਮੇਸ਼ ਪਿਤਾ ਦੇ ਸਿਦਕੀ ਸਿੱਖ ਤੇ ਧਰਮ ਯੁੱਧ*, ਪੰਨਾ ੧੫੮

੧੧. ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਬਾਰਵੀਂ, ਪੰਨਾ ੫੩੧੩.

੧੨. ਗੁਰਮੁਖ ਸਿੰਘ (ਸੰਪਾ.), *ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ*, ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ, ੨੦੧੦, ਪੰਨਾ ੧੯੫.

੧੩. ਕਵੀ ਵੀਰ ਸਿੰਘ (ਬੱਲ), *ਸਿੰਘ ਸਾਗਰ*, (ਸੰਪਾ.) ਡਾ. ਕ੍ਰਿਸ਼ਨਾ ਕੁਮਾਰੀ ਬਾਂਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੯੬, ਪੰਨਾ ੧੪੧.

੧੪. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, (ਸੰਪਾ.) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ, ੨੦੦੩, ਪੰਨਾ ੧੫੪.

੧੫. *ਉਹੀ*, ਪੰਨਾ ੧੫੮.


■

# ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦ ਭਾਈ ਮਦਨ ਸਿੰਘ-ਭਾਈ ਕਾਠਾ ਸਿੰਘ

*-ਡਾ. ਗੁਰਪ੍ਰੀਤ ਸਿੰਘ**

ਸ੍ਰੀ ਚਮਕੌਰ ਸਾਹਿਬ ਦਾ ਅਸਥਾਨ ਸਿੱਖ ਯਾਦ ਵਿਚ ਉਹ ਮਹਾਨ ਸਥਾਨ ਹੈ ਜੋ ਸਿੱਖ ਪੰਥ ਨੂੰ ਹਮੇਸ਼ਾ ਜੁਗਾਂ-ਜੁਗਾਂ ਤੀਕ ਸੰਘਰਸ਼ ਲਈ ਤਤਪਰ ਕਰਦਾ ਰਹੇਗਾ। ਇਸ ਅਸਥਾਨ 'ਤੇ ਲੱਖਾਂ ਦੀ ਫੌਜ ਨਾਲ ਲੜਨ ਵਾਲੇ ਚਾਲੀ ਸਿੰਘਾਂ ਨੇ ਸਿੱਖ ਪੰਥ ਨੂੰ ਇਹ ਸਿਖਾਇਆ ਕਿ ਜੰਗਾਂ ਗਿਣਤੀਆਂ ਨਾਲ ਨਹੀਂ, ਸਗੋਂ ਬਲਵਾਨ ਰੂਹਾਂ ਨਾਲ ਲੜੀਆਂ ਜਾਂਦੀਆਂ ਹਨ। ਇਸ ਤਰ੍ਹਾਂ ਦੀਆਂ ਹੀ ਗੁਰੂ ਦੇ ਪਿਆਰ ਵਿਚ ਰੰਗੇ ਦੋ ਸਿੰਘ— ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ ਹਨ।

ਸਿੱਖ ਇਤਿਹਾਸ ਵਿਚ ਇਨ੍ਹਾਂ ਦੋਹਾਂ ਬਾਰੇ ਨਾ-ਮਾਤਰ ਜਾਣਕਾਰੀ ਹੀ ਮਿਲਦੀ ਹੈ। ਇਹ ਦੋਨੋਂ ਸਿੰਘ ਪਿੰਡ ਭਗੜਾਣਾ ਦੇ ਰਹਿਣ ਵਾਲੇ ਸਨ। ਭਗੜਾਣਾ ਪਿੰਡ ਰਾਜਪੁਰੇ ਤੋਂ ਪੱਛਮ ਵੱਲ ੧੮ ਕਿਲੋਮੀਟਰ ਦੀ ਵਿਥ 'ਤੇ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਲਵਾ ਫੇਰੀ ਦੌਰਾਨ ਇਸ ਨਗਰ ਵਿਚ ਰੁਕੇ ਸਨ। ਇਸ ਨਗਰ ਦੇ ਬਾਹਰਵਾਰ ਇਕ ਬਰੋਟੇ ਦਾ ਦਰੱਖਤ ਸੀ, ਜਿਸ ਹੇਠ ਨੌਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆ ਕੇ ਬਿਰਾਜਮਾਨ ਹੋਏ ਸਨ। ਇੱਥੇ ਹੀ ਅਮਰੂ ਬਹਿਰੇ ਨਾਮ ਦੇ ਇੱਕ ਸਿੱਖ ਨੇ ਗੁਰੂ ਜੀ ਦੀ ਜਲ-ਪਾਣੀ ਦੀ ਸੇਵਾ ਕੀਤੀ ਸੀ। ਭਗੜਾਣੇ ਪਿੰਡ ਵਿਚ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਕ ਹੋਰ ਸਿੱਖ ਭਾਈ ਦਿਆਲਾ ਜੀ ਰਹਿੰਦੇ ਸੀ। ਭਾਈ ਦਿਆਲਾ ਜੀ ਪਹਿਲਾਂ ਚੱਕ ਨਾਨਕੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨ ਕਰ ਆਏ ਸਨ।[੧] ਭਾਈ ਦਿਆਲਾ ਜੀ ਭਗੜਾਣਾ ਪਿੰਡ ਵਿਚ ਕੱਪੜਾ ਬੁਣਨ ਦਾ ਕਿੱਤਾ ਕਰਦੇ ਸਨ। ਇਨ੍ਹਾਂ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਵੱਡੇ ਪੁੱਤਰ ਦਾ ਨਾਮ ਮਦਨ ਰੱਖਿਆ ਅਤੇ ਛੋਟੇ ਦਾ ਨਾਂ ਕਾਠਾ ਰੱਖਿਆ।[੨] ੧੬੯੯ ਈ. ਦੀ ਵੈਸਾਖੀ ਵਾਲੇ ਦਿਨ ਇਹ ਦੋਵੇਂ ਭਰਾ ਅੰਮ੍ਰਿਤ ਛਕ ਕੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਬਣ ਗਏ। ਸਿੱਖ ਇਤਿਹਾਸ ਦੇ ਸ੍ਰੋਤਾਂ ਵਿਚ ਸਭ ਤੋਂ ਪਹਿਲਾਂ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਦਾ ਜ਼ਿਕਰ ਭਾਈ ਕੁਇਰ ਸਿੰਘ ਨੇ ਕੀਤਾ ਹੈ। ਉਹ ਇਨ੍ਹਾਂ ਦੋਹਾਂ ਸਿੰਘਾਂ ਦੇ ਨਾਂ ਲਿਖਣ ਤੋਂ ਬਗ਼ੈਰ ਹੀ ਇਨ੍ਹਾਂ ਨੂੰ ਰੰਘਰੇਟੇ ਸਿੰਘ ਲਿਖਦਾ ਹੈ :

*ਦੋ ਰੰਘਰੇਟੇ ਥੇ ਤਹਿ ਜਾਨਾ॥ ਦੋ ਦਿਜ ਸਿੰਘ ਮਹਾ ਪ੍ਰਧਾਨਾ॥*[੩]

*ਧਾਰਮਿਕ ਅਧਿਆਪਕ, ਸ੍ਰੀ ਮਾਤਾ ਗੰਗਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ ਸਾਹਿਬ, ਮੋ: ੮੭੨੫੦-੧੫੧੬੩

ਇਹ ਦੋਵੇਂ ਭਰਾ ਸ੍ਰੀ ਗੁਰੂ ਗੋਬਿੰਦ ਜੀ ਦੀ ਸੇਵਾ ਵਿਚ ਪੱਕੇ ਤੌਰ 'ਤੇ ਆ ਗਏ ਸਨ। ਇਨ੍ਹਾਂ ਦੋਹਾਂ ਭਰਾਵਾਂ ਦਾ ਗੁਰੂ ਜੀ ਦੇ ਸਭ ਤੋਂ ਨਿਕਟਵਰਤੀ ਚਾਲੀ ਮੁਕਤੇ ਸਿੰਘਾਂ ਵਿਚ ਸ਼ਾਮਲ ਹੋਣ ਤੋਂ ਇਨ੍ਹਾਂ ਦੋਹਾਂ ਦੇ ਗੁਰੂ ਜੀ ਦੇ ਪਿਆਰ ਵਿਚ ਰੱਤੇ ਹੋਣ ਦਾ ਪਤਾ ਚੱਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਦਨ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦਲ ਦੀ ਸੇਵਾ ਕਰਦਾ ਹੁੰਦਾ ਸੀ।[੪] ਦਸਮ ਗੁਰੂ ਜੀ ਜਦ ਸ੍ਰੀ ਰਵਾਲਸਰ ਵੱਲ ਗਏ ਹੋਏ ਸਨ ਤਾਂ ਇਕ ਰਾਜਪੂਤ ਰਾਜਾ ਗੁਰੂ ਜੀ ਕੋਲ ਆਉਣ ਲੱਗਾ। ਇਸ ਰਾਜੇ ਦੇ ਮਨ ਵਿਚ ਧੋਖਾ ਸੀ। ਉਹ ਇਕ ਦਿਨ ਗੁਰੂ ਜੀ ਨੂੰ ਕਹਿਣ ਲੱਗਾ, ਕਿ ਗੁਰੂ ਜੀ ਰਵਾਲਸਰ ਸਾਹਿਬ ਦਾ ਮੇਲਾ ਆ ਰਿਹਾ ਹੈ, ਤੁਸੀਂ ਵੀ ਚੱਲੋ, ਉੱਥੇ ਸਾਰੇ ਰਾਜੇ ਆ ਰਹੇ ਹਨ, ਉਹ ਤੁਹਾਡੇ ਸਿੱਖ ਬਣਨਗੇ। ਨੇੜੇ ਖੜ੍ਹੇ ਭਾਈ ਮਦਨ ਸਿੰਘ ਉੱਚੀ ਅਵਾਜ਼ ਵਿਚ ਬੋਲੇ:

*ਕਰੇਗਾ ਸੋ ਭਰੇਗਾ। ਗੁਰੂ ਕਾ ਕੀ ਕਰੇਗਾ।*
*ਸੇਵਕ ਤੇ ਕਾਜ ਸਰੇਗਾ। ਦੁਸਮਨ ਦੂਤ ਮਰੇਗਾ।*

ਸਿੱਖਾਂ ਨੇ ਭਾਈ ਮਦਨ ਸਿੰਘ ਦੇ ਉਪਰੋਕਤ ਵਾਕਾਂ ਦਾ ਮਤਲਬ ਗੁਰੂ ਜੀ ਤੋਂ ਪੁੱਛਿਆ ਤਾਂ ਗੁਰੂ ਜੀ ਕਹਿਣ ਲੱਗੇ ਕਿ ਭਾਈ ਮਦਨ ਸਿੰਘ ਨੂੰ ਰਾਜਿਆਂ ਦੇ ਧੋਖੇ ਦੀ ਸੂਝ ਹੋ ਗਈ ਹੈ। ਭਾਈ ਮਦਨ ਸਿੰਘ ਨੇ ਸਾਡੇ ਘੋੜੇ ਦੀ ਬਾਰ੍ਹਾਂ ਮਹੀਨੇ ਸੇਵਾ ਕੀਤੀ ਹੈ, ਇਸ ਕਰਕੇ ਇਸ ਨੂੰ ਅਗਮ-ਨਿਗਮ ਦੀ ਸੋਝੀ ਹੋ ਚੁੱਕੀ ਹੈ।[੫] ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ, ਇਕ ਵਾਰ ਗੁਰੂ ਜੀ ਸਿੱਖਾਂ ਸਮੇਤ ਘੋੜੇ 'ਤੇ ਸਵਾਰ ਹੋ ਕੇ ਜਾ ਰਹੇ ਸਨ ਤਾਂ ਗੁਰੂ ਜੀ ਦਾ ਘੋੜਾ ਰੁਕ ਗਿਆ ਅਤੇ ਅੱਗੇ ਪੈਰ ਨਾ ਪੁੱਟੇ। ਗੁਰੂ ਜੀ ਨੇ ਭਾਈ ਮਦਨ ਸਿੰਘ ਨੂੰ ਕਿਹਾ ਕਿ ਘੋੜਾ ਕਿਉਂ ਰੁਕਿਆ ਹੈ ਅੱਗੇ ਜਾ ਕੇ ਵੇਖੋ? ਜਦ ਮਦਨ ਸਿੰਘ ਨੇ ਅੱਗੇ ਘਾਹ ਵਿਚ ਨਿਗਾਹ ਮਾਰੀ ਤਾਂ ਉੱਥੇ ਤੰਬਾਕੂ ਉੱਗਿਆ ਹੋਇਆ ਸੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਜਿਵੇਂ ਤੰਬਾਕੂ ਤੋਂ ਸਾਡੇ ਘੋੜੇ ਨੇ ਸਾਵਧਾਨਤਾ ਵਿਖਾਈ ਹੈ ਇਸੇ ਤਰ੍ਹਾਂ ਹੀ ਸਿੱਖ ਨੇ ਵੀ ਤੰਬਾਕੂ ਤੋਂ ਸਾਵਧਾਨਤਾ ਵਿਖਾਉਣੀ ਹੈ।[੬] ਇਸ ਘੋੜੇ ਦੀ ਸੇਵਾ-ਸੰਭਾਲ ਭਾਈ ਮਦਨ ਸਿੰਘ ਕਰਦੇ ਸਨ। ਭਾਈ ਮਦਨ ਸਿੰਘ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚ ਵੀ ਸ਼ਾਮਲ ਹੈ। ਗੁਰ-ਦਰਬਾਰ ਦੀ ਛੋਹ ਸਦਕਾ ਭਾਈ ਮਦਨ ਸਿੰਘ ਕਾਵਿ-ਰਚਨਾ ਵੀ ਕਰਦਾ ਸੀ, ਪਰ ਇਸ ਦੀ ਕਾਵਿ-ਰਚਨਾ ਦਾ ਕੋਈ ਨਮੂਨਾ ਪ੍ਰਾਪਤ ਨਹੀਂ ਹੋ ਸਕਿਆ। ਸਮੇਂ ਦੀ ਹਨੇਰ-ਗਰਦੀ ਵਿਚ ਇਸ ਦੀਆਂ ਕਾਵਿ ਲਿਖਤਾਂ ਕਿਧਰੇ ਗੁੰਮ ਹੋ ਗਈਆਂ ਹੋਣਗੀਆਂ।[੭] ਸ੍ਰੀ ਅਨੰਦਪੁਰ ਸਾਹਿਬ ਨੂੰ ਜਦ ਆਖ਼ਰੀ ਵਕਤ ਮੁਗ਼ਲਾਂ ਨੇ ਘੇਰਾ ਪਾਇਆ ਹੋਇਆ ਸੀ ਤਾਂ ਉਸ ਸਮੇਂ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਗੁਰੂ ਜੀ ਦੇ ਨਾਲ ਸਨ। ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਸਭ ਤੋਂ ਪਿੱਛੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਥਾ ਸੀ ਤੇ ਉਸ ਜਥੇ ਵਿਚ ਭਾਈ ਮਦਨ ਸਿੰਘ ਸੀ। ਜਦੋਂ ਇਹ ਜਥਾ

ਮਲਕਪੁਰ ਰੰਘੜਾਂ ਵਿੱਚੋਂ ਦੀ ਗੁਜਰਿਆ ਤਾਂ ਜ਼ਖ਼ਮੀ ਹਾਲਤ ਵਿਚ ਪਏ ਭਾਈ ਬਚਿੱਤਰ ਸਿੰਘ ਨੂੰ ਕੋਟਲਾ ਨਿਹੰਗ ਖਾਂ ਵਿਖੇ ਪਹੁੰਚਾਇਆ ਗਿਆ ਤਾਂ ਭਾਈ ਮਦਨ ਸਿੰਘ ਵੀ ਨਾਲ ਸਨ।[੮] ਗੁਰੂ ਜੀ ਚਾਲੀ ਸਿੰਘਾਂ ਸਮੇਤ ਜਦ ਸ੍ਰੀ ਚਮਕੌਰ ਸਾਹਿਬ ਵਿਖੇ ਪਹੁੰਚੇ ਤਾਂ 'ਗੁਰੂ ਕੀਆਂ ਸਾਖੀਆਂ' ਅਨੁਸਾਰ, "ਗੜ੍ਹੀ ਕੀ ਚਮ੍ਹੀ ਪਾਸੀ ਦੀਵਾਰਾਂ ਗੈਲ ਆਠ ਆਠ ਸਿੰਘ ਵੰਡ ਕੇ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਕੋ ਦਰਵਾਜੇ ਤੇ ਖਲਾ ਕੀਆ।[੯] 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਨੁਸਾਰ ਵੀ ਭਾਈ ਮਦਨ ਸਿੰਘ ਅਤੇ ਭਾਈ ਕਾਠਾ ਸਿੰਘ ਨੂੰ ਗੜ੍ਹੀ ਦੇ ਦਰਵਾਜ਼ੇ ਦੇ ਰੱਖਿਅਕ ਤਾਇਨਾਤ ਕੀਤਾ। ਇਨ੍ਹਾਂ ਦੋਨਾਂ ਸਿੰਘਾਂ ਨੇ ਬੰਦੂਕਾਂ ਨਾਲ ਗੜ੍ਹੀ ਦੇ ਦਰਵਾਜ਼ੇ ਵੱਲ ਵਧਦੀ ਦੁਸ਼ਮਣ ਸੈਨਾ ਨੂੰ ਰੋਕੀ ਰੱਖਿਆ:

*ਕਾਠਾ ਸਿੰਘ ਏਕ, ਔ ਮਦਨ ਸਿੰਘ ਦੋਨੋ ਹੂੰ ਕੋ*
*ਦੀਨੋ ਪੌਰ ਗਾਢੇ ਰਹੋ ਕੀਜੈ ਰਿਪੁ ਹੇਰਿ ਹਾਨ॥*
*ਗੁਲਕਾ ਬਰੂਦ ਨਹਿਂ ਡਾਰੀਏ ਤੁਫੰਗ ਬੀਚ,*
*ਤੋੜਾ ਦੇਹੁ ਡਾਂਭਿ ਡਾਂਭਿ, ਛੂਟਿਹੈ ਨ ਸੰਕ ਠਾਨਿ॥*[੧੦]

ਚਮਕੌਰ ਦੀ ਗੜ੍ਹੀ ਨੂੰ ਪੌੜੀ ਲਾ ਕੇ ਉੱਪਰ ਚੜ੍ਹਨ ਦਾ ਯਤਨ ਕਰਦਾ ਹੋਇਆ ਨਾਹਰ ਖਾਨ ਮਲੇਰੀਆ ਗੁਰੂ ਜੀ ਦੇ ਤੀਰ ਨਾਲ ਮਾਰਿਆ ਗਿਆ। ਇਸ ਸਮੇਂ ਪਿੱਛੇ ਹਟ ਰਹੀ ਤੁਰਕ ਫੌਜ ਨੂੰ ਵੇਖ ਕੇ ਇਕ ਪਠਾਨ ਦਰਵਾਜੇ ਵੱਲ ਵਧਿਆ। ਇਸ ਨੇ ਗੜ੍ਹੀ ਦੇ ਦਰਵਾਜ਼ੇ 'ਤੇ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਹੀ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਸ਼ਹੀਦ ਹੋ ਗਏ। 'ਗੁਰੂ ਕੀਆਂ ਸਾਖੀਆਂ' ਅਨੁਸਾਰ, "ਪੀਛੇ ਹਟ ਰਹੀ ਤੁਰਕ ਫੌਜ ਕੋ ਦੇਖ ਕਰ ਏਕ ਪਠਾਨ ਦਰਵਾਜੇ ਕੀ ਤਰਫ ਆਇਆ। ਇਸ ਜੋਸ ਵਿਚ ਆਇ ਕਈ ਹਮਲੇ ਕੀਏ। ਕਾਈ ਦਕੀਕਾ ਬਾਕੀ ਨਾ ਛੋੜਾ। ਆਖਰ ਦਰਵਾਜੇ ਆਗੇ ਲੜ ਰਹੇ ਦੂੰਹ ਸਿਖਾਂ ਕੋ ਮਾਰ ਕੇ ਆਪ ਵੀ ਜਾਨ ਦੇ ਗਿਆ। ਸਤਿਗੁਰਾਂ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਕੇ ਸਹਾਦਤ ਪਾਇ ਜਾਨੇ ਕੇ ਬਾਦ ਭਾਈ ਸੇਰ ਸਿੰਘ ਤੇ ਨਾਹਰ ਸਿੰਘ ਕੋ ਦਰਵਾਜੇ ਆਗੇ ਖਲਾ ਕੀਆ।"[੧੧] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮੇ ਦੇ ਸ਼ੇਅਰ ੩੧, ੩੨, ੩੩ ਵਿਚ ਚਮਕੌਰ ਦੀ ਗੜ੍ਹੀ ਦੇ ਦਰਵਾਜ਼ੇ ਉੱਪਰ ਹੋਏ ਹਮਲਿਆਂ 'ਤੇ ਭਾਈ ਮਦਨ ਸਿੰਘ ਕਾਠਾ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਕੀਤਾ ਹੈ। ਜ਼ਫਰਨਾਮੇ ਅਨੁਸਾਰ, "ਇਕ ਹੋਰ ਪਠਾਣ ਜੰਗ ਕਰਨ ਲਈ ਮੈਦਾਨ ਵਿਚ ਆਇਆ। ਉਹ ਹੜ੍ਹ ਦੇ ਪਾਣੀ ਵਾਂਗੂੰ ਤੇ ਤੀਰ ਤੇ ਬੰਦੂਕ ਦੀ ਗੋਲੀ ਵਾਂਗੂੰ ਆਇਆ।(੩੧) ਉਸ ਪਠਾਣ ਨੇ ਬਹੁਤ ਸਾਰੇ ਹੱਲੇ ਬੜੀ ਬਹਾਦਰੀ ਨਾਲ ਕੀਤੇ। ਕੁਝ ਹੱਲੇ ਉਸ ਨੇ ਬੜੀ ਅਕਲਮੰਦੀ ਨਾਲ ਕੀਤੇ ਅਤੇ ਕੁਝ ਝੱਲਪੁਣੇ ਨਾਲ ਕੀਤੇ(੩੨) ਉਸ ਪਠਾਣ ਨੇ ਬਹੁਤ ਹੱਲੇ ਤੇ ਜ਼ਖ਼ਮ ਖਾਧੇ। ਉਸ ਨੇ ਸਾਡੇ ਦੋ ਆਦਮੀਆਂ (ਭਾਈ ਮਦਨ ਸਿੰਘ ਕਾਠਾ ਸਿੰਘ) ਨੂੰ ਮਾਰ ਦਿੱਤਾ ਤੇ ਆਪ ਵੀ ਆਪਣੀ

ਜਾਨ ਦੇ ਗਿਆ, ਭਾਵ ਮਰ ਗਿਆ।(੩੨) [੧੨]

ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਚਮਕੌਰ ਦੀ ਗੜ੍ਹੀ ਵਿਚ ਸ਼ਹਾਦਤ ਪਾਉਣ ਵਾਲੇ ਪਹਿਲੇ ਸਿੱਖ ਬਣੇ। ਸਿੱਖ ਪੰਥ ਜੁਗਾਂ-ਜੁਗਾਤਰਾਂ ਤਕ ਭਾਈ ਮਦਨ ਸਿੰਘ ਤੇ ਭਾਈ ਕਾਠਾ ਸਿੰਘ ਦੀਆਂ ਸ਼ਹਾਦਤਾਂ ਨੂੰ ਚਮਕੌਰ ਦੀ ਧਰਤੀ 'ਤੇ ਜਾ ਕੇ ਨਤਮਸਤਕ ਹੁੰਦਾ ਰਹੇਗਾ।

**ਹਵਾਲੇ**


੧. ਫੌਜਾ ਸਿੰਘ, *ਗੁਰੂ ਤੇਗ ਬਹਾਦਰ ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੬, ਪੰਨਾ ੩੮.

੨. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਗ੍ਰੇਸੀਅਸ ਬੁਕਸ, ਪਟਿਆਲਾ, ੨੦੧੪, ਪੰਨਾ ੧੫੭੬.

੩. ਕੁਇਰ ਸਿੰਘ, ਗੁਰਬਿਲਾਸ ਪਾਤਸ਼ਾਹੀ ੧੦ (ਸੰਪਾ.), ਸ਼ਮਸ਼ੇਰ ਸਿੰਘ ਅਸ਼ੋਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੯, ਪੰਨਾ ੧੭੭.

੪. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਨੈਸ਼ਨਲ ਬੁੱਕ ਸ਼ਾਪ, ਦਿੱਲੀ, ੨੦੦੫, ਪੰਨਾ ੯੪੬.

੫. *ਪ੍ਰਾਚੀਨ ਸੌ ਸਾਖੀ* (ਸੰਪਾ.), ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੧, ਪੰਨਾ ੯੭.

੬. *ਉਹੀ,* ਪੰਨਾ ੧੭੬.

੭. ਪਿਆਰਾ ਸਿੰਘ ਪਦਮ, *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ,* ਕਲਮ ਮੰਦਰ, ਲੋਇਰ ਮਾਲ ਪਟਿਆਲਾ, ੧੯੯੪, ਪੰਨਾ ੨੨੬.

੮. ਸਰੂਪ ਸਿੰਘ, *ਗੁਰੂ ਕੀਆਂ ਸਾਖੀਆਂ,* (ਸੰਪਾ.) ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੧੫੪.

੯. *ਉਹੀ,* ਪੰਨਾ ੧੫੬.

੧੦. ਕਵੀ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ੨੦੧੧, ਜਿਲਦ ਚੌਦਵੀਂ, ਪੰਨਾ ੫੮੯੦-੯੧.

੧੧. ਸ੍ਰੂਪ ਸਿੰਘ, *ਗੁਰੂ ਕੀਆਂ ਸਾਖੀਆਂ* (ਸੰਪਾ.),ਪਿਆਰਾ ਸਿੰਘ ਪਦਮ, ਪੰਨਾ ੧੫੬.

੧੨. *ਜ਼ਫਰਨਾਮਹ ਪਾਤਸਾਹੀ ੧੦ ਸਟੀਕ,* ਟੀਕਾਕਾਰ, ਗਿਆਨੀ ਨਰੈਣ ਸਿੰਘ, ਭਾ. ਚਤਰ ਸਿੰਘ, ਜੀਵਨ ਸਿੰਘ, ਬਜਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ, ੨੦੦੬, ਪੰਨਾ ੫੯੦.

# ਸੁਲਤਾਨਪੁਰ ਲੋਧੀ ਪੂਰਵ ਕਾਲ ਵਿਚ

*-ਗਿਆਨੀ ਕੌਰ ਸਿੰਘ ਕੋਠਾ ਗੁਰੂ**

ਸੁਲਤਾਨਪੁਰ ਦੀ ਧਰਤੀ ਮਹਾਨ, ਪਵਿੱਤਰ ਅਤੇ ਇਤਿਹਾਸਿਕ ਹੈ। ਭਾਵੇਂ ਇਸ ਦੀ ਪੁਰਾਤਨਤਾ ਵੀ ਮਾਣ ਭਰੀ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਦੇ ਕਾਰਨ ਪਵਿੱਤਰ ਹੋ ਕੇ ਵਿਸ਼ਵ ਪ੍ਰਸਿੱਧ ਹੋ ਗਈ। ਸਤਲੁਜ ਅਤੇ ਬਿਆਸਾ ਨਦੀਆਂ ਵਿਚਕਾਰ ਦੋ ਨਦੀਆਂ ਹੋਰ ਵਹਿ ਰਹੀਆਂ ਹਨ— ਚਿੱਟੀ ਵੇਈਂ ਅਤੇ ਕਾਲੀ ਵੇਈਂ। ਵੇਈਂ ਨਦੀ ਜਿਸ ਦੇ ਕਿਨਾਰੇ 'ਤੇ ਸੁਲਤਾਨਪੁਰ ਲੋਧੀ ਸਥਿਤ ਹੈ, ਦਾ ਪੂਰਵ ਕਾਲ ਮਾਣ ਭਰਿਆ ਹੈ।

ਪੂਰਵ ਕਾਲ ਵਿਚ ਚਿੱਟੀ ਵੇਈਂ ਅਤੇ ਕਾਲੀ ਵੇਈਂ ਦਾ ਪ੍ਰਵਾਹ ਵੀ ਵਿਸ਼ਾਲ, ਤੇਜ ਰੂਪ ਵਿਚ ਬਿਆਸਾ ਅਤੇ ਸਤਲੁਜ ਦੀ ਤਰ੍ਹਾਂ ਹੀ ਵਹਿ ਰਿਹਾ ਸੀ। ਬੁੱਧ ਸਾਹਿਤ ਵਿਚ ਇਸ ਸਥਾਨ ਵਿਖੇ ਤਮਸਾ ਵਣ ਦਾ ਜ਼ਿਕਰ ਮਿਲਦਾ ਹੈ।

ਸੁਲਤਾਨਪੁਰ ਨਗਰ ਨਾਸਰ-ਊ-ਦੀਨ ਮੁਹੰਮਦ ਸ਼ਾਹ ਦੇ ਸਮੇਂ ਇਸ ਨਾਮ ਨਾਲ ਪ੍ਰਸਿੱਧ ਹੋ ਗਿਆ। ਦਿੱਲੀ ਦੇ ਸੁਲਤਾਨ ਇਬਰਾਹੀਮ ਲੋਧੀ ਦੇ ਰਾਜ-ਕਾਲ (ਸਮੇਂ) ਲਾਹੌਰ ਦਾ ਸੂਬੇਦਾਰ ਦੌਲਤ ਖਾਂ ਲੋਧੀ ਇੱਥੋਂ ਦਾ ਮੁੱਖ ਪ੍ਰਬੰਧਕ ਸੀ। ਉਸ ਸਮੇਂ ਸੁਲਤਾਨਪੁਰ ਵਿੱਦਿਆ, ਵਪਾਰ ਅਤੇ ਰਾਜਨੀਤੀ ਦਾ ਕੇਂਦਰ ਬਣਿਆ। ਨਦੀਆਂ ਦੀ ਰਮਣੀਕਤਾ ਦੇ ਕਾਰਨ ਦੌਲਤ ਖਾਂ ਲੋਧੀ ਲਾਹੌਰ ਦੀ ਬਜਾਇ ਸੁਲਤਾਨਪੁਰ ਲੋਧੀ ਵਿਚ ਹੀ ਨਿਵਾਸ ਰੱਖਦਾ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਇਸ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਦੇ ਮੁੱਖ ਅਧਿਕਾਰੀ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਨਿਵਾਸ ਦੇ ਕਾਰਨ ਸੁਲਤਾਨਪੁਰ ਲੋਧੀ ਸਾਧਾਰਨ ਸ਼ਹਿਰ ਦੀ ਬਜਾਇ ਪਾਵਨ ਤੀਰਥ ਅਤੇ ਪ੍ਰਸਿੱਧ ਇਤਿਹਾਸਿਕ ਨਗਰ ਬਣ ਗਿਆ ਹੈ। ਭਾਈ ਗੁਰਦਾਸ ਜੀ ਨੇ ਸੁਲਤਾਨਪੁਰ ਨੂੰ 'ਸੁਲਤਾਨਪੁਰ ਭਗਤ ਭੰਡਾਰਾ' ਭਾਵ ਨਾਮ ਬਾਣੀ, ਭਗਤੀ ਦਾ ਸੋਮਾ ਕਿਹਾ ਹੈ। ਗੁਰੂ ਜੀ ਦੇ ਨਿੱਤ ਦੇ ਕਰਮ, ਮਰਯਾਦਾ ਅਨੁਸਾਰ ਹਰ ਸਮੇਂ ਸਤਿ-ਸੰਗਿ ਗਿਆਨ-ਗੋਸ਼ਟ ਹੋਣ ਲੱਗਾ। ਗੁਰਬਾਣੀ ਦਾ ਕੀਰਤਨ ਹੋਣ ਲੱਗਾ। ਸੁਲਤਾਨਪੁਰ ਲੋਧੀ ਭਗਤੀ ਦਾ ਕੇਂਦਰ ਬਣ ਗਿਆ।

**ਗੁਰਦੁਆਰਾ ਬੇਰ ਸਾਹਿਬ :** ਗੁਰਦੁਆਰਾ ਬੇਰ ਸਾਹਿਬ ਵੇਈਂ ਨਦੀ ਦੇ ਕਿਨਾਰੇ 'ਤੇ ਮੁੱਖ ਸਥਾਨ ਹੈ। ਇਸ ਘਾਟ 'ਤੇ ਗੁਰੂ ਜੀ ਅੰਮ੍ਰਿਤ ਵੇਲੇ ਵੇਈਂ ਵਿਚ ਇਸ਼ਨਾਨ ਕਰ ਕੇ ਨਾਮ ਚਿੰਤਨ/ਸਿਮਰਨ ਕਰਿਆ ਕਰਦੇ ਸਨ। ਇਤਿਹਾਸ ਅਨੁਸਾਰ ਗੁਰੂ ਜੀ ਵੇਈਂ ਨਦੀ ਕਿਨਾਰੇ ਰੋਜ਼ਾਨਾ ਇਸ਼ਨਾਨ ਕਰਿਆ ਕਰਦੇ ਸਨ। ਇਕ ਦਿਨ ਗੁਰੂ ਜੀ ਨੇ ਬੇਰੀ

**ਪਿੰਡ ਤੇ ਡਾਕਖਾਨਾ : ਕੋਠਾ ਗੁਰੂ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ-੧੫੧੨੦੬; ਮੋ. ੯੯੧੫੭-੬੩੪੯੭*

ਦੀ ਦਾਤਨ ਕਰ ਕੇ ਵੇਈਂ ਨਦੀ ਦੇ ਕਿਨਾਰੇ ਉੱਪਰ ਗੱਡ ਦਿੱਤੀ ਜੋ ਵਿਸ਼ਾਲ ਬਿਰਖ ਦਾ ਰੂਪ ਧਾਰਨ ਕਰ ਗਈ। ਭਾਈ ਸੰਤੋਖ ਸਿੰਘ ਜੀ 'ਨਾਨਕ ਪ੍ਰਕਾਸ਼' ਵਿਚ ਲਿਖਦੇ ਹਨ :

*ਆਪਨ ਤੇ ਚਲ ਨੀਰ ਕੇ ਤੀਰ ਪੈ, ਦੰਤਨ ਧਾਵਨ ਆਨਿ ਕਰੀ ॥*
*ਗਾਡ ਦਈ ਧਰ, ਹੋਤਿ ਭਯੋ ਤਰੁ ਹੈ, ਅਬਲੋ ਬਰ ਸੋ ਬਦਰੀ ॥੧੫॥*

*(ਪੂਰਬਾਰਧ ਅਧਿਆਇ ੨੮)*

ਇਹ ਬੇਰੀ ਅਤਿਅੰਤ ਸੁੰਦਰ, ਹਰੀ-ਭਰੀ, ਕੋਮਲ ਪੱਤਰਾਂ ਵਾਲੀ ਗੁਰਦੁਆਰਾ ਬੇਰ ਸਾਹਿਬ ਦੇ ਪਿਛਲੇ ਪਾਸੇ ਵੇਈਂ ਦੇ ਕਿਨਾਰੇ ਸੁਸ਼ੋਭਿਤ ਹੈ। ਸੰਗਤਾਂ ਦਰਸ਼ਨ ਕਰ ਕੇ ਅਨੰਦ ਪ੍ਰਾਪਤ ਕਰਦੀਆਂ ਹਨ। ਇਸ ਬੇਰੀ ਦੇ ਨਾਮ 'ਤੇ ਹੀ ਗੁਰਦੁਆਰਾ ਬੇਰ ਸਾਹਿਬ ਹੈ।

'ਜਨਮ ਸਾਖੀਆਂ' ਅਨੁਸਾਰ ਇਕ ਦਿਨ ਇਸੇ ਸਥਾਨ 'ਤੇ ਗੁਰੂ ਜੀ ਦਾ ਨਿਰੰਕਾਰ ਨਾਲ ਮਿਲਾਪ ਹੋਇਆ ਸੀ। ਕੀ ਵਿਚਾਰ ਹੋਈ? ਇਹ ਸਭ ਰਹੱਸਯ ਵਿਚ ਹੈ ਕਿਉਂਕਿ, *ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੨॥* ਇਹ ਕੇਵਲ ਗੁਰੂ ਜੀ ਅਤੇ ਨਿਰੰਕਾਰ ਜਾਣਦਾ ਹੈ। 'ਜਨਮ ਸਾਖੀਆਂ' ਅਨੁਸਾਰ ਗੁਰੂ ਜੀ ਨੇ ਨਿਰੰਕਾਰ ਦੇ ਦਰ 'ਤੇ ਜਾ ਕੇ ਨਿਰੰਕਾਰ ਦੀ ਉਸਤਤਿ ਵਿਚ ਇਹ ਸ਼ਬਦ ਉਚਾਰਨ ਕੀਤਾ ਲਿਖਿਆ ਹੈ :

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬)*

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, *ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ* ਨਿਰੰਕਾਰ ਕੋਲੋਂ ਨਉ-ਨਿਧ ਨਾਮ-ਸਿਮਰਨ, ਬਾਣੀ, ਗ਼ਰੀਬੀ, ਨਿਮਰਤਾ ਪ੍ਰਾਪਤ ਕੀਤੀ ਅਤੇ 'ਸੰਤ ਘਾਟ' ਵਾਲੇ ਸਥਾਨ 'ਤੇ ਪ੍ਰਗਟ ਹੋਏ।

**ਗੁਰਦੁਆਰਾ ਸੰਤ ਘਾਟ :** ਵੇਈਂ ਨਦੀ ਵਿੱਚੋਂ ਸਤਿਗੁਰੂ ਜੀ ਤਿੰਨ ਦਿਨਾਂ ਤੋਂ ਬਾਅਦ ਇਸ ਸਥਾਨ 'ਤੇ ਪ੍ਰਗਟ ਹੋਏ। ਸੰਤ ਘਾਟ ਮਹਾਨ ਹੈ ਜਿੱਥੇ ਸਤਿਗੁਰੂ ਜੀ ਗੁਰਬਾਣੀ ਲੈ ਕੇ ਪ੍ਰਗਟ ਹੋਏ। ਸੰਤ ਘਾਟ ਮੂਲ ਮੰਤ੍ਰ ਦਾ ਸੋਮਾ ਹੈ, ਗੁਰਬਾਣੀ ਦਾ ਆਧਾਰ ਹੈ। ਸੰਤ ਘਾਟ ਉਹ ਸਥਾਨ ਹੈ ਜਿੱਥੋਂ ਗੁਰਬਾਣੀ ਪ੍ਰਗਟ ਹੋਈ ਹੈ। ਸੰਤ ਘਾਟ ਹੀ ਸੱਚਖੰਡ ਦਾ ਦੁਆਰ ਹੈ। ਇਹ ਗੱਲ ਸਪੱਸ਼ਟ ਹੈ ਅਤੇ ਯਾਦ ਰੱਖਣ ਯੋਗ ਹੈ ਕਿ ਵੇਈਂ ਦੇ ਜਿਸ ਘਾਟ 'ਤੇ ਗੁਰੂ ਜੀ ਪ੍ਰਗਟ ਹੋਏ ਸਨ, ਉਸ ਗੁਰਦੁਆਰਾ ਸਾਹਿਬ ਦਾ ਨਾਮ 'ਸੰਤ ਘਾਟ' ਪ੍ਰਸਿੱਧ ਹੈ। ਇਹ ਸਥਾਨ ਗੁਰਦੁਆਰਾ ਬੇਰ ਸਾਹਿਬ ਤੋਂ ਲੱਗਭਗ ਦੋ ਕਿਲੋਮੀਟਰ ਉੱਤਰ-ਦੱਖਣ ਵਾਲੇ ਪਾਸੇ ਹੈ।

**ਗੁਰਦੁਆਰਾ ਹੱਟ ਸਾਹਿਬ :** ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਵਾਲੇ ਸਥਾਨ 'ਤੇ ਬਹੁਤ ਹੀ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਤਿਆਰ ਕੀਤੀ ਗਈ ਹੈ। ਇੱਥੇ ਬਹੁਤ ਸੁੰਦਰ ਤੇ ਡੂੰਘਾ ਸਰੋਵਰ ਬਣਿਆ ਹੋਇਆ ਹੈ। ਇਸ ਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਖਾਨੇ ਵਿਚ ਨਿਗਰਾਨ ਵਜੋਂ ਨੌਕਰੀ

ਕੀਤੀ ਸੀ। ਉਸ ਸਮੇਂ ਫਕੀਰਾਂ ਅਤੇ ਗ਼ਰੀਬ-ਗੁਰਬੇ ਲੋਕਾਂ ਦੀ ਭੀੜ ਗੁਰੂ ਜੀ ਕੋਲੋਂ ਅਨਾਜ ਲੈਣ ਲਈ ਜੁੜੀ ਰਹਿੰਦੀ। ਅਨਾਜ ਤੋਲਣ ਸਮੇਂ ਗੁਰੂ ਜੀ ਛਾਬਾ (ਤੱਕੜੀ) ਤੋਲਦੇ ਹੋਏ ਗਿਣਤੀ ਕਰਦੇ ਤਾਂ ਬਾਰ੍ਹਾਂ ਤਕ ਗਿਣਤੀ ਕਰਨ ਉਪਰੰਤ ਜਦੋਂ ਤੇਰ੍ਹਵਾਂ ਛਾਬਾ ਤੋਲਦੇ ਤਾਂ ਉੱਥੇ ਹੀ ਅਟਕ ਜਾਂਦੇ ਅਤੇ ਅੱਗੇ ਹੋਰ ਗਿਣਤੀ ੧੪,੧੫ ਗਿਣਨ ਦੀ ਬਜਾਇ, ੧੩,੧੩, (ਤੇਰ੍ਹਾਂ-ਤੇਰ੍ਹਾਂ) ਹੀ ਬੋਲ ਕੇ ਤੋਲ ਤੋਲੀ ਜਾਂਦੇ। ਗ਼ਰੀਬ, ਫ਼ਕੀਰ ਅਤੇ ਸੌਦਾ ਖ਼ਰੀਦਣ ਵਾਲੇ ਤਾਂ ਸਭ ਖੁਸ਼ ਹੋ ਕੇ ਘਰਾਂ ਨੂੰ ਤੁਰ ਜਾਂਦੇ ਪ੍ਰੰਤੂ ਵਿਰੋਧੀਆਂ/ਚੁਗਲਖ਼ੋਰਾਂ ਨੂੰ ਇਹ ਗੱਲ ਹਜ਼ਮ ਨਾ ਹੋਈ ਅਤੇ ਉਹ ਨਵਾਬ ਪਾਸ ਸ਼ਿਕਾਇਤਾਂ ਕਰਨ ਲੱਗ ਪਏ, ਕਿ ਨਾਨਕ ਜੀ ਤਾਂ ਮੋਦੀ ਖਾਨਾ ਲੁਟਾਈ ਜਾ ਰਹੇ ਹਨ ਜਿਸ ਕਰਕੇ ਗੁਰੂ ਜੀ ਦੀ ਜਵਾਬ-ਤਲਬੀ ਹੋਈ ਅਤੇ ਮੋਦੀ ਖਾਨੇ ਦਾ ਲੇਖਾ-ਜੋਖਾ (ਪੜਤਾਲ) ਹੋਇਆ ਪਰੰਤੂ ਜਦ ਹਿਸਾਬ ਕੀਤਾ ਗਿਆ ਤਾਂ ਰਸਦ ਘਟਣ ਦੀ ਬਜਾਇ ਵੱਧ ਨਿਕਲੀ। ਇਹ ਦੇਖ ਕੇ ਨਵਾਬ ਬਹੁਤ ਪ੍ਰਭਾਵਿਤ ਹੋਇਆ ਅਤੇ ਪ੍ਰਸੰਨ ਹੋ ਕੇ ਅੱਗੇ ਵਾਸਤੇ ਗੁਰੂ ਜੀ ਦਾ ਵੱਧ ਆਦਰ/ਸਤਿਕਾਰ ਕਰਨ ਲੱਗ ਪਿਆ।

ਜਿਹੜੇ ਪੱਥਰ ਦੇ ਵੱਟਿਆਂ ਨਾਲ ਸਤਿਗੁਰੂ ਜੀ ਤੋਲ-ਤੋਲਿਆ ਕਰਦੇ ਸਨ, ਉਨ੍ਹਾਂ ਦੀ ਗਿਣਤੀ ਵੀ ਤੇਰਾਂ ਹੈ। ਇਹ ਵੱਟੇ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੱਬੇ ਹੱਥ ਸ਼ੀਸ਼ੇ ਦੇ ਬਣੇ ਇਕ ਬਕਸੇ ਵਿਚ ਸੰਭਾਲ ਕੇ ਰੱਖੇ ਹੋਏ ਹਨ। ਜਿਨ੍ਹਾਂ ਦੇ ਦਰਸ਼ਨ ਕਰ ਕੇ ਸੰਗਤਾਂ ਨਿਹਾਲ ਹੁੰਦੀਆਂ ਹਨ। ਯਾਤਰੀਆਂ ਦੀ ਰਿਹਾਇਸ਼ ਲਈ ਕਮਰੇ ਬਣੇ ਹੋਏ ਹਨ ਅਤੇ ਲੰਗਰ ਵੀ ਚੱਲਦਾ ਹੈ।

**ਗੁਰਦੁਆਰਾ ਅੰਤਰਯਾਮਤਾ ਸਾਹਿਬ :** ਇਹ ਸਥਾਨ ਉਸ ਮਸਜਿਦ ਵਾਲੇ ਸਥਾਨ ਦੀ ਜਾਣਕਾਰੀ ਦਿੰਦਾ ਹੈ ਜਿੱਥੇ ਨਵਾਬ ਦੌਲਤ ਖਾਂ ਨੇ ਗੁਰੂ ਜੀ ਨੂੰ ਨਮਾਜ਼ ਪੜ੍ਹਨ ਲਈ ਸੱਦਿਆ ਸੀ। ਦਿੱਬ ਆਤਮਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਂਚ ਲਿਆ ਸੀ ਕਿ ਨਵਾਬ ਅਤੇ ਕਾਜ਼ੀ ਬਾਹਰੀ ਤੌਰ 'ਤੇ ਨਮਾਜ਼ ਪੜ੍ਹ ਰਹੇ ਹਨ ਪਰੰਤੂ ਭੀਤਰ ਉਨ੍ਹਾਂ ਦਾ ਮਨ ਸੰਸਾਰਕ ਗੱਲਾਂ ਵਿਚ ਗ਼ਲਤਾਨ ਸੀ। ਇਹ ਜਾਂਚ ਕੇ ਗੁਰੂ ਜੀ ਇਕ ਪਾਸੇ ਖੜੇ ਹੋ ਗਏ। ਜਦੋਂ ਨਵਾਬ ਨੇ ਗੁਰੂ ਜੀ ਨੂੰ ਪੁੱਛਿਆ, ਕਿ ਤੁਸੀਂ ਨਮਾਜ਼ ਪੜ੍ਹਨ ਵਿਚ ਸ਼ਾਮਲ ਕਿਉਂ ਨਹੀਂ ਹੋਏ? ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਨਵਾਬ ਅਤੇ ਕਾਜ਼ੀ ਦੋਵੇਂ ਨਮਾਜ਼ ਪੜ੍ਹਦੇ ਸਮੇਂ ਅਸਲ ਵਿਚ ਕੀ ਸੋਚ ਰਹੇ ਸਨ? ਅਸਲੀਅਤ ਸੁਣ ਕੇ ਦੋਨੋਂ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਏ। ਇਸ ਲਈ ਅੰਤਰਯਾਮਤਾ ਦੁਆਰਾ ਅਸਲੀਅਤ ਜਾਣ ਲੈਣ ਦੇ ਕਾਰਨ ਇਸ ਸਥਾਨ ਦਾ ਨਾਮ ਗੁਰਦੁਆਰਾ ਅੰਤਰਯਾਮਤਾ ਪ੍ਰਚਲਿਤ ਹੋ ਗਿਆ।

**ਗੁਰਦੁਆਰਾ ਗੁਰੂ ਕਾ ਬਾਗ਼ :** ਸੁਲਤਾਨਪੁਰ ਲੋਧੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਥਾਂ ਰਿਹਾਇਸ਼/ਨਿਵਾਸ ਰੱਖਿਆ, ਉਸ ਸਥਾਨ 'ਤੇ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇੱਥੇ ਹੀ ਗੁਰੂ ਜੀ ਦੇ ਦੋਨੋਂ ਸਪੁੱਤਰਾਂ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ। ਇਸ ਗੁਰਦੁਆਰਾ ਵਿਚ ਖੂਹ/ਹਲਟ ਲੱਗਿਆ ਹੋਇਆ ਹੈ ਜੋ ਅਕਾਰ ਵਿਚ ਤੰਗ ਹੈ ਅਤੇ ਹੁਣ ਢੱਕਿਆ ਹੋਇਆ ਹੈ। ਇੱਥੇ

ਫੁਹਾਰੇ ਵੀ ਲੱਗੇ ਹੋਏ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਦੋ-ਮੰਜ਼ਲੀ ਹੈ, ਦੀਵਾਰਾਂ ਉੱਪਰ ਟਾਇਲਾਂ ਲੱਗੀਆਂ ਹੋਈਆਂ ਹਨ। ਮੁੱਖ ਪ੍ਰਵੇਸ਼ ਦੁਆਰ ਉੱਪਰ ਸ਼ੀਸ਼ੇ ਦੀਆਂ ਟੁੱਕੜੀਆਂ ਲੱਗੀਆਂ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼; ਹਾਲ ਵਿਚ ਆਇਤਾਕਾਰ ਚੌਂਤਰੇ ਉੱਪਰ ਕੀਤਾ ਹੋਇਆ। ਗੁਰਦੁਆਰਾ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**ਗੁਰਦੁਆਰਾ ਕੋਠੜੀ ਸਾਹਿਬ :** ਗੁਰਦੁਆਰਾ ਗੁਰੂ ਕਾ ਬਾਗ ਨੇੜੇ ਹੀ ਮੁਹੱਲਾ ਵੱਡਿਆਂ ਅੰਦਰ ਗਲੀ ਵਿਚ ਗੁਰਦੁਆਰਾ ਕੋਠੜੀ ਸਾਹਿਬ ਹੈ। ਗੁਰਦੁਆਰਾ ਜ਼ਮੀਨ ਤੋਂ ਕਾਫੀ ਉੱਚਾ ਹੈ। ਛੋਟੀਆਂ ਜਿਹੀਆਂ ਪੌੜੀਆਂ ਦੇ ਰਸਤੇ ਤੋਂ ਚੜ੍ਹ ਕੇ ਅੱਗੇ ਛੋਟੇ ਜਿਹੇ ਵਿਹੜੇ ਵਿੱਚੋਂ ਲੰਘ ਕੇ ਇਕ ਕਮਰੇ ਵਿਚ ਪਹੁੰਚਿਆ ਜਾਂਦਾ ਹੈ। ਇਸ ਕਮਰੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਇਸ ਕਮਰੇ ਦੇ ਪਿਛਲੇ ਪਾਸੇ ਇਕ ਛੋਟੀ ਜਿਹੀ ਕੋਠੜੀ ਹੈ। ਦੱਸਦੇ ਹਨ ਕਿ ਇਹ ਕੋਠੜੀ ਨਵਾਬ ਦੌਲਤ ਖਾਂ ਦੇ ਮੁਨਸ਼ੀ ਜਾਦੋ ਰਾਇ ਜੈਰਥ ਦੇ ਮਕਾਨ ਦੀ ਹੈ। 'ਤਵਾਰੀਖ ਗੁਰੂ ਖਾਲਸਾ' ਅਨੁਸਾਰ ਜਦੋਂ ਗੁਰੂ ਜੀ ਦੀ ਸ਼ਿਕਾਇਤ ਹੋਈ ਸੀ ਕਿ ਗੁਰੂ ਜੀ ਮੋਦੀ ਖਾਨਾ ਲੁਟਾ ਰਹੇ ਹਨ ਤਾਂ ਨਵਾਬ ਦੇ ਸਿਪਾਹੀਆਂ ਨੇ ਗੁਰੂ ਜੀ ਨੂੰ ਇਸ ਕੋਠੜੀ ਵਿਚ ਬੰਦ ਕਰ ਦਿੱਤਾ ਸੀ। ਨਾਲ ਦੇ ਕਮਰੇ ਵਿਚ ਦੋ ਦਿਨ ਪੜਤਾਲ ਹੁੰਦੀ ਰਹੀ। ਹਿਸਾਬ ਉਪਰੰਤ ਗੁਰੂ ਜੀ ਦਾ ਵਾਧਾ ਨਵਾਬ ਵੱਲ ਨਿਕਲਿਆ। ਇਸ ਤਰ੍ਹਾਂ ਦੋ ਦਿਨ ਗੁਰੂ ਜੀ ਇਸ ਕੋਠੜੀ ਵਿਚ ਬੰਦ ਰਹੇ।

**ਗੁਰਦੁਆਰਾ ਬੇਬੇ ਨਾਨਕੀ ਜੀ :** ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਨੇ ਜਿਸ ਘਰ ਵਿਚ ਆਪਣਾ ਜੀਵਨ ਬਤੀਤ ਕੀਤਾ ਅਤੇ ਜਿਸ ਘਰ ਨੂੰ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਨੇ ਪਵਿੱਤਰ ਕੀਤਾ, ਉਸ ਮਕਾਨ ਨੂੰ ਬੇਬੇ ਨਾਨਕੀ ਦੀ ਧਰਮਸ਼ਾਲਾ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦਾ ਇੱਕ ਮੁੱਖ ਦਰਵਾਜ਼ਾ ਹੈ ਅਤੇ ਤਿੰਨ ਛੋਟੇ ਦਰਵਾਜ਼ੇ ਹਨ। ਸੰਨ ੧੯੭੦ ਈ. ਵਿਚ ਇਸ ਸਥਾਨ ਦਾ ਨਵ-ਨਿਰਮਾਣ ਕੀਤਾ ਗਿਆ ਅਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ। ਇਹ ਤਿੰਨ ਮੰਜ਼ਲੀ ਇਮਾਰਤ ਮੁਹੱਲਾ ਛੀਂਬਿਆਂ ਵਿਚ ਸਥਿਤ ਹੈ। ਇਹ ਗੁਰਦੁਆਰਾ 'ਬੇਬੇ ਨਾਨਕੀ ਇਸਤਰੀ ਸਤਿਸੰਗ-ਚੈਰੀਟੇਬਲ ਟਰੱਸਟ' ਦੁਆਰਾ ਬਰਮਿੰਘਮ (ਇੰਗਲੈਂਡ) ਦੀ ਬੀਬੀ ਬਲਵੰਤ ਕੌਰ ਹੁਰਾਂ ਦੀ ਪ੍ਰਧਾਨਗੀ ਹੇਠ ਤਿਆਰ ਹੋਇਆ ਹੈ। ਗੁਰਦੁਆਰਾ ਬੇਬੇ ਨਾਨਕੀ ਜੀ ਵਿਚ ਪ੍ਰਮੁੱਖ ਹਾਲ ਹੈ, ਜਿਸ ਵਿਚ ਅਖੀਰ 'ਤੇ ਸਫੇਦ ਸੰਗਮਰਮਰ ਦੀ ਬਣੀ ਪਾਲਕੀ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ।

**ਗੁਰਦੁਆਰਾ ਸੇਹਰਾ ਸਾਹਿਬ :** ਗੁਰਦੁਆਰਾ ਸੇਹਰਾ ਸਾਹਿਬ ਉਹ ਸਥਾਨ ਹੈ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਨ ੧੬੦੪ ਈ. ਨੂੰ ਆਪਣੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਪਿੰਡ ਡੱਲਾ ਨੂੰ ਜਾਂਦੇ ਹੋਏ ਇੱਥੇ ਰਾਤ ਨੂੰ ਵਿਸ਼ਰਾਮ ਕੀਤਾ। ਪਰੰਪਰਾ ਅਨੁਸਾਰ ਦੂਸਰੇ ਦਿਨ ਡੱਲੇ ਨੂੰ ਜਾਣ ਸਮੇਂ ਇੱਥੇ ਸ੍ਰੀ

(ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਸੇਹਰਾ ਸਜਾਇਆ ਗਿਆ ਸੀ। ਇੱਟਾਂ ਦੀ ਚਾਰ-ਦੀਵਾਰੀ ਦੇ ਅਹਾਤੇ ਵਿਚ ਬਣੇ ਗੁਰਦੁਆਰਾ ਸਾਹਿਬ ਦੇ ਅੰਦਰ ਅੱਠ-ਭੁਜੀ ਗੁੰਬਦ ਵਾਲਾ ਕਮਰਾ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤਾ ਹੋਇਆ ਹੈ। ਇਹ ਸਥਾਨ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਧੀਨ ਹੈ, ਪ੍ਰੰਤੂ ਲੋਕਲ ਕਮੇਟੀ ਨਾਲ ਮਿਲ ਕੇ ਪ੍ਰਬੰਧ ਕੀਤਾ ਜਾਂਦਾ ਹੈ।

ਸੋ, ਸੁਲਤਾਨਪੁਰ ਲੋਧੀ ਦੀ ਧਰਤੀ ਮਹਾਨ ਹੈ, ਸਤਿਕਾਰ ਭਰੀ ਹੈ। ਇਸ ਧਰਤੀ ਤੋਂ ਸਿੱਖੀ ਦਾ ਅਰੰਭ ਹੋਇਆ ਹੈ। ਸੁਲਤਾਨਪੁਰ ਲੋਧੀ ਦਾ ਕਣ-ਕਣ ਪਵਿੱਤਰ ਹੈ। ਸੁਲਤਾਨਪੁਰ ਲੋਧੀ ਦੀਆਂ ਚਾਰ ਦਿਸ਼ਾਵਾਂ ਨੂੰ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਸੁਲਤਾਨਪੁਰ ਲੋਧੀ ਦੀ ਧੂੜੀ ਜਿਸ ਨੂੰ ਪ੍ਰਾਪਤ ਹੋ ਜਾਂਦੀ ਹੈ ਉਸ ਦਾ ਇਹ *ਲੋਕ ਸੁਖੀਏ ਪਰਲੋਕ ਸੁਹੇਲੇ* ਅਨੁਸਾਰ ਲੋਕ-ਪ੍ਰਲੋਕ ਸੁਖੀ ਬਣ ਜਾਂਦਾ ਹੈ। ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਕੋਟੀ-ਕੋਟੀ ਨਮਸਕਾਰ ਹੈ।

ਸੁਲਤਾਨਪੁਰ ਲੋਧੀ ਜਲੰਧਰ ਤੋਂ ੨੬ ਮੀਲ (੪੨ ਕਿਲੋਮੀਟਰ) ਦੱਖਣ-ਪੱਛਮ 'ਤੇ ਹੈ ਜੋ ਕਪੂਰਥਲਾ ਤੋਂ ੨੭ ਕਿਲੋਮੀਟਰ ਦੱਖਣ-ਪੂਰਬ ਵੱਲ ਹੈ। ਮੁਗ਼ਲ ਕਾਲ ਵਿਚ ਸੁਲਤਾਨਪੁਰ ਲੋਧੀ ਉਸ ਸੜਕ ਉੱਪਰ ਸਥਿਤ ਸੀ ਜੋ ਲਾਹੌਰ ਤੋਂ ਦਿੱਲੀ ਨੂੰ ਜਾਂਦੀ ਸੀ। ਗੁਰੂ-ਚਰਨਾਂ ਦੀ ਛੋਹ ਦੇ ਕਾਰਨ ਸੁਲਤਾਨਪੁਰ ਦਾ ਗੌਰਵ ਉਲੇਖੀਨੀਯ ਹੈ।

ਸੁਲਤਾਨਪੁਰ ਲੋਧੀ ਗੁਰਬਾਣੀ ਦਾ ਸੋਮਾ ਹੈ। ਇੱਥੇ ਹੀ ਮੂਲ ਮੰਤ੍ਰ ਦਾ ਪ੍ਰਕਾਸ਼ ਹੋਇਆ ਹੈ। ਸੁਲਤਾਨਪੁਰ ਲੋਧੀ ਸਿੱਖੀ ਦਾ ਆਧਾਰ ਹੈ। ਤਲਵੰਡੀ (ਨਨਕਾਣਾ ਸਾਹਿਬ) ਵਿਚ ਸਤਿਗੁਰੂ ਜੀ ਦਾ ਪ੍ਰਕਾਸ਼ ਹੋਇਆ, ਗੁਰਬਾਣੀ ਅਤੇ ਸਿੱਖੀ ਸੁਲਤਾਨਪੁਰ ਲੋਧੀ ਦੀ ਧਰਤੀ ਵਿੱਚੋਂ ਪੈਦਾ ਹੋਈ ਹੈ। ਸੁਲਤਾਨਪੁਰ ਲੋਧੀ ਵਿੱਚੋਂ ਹੀ ਜਲ ਰਹੀ ਸ੍ਰਿਸ਼ਟੀ ਤੇ, ਹੈ-ਹੈ ਕਰਦੀ ਲੋਕਾਈ ਉੱਤੇ ਦਇਆ ਆਈ। ਸਾਰੀ ਧਰਤੀ ਨੂੰ ਸੋਧਣ ਦਾ ਸੁਲਤਾਨਪੁਰ ਲੋਧੀ ਵਿਚ ਹੀ ਨਿਰਣੈ ਕੀਤਾ ਗਿਆ। ਇਸ ਲਈ ਸੁਲਤਾਨਪੁਰ ਲੋਧੀ ਨਾਮ-ਬਾਣੀ ਸਿੱਖੀ ਦੇ ਪ੍ਰਗਟ ਹੋਣ ਕਰਕੇ ਪਵਿੱਤਰ ਧਰਤੀ ਹੈ :

*ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੧੦)*

## ਹਵਾਲਾ ਸ੍ਰੋਤ:

੧. *ਸੁਲਤਾਨਪੁਰ ਲੋਧੀ ਸਰਵੇ ਪੁਸਤਕ*, ਭਾਸ਼ਾ ਵਿਭਾਗ ਪੰਜਾਬ।

੨. *ਸਿੱਖ ਧਰਮ ਵਿਸ਼ਵ ਕੋਸ਼*, ਪ੍ਰੋ. ਹਰਬੰਸ ਸਿੰਘ ਜੀ, ਪੰਜਾਬੀ ਪਹਿਲੀ ਜਿਲਦ, ੨੦੦੮, ਮੁੱਖ ਸੰਪਾਦਕ ਡਾ. ਜੋਧ ਸਿੰਘ ਜੀ, ਸਫਾ ਨੰ: ੫੫੬-੫੫੭.

੩. *ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼*, ਵਣਜਾਰਾ ਬੇਦੀ, ਜਿਲਦ ਤੀਜੀ ਸਫਾ ਨੰ: ੪੧੪-੪੧੫

੪. *ਨਿਰਮਲ ਪੰਥ ਬੋਧ* ੧੯੯੮, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਸਫਾ ਨੰ: ੨-੩

# ਸੁਲਤਾਨਪੁਰ ਲੋਧੀ ਵਿਖੇ ਪਹਿਲੀ ਪਾਤਸ਼ਾਹੀ ਜੀ ਦੇ ਅਨਿੰਨ ਸਿੱਖ

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਲਤਾਨਪੁਰ ਲੋਧੀ ਵਿਖੇ ਨਿਵਾਸ ਦਾ ਲੰਮਾ ਸਮਾਂ ਹੈ। ਇੱਥੇ ਹੀ ਗੁਰੂ ਜੀ ਦੌਲਤ ਖਾਂ ਦੇ ਮੋਦੀ ਖਾਨੇ ਵਿਚ ਮੋਦੀ ਦੀ ਕਿਰਤ ਉੱਤੇ ਲੱਗੇ। ਇੱਥੇ ਹੀ ਉਹ "ਤੇਰਾ ਤੇਰਾ" ਕਹਿੰਦੇ ਅਤੁੱਟ ਤੋਲ ਤੋਲੀ ਗਏ। ਇੱਥੇ ਹੀ ਉਹ ਗ਼ਰੀਬਾਂ ਦੇ ਮਦਦਗਾਰ ਤੇ ਗਰੀਬ ਦੇ ਮੂੰਹ ਦੀ ਗੋਲਕ ਬਣ ਗਏ ਸਨ। ਸੁਲਤਾਨਪੁਰ ਲੋਧੀ ਵਿਖੇ ਰਹਿੰਦਿਆਂ ਹੋਇਆਂ ਹੀ ਉਨ੍ਹਾਂ ਦੀ ਕੁੜਮਾਈ ਹੋਈ, ਵਿਆਹ ਹੋਇਆ ਤੇ ਦੋ ਸਪੁੱਤਰ ਹੋਏ ਅਤੇ ਉਹ ਬਾਲ-ਪਰਵਾਰ ਵਾਲੇ ਬਣੇ। ਸੁਲਤਾਨਪੁਰ ਲੋਧੀ ਵਿਖੇ ਹੀ ਭੈਣ ਨਾਨਕੀ ਦਾ ਵੀਰ ਲੋਕਾਂ ਦਾ ਉਧਾਰਕ ਬਣ ਗਿਆ ਸੀ। ਜਿਸ ਰਾਹ ਤੋਂ ਗੁਰੂ ਨਾਨਕ ਪਾਤਸ਼ਾਹ ਨੇ ਲੰਘਣਾ ਹੁੰਦਾ ਸੀ ਲੋਕ ਦਰਸ਼ਨ ਕਰਨ ਲਈ ਪਾਲਾਂ ਬੰਨ੍ਹ-ਬੰਨ੍ਹ ਖੜ੍ਹੇ ਹੁੰਦੇ ਸਨ। ਕਈ ਤੱਕੜੀ ਫੜਿਆਂ ਦੇ ਦਰਸ਼ਨ ਕਰਨ ਲਈ ਘੰਟਿਆਂ ਬੱਧੀ ਇਕ ਟੱਕ ਬਿਨਾ ਪਲਕ ਝਪਕੇ ਖੜ੍ਹੇ ਰਹਿੰਦੇ ਸਨ। ਕਈ ਉਹ ਸਨ, ਜੋ ਹਰ ਸ਼ਾਮ ਗੁਰੂ ਜੀ ਦੀ ਸੰਗਤ ਕਰਨ ਬਿਨਾ-ਨਾਗਾ ਪੁੱਜਦੇ ਸਨ, ਫਿਰ ਕੁਝ ਉਹ ਵੀ ਸਨ ਜੋ ਅੰਮ੍ਰਿਤ ਵੇਲੇ ਹੀ ਇਸ਼ਨਾਨ ਕਰਾਉਣ ਹਾਜ਼ਰ ਹੋ ਜਾਂਦੇ ਸਨ। ਇਹ ਆਪਾ-ਵਾਰੂ ਪੂਰਨ ਰੂਪ ਵਿਚ ਆਪਾ ਸਮਰਪਣ ਕਰਨ ਵਾਲੇ ਸਿੱਖ ਬਣ ਗਏ ਸਨ ਜੋ ਭੌਰਿਆਂ ਵਾਂਗ ਪਾਤਸ਼ਾਹ ਜੀ ਤੋਂ ਕੁਰਬਾਨ ਹੋਣ ਲਈ ਤਿਆਰ ਹੁੰਦੇ ਸਨ। ਇਨ੍ਹਾਂ ਸਿੱਖਾਂ ਵਿਚ ਸੁਲਤਾਨਪੁਰ ਲੋਧੀ ਦੇ ਲੋਕੀਂ ਹੀ ਨਹੀਂ ਸੀ, ਬਲਕਿ ਲਾਗਲੇ ਪਿੰਡਾਂ ਦੇ ਉਹ ਭਾਗਸ਼ਾਲੀ ਸਿੱਖ ਵੀ ਸਨ ਜੋ ਨਿੱਤ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੁੰਦੇ ਸਨ।

ਭਾਈ ਗੁਰਦਾਸ ਜੀ ਨੇ ਆਪਣੀ ਗਿਆਰ੍ਹਵੀਂ ਵਾਰ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਦੇ ਗੁਰੂ ਦੇ ਹਜ਼ੂਰੀ ਸਿੱਖਾਂ ਦੇ ਨਾਮ ਦਿੱਤੇ ਹਨ। ਇਹ ਉਨ੍ਹਾਂ ਨੇ ਇਤਿਹਾਸ ਦੇ ਖੋਜਾਰਥੀਆਂ ਉੱਪਰ ਵੱਡਾ ਕਰਮ ਕੀਤਾ ਹੈ। ਅਸੀਂ ਉਨ੍ਹਾਂ ਸਿੱਖਾਂ ਬਾਰੇ ਸੰਪੂਰਨ ਰੂਪ ਵਿਚ ਤੇ ਜਾਣਕਾਰੀ ਹਾਸਲ ਨਹੀਂ ਕਰ ਸਕਦੇ, ਪਰ 'ਕੁਝ' ਜ਼ਰੂਰ ਹਾਸਲ ਹੁੰਦਾ ਹੈ। ਭਾਈ ਗੁਰਦਾਸ ਜੀ ੧੧ਵੀਂ ਵਾਰ ਦੀ ੧੩ਵੀਂ ਪਉੜੀ ਵਿਚ :

***(ਪਹਿਲੀ ਪਾਤਿਸ਼ਾਹੀ ਦੇ ਸਿੱਖਾਂ ਦੀ ਨਾਮਾਵਲੀ)***

***ਪਉੜੀ ੧੩***

*ਤਾਰੂ ਪੋਪਟ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ।*
*ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਿਤ ਗੁਰਦਾਸੀ।*
*ਪਿਰਥਾ ਖੇਡਾ ਸੋਇਰੀ ਚਰਨ ਸਰਣ ਸੁਖ ਸਹਜਿ ਨਿਵਾਸੀ।*

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੭੮੦੬-੩੫੧੯੭

*ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।*
*ਪਿਰਥੀ ਮਲੁ ਸਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ।*
*ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ।*
*ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।*
*ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।*
*ਗੁਰਮਤਿ ਭਾਉ ਭਗਤਿ ਪਰਗਾਸੀ॥੧੩॥*

***ਪਉੜੀ ੧੪***

***(ਸਿੱਖ ਨਾਮ ਮਾਲਾ)***

*ਭਗਤੁ ਜੋ ਭਗਤਾ ਓਹਰੀ ਜਾਪੂਵੰਸੀ ਸੇਵ ਕਮਾਵੈ।*
*ਸੀਂਹਾ ਉਪਲੁ ਜਾਣੀਐ ਗਜਣੁ ਉਪਲ ਸਤਿਗੁਰ ਭਾਵੈ।*
*ਮੈਲਸੀਂਹਾ ਵਿਚਿ ਆਖੀਐ ਭਾਗੀਰਥੁ ਕਾਲੀ ਗੁਣ ਗਾਵੈ।*
*ਜਿਤਾ ਰੰਧਾਵਾ ਭਲਾ ਹੈ ਬੂੜਾ ਬੁਢਾ ਇਕ ਮਨਿ ਧਿਆਵੈ।*
*ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰੁ ਸੇਵ ਸਮਾਵੈ।*
*ਗੁਜਰੁ ਜਾਤਿ ਲੁਹਾਰ ਹੈ ਗੁਰ ਸਿਖੀ ਗੁਰਸਿਖ ਸੁਣਾਵੈ।*
*ਨਾਈ ਧਿੰਙ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।*
*ਗੁਰਮੁਖਿ ਸੁਖ ਫਲੁ ਅਲਖੁ ਲਖਾਵੈ ॥੧੪॥*

***ਪਉੜੀ ੨੧***

***(ਸੁਲਤਾਨ ਪੁਰੀਏ ਸਿੱਖ)***

*ਕਾਲੂ ਚਾਊ ਬੰਮੀਆ ਮੂਲੇ ਨੋ ਗੁਰ ਸਬਦੁ ਪਿਆਰਾ।*
*ਹੋਮਾ ਵਿਚ ਕਪਾਹੀਆ ਗੋਬਿੰਦੁ ਘੇਈ ਗੁਰ ਨਿਸਤਾਰਾ।*
*ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲੁ ਤਿਸੁ ਭਾਰਾ।*
*ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕ ਸਾਰਾ।*
*ਛਜੂ ਭਲਾ ਜਾਣੀਐ ਮਾਈ ਦਿਤਾ ਸਾਧੁ ਵਿਚਾਰਾ।*
*ਤੁਲਸਾ ਵਹੁਰਾ ਭਗਤ ਹੈ ਦਾਮੋਦਰੁ ਆਕੁਲ ਬਲਿਹਾਰਾ।*
*ਭਾਨਾ ਆਵਲ ਵਿਗਹ ਮਲੁ ਬੁਧੋ ਛੀਂਬਾ ਗੁਰ ਦਰਬਾਰਾ।*
*ਸੁਲਤਾਨੇ ਪੁਰਿ ਭਗਤਿ ਭੰਡਾਰਾ ॥੨੧॥*

ਭਾਈ ਗੁਰਦਾਸ ਜੀ ਇਕੀਵੀਂ ਪਉੜੀ ਦੇ ਅਖੀਰ ਵਿਚ ਲਿਖਦੇ ਹਨ, 'ਸੁਲਤਾਨੇ ਪੁਰਿ ਭਗਤਿ ਭੰਡਾਰਾ' ਭਾਵ ਕਿ ਸੁਲਤਾਨਪੁਰ ਵਿਚ ਭਗਤੀ ਦਾ ਭੰਡਾਰ ਹੋ ਗਿਆ। ਇਸ ਭਗਤੀ ਦੇ ਭੰਡਾਰ ਵਿਚ ਕਾਲੂ, ਚਾਊ, ਬੰਮੀਆ, ਮੂਲਾ, ਹੋਮਾ, ਕਪਾਹੀ, ਗੋਬਿੰਦ ਘਈ, ਰਾਮੂ ਕੋਹਲੀ, ਨਿਹਾਲੂ, ਛੱਜੂ ਭੱਲਾ, ਮਾਈ ਦਿੱਤਾ, ਤੁਲਸਾ ਵਹੁਰਾ, ਦਮੋਦਰ ਅਕੁਲ, ਭਾਨਾ ਆਵਲ, ਬੁਧੋ ਛੀਂਬਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸੁਲਤਾਨਪੁਰ ਦੇ ਭਗਤੀ ਦੇ ਭੰਡਾਰ ਦੇ

ਭੰਡਾਰੀ ਸਿੱਖ ਸਨ। ਸੁਲਤਾਨਪੁਰ ਦੇ ਹੀ ਦੋ ਭੱਟ ਭਿਖਾ ਅਤੇ ਟੋਡਾ ਸਨ। ਜਿਨ੍ਹਾਂ ਨੇ ਗੁਰੂ ਜੀ ਦੀ ਕੀਰਤੀ ਸੁਲਤਾਨਪੁਰ 'ਤੇ ਕੀਤੀ ਹੀ ਸੀ ਇਸ ਤੋਂ ਇਲਾਵਾ ਦੂਰ-ਦੂਰ ਦੇ ਪਿੰਡਾਂ ਤੀਕ ਇਨ੍ਹਾਂ ਦੋਵਾਂ ਭੱਟਾਂ ਨੇ ਗੁਰੂ-ਜਸ ਗਾਇਨ ਕੀਤਾ। ਇਨ੍ਹਾਂ ਦਾ ਗੁਰੂ ਜਸ ਸੁਣ ਕੇ ਮਲਸੀਹਾਂ ਤੇ ਭਾਈ ਭਾਗੀਰਥ ਜੀ ਗੁਰੂ-ਦਰਸ਼ਨਾਂ ਲਈ ਸੁਲਤਾਨਪੁਰ ਪੁੱਜੇ। ਭਾਈ ਭਾਗੀਰਥ ਜੀ ਗੁਰੂ ਜੀ ਦੀ ਨਿਰਾਲੀ ਅਲੌਕਿਕ ਖਿੱਚ ਦੇ ਇਹੋ ਜਿਹੇ ਖਿੱਚੇ ਗਏ ਕਿ ਗੁਰੂ ਜੀ ਜੋਗੇ ਹੀ ਰਹਿ ਗਏ।

*ਮੈਲਸੀਹਾਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ।*

ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਭਾਗ ਵਿਚ ਲਿਖਦੇ ਹਨ,

"ਓਸੇ ਸਮੇਂ ਭਾਗੀਰਥਾ ਨਾਮੀ ਖੱਤਰੀ ਮਲਸੀਹ ਪਿੰਡ ਵਾਲਾ ਜੋ ਦੇਵੀ ਦਾ ਭਗਤ ਜਗਤ ਵਿਚ ਮਸ਼ਹੂਰ ਸੀ, ਆਪਣੀ ਸੰਗਤ ਲੈ ਕੇ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੈ। ਬਾਬੇ ਦਾ ਜੱਸ ਸੁਣ ਕੇ ਦਰਸ਼ਨ ਨੂੰ ਆਯਾ, ਗੁਰੂ ਜੀ ਦੇ ਪੁੱਛਣੇ ਪਰ ਉਸਨੇ ਆਖਿਯਾ ਮੈਂ ਹਰ ਸਾਲ ਦੇਵੀ ਦੇ ਦਰਸ਼ਨ ਕਰਨ ਜਾਂਦਾ ਹਾਂ, ਬਾਬੇ ਪੁੱਛਿਆ ਕਦੇ ਦੇਵੀ ਨੇ ਕੋਈ ਗੱਲ ਵੀ ਕੀਤੀ ਹੈ? ਓਨੇ ਆਖਿਆ, ਨਹੀਂ ਜੀ, ਉਹ ਤਾਂ ਪੱਥਰ ਦੀ ਪ੍ਰਤਿਮਾ ਹੈ, ਗੱਲ ਨਹੀਂ ਕਰਦੀ। ਗੁਰੂ ਜੀ ਨੇ ਆਖਿਆ, ਭਾਈ ਸਿੱਖਾ! ਦੇਵੀ ਨਾਮ ਈਸ਼ਵਰ ਦੀ ਸ਼ਕਤੀ ਤੇ ਕੁਦਰਤ ਦਾ ਹੈ, ਜੋ ਸਾਰੇ ਵਯਾਪਕ ਹੈ। ਜੜ-ਵਸਤੂ ਦੇ ਮੰਨਣ ਪੂਜਨ ਦਾ ਕੋਈ ਲਾਭ ਨਹੀਂ। ਤੁਸੀਂ ਪਰਮੇਸਰ ਦੀ ਉਪਾਸਨਾ ਕੀਤਾ ਕਰੋ। ਜਿਸ ਦੇ ਆਸਰੇ ਅਨੰਤ ਸ਼ਕਤੀਆਂ ਹਨ। ਭਾਗੀਰਥ ਗੁਰਮੰਤ੍ਰ ਉਪਦੇਸ਼ ਲੈ ਕੇ ਗੁਰੂ ਦਾ ਸਿਦਕੀ ਸਿੱਖ ਹੋਇਆ।

ਭਾਈ ਭਾਗੀਰਥ ਜੀ ਦਾ ਪਿੰਡ ਮਲਸੀਹਾਂ ਸੀ। ਭਾਈ ਜੀ ਰੋਜ਼ਾਨਾ ਗੁਰੂ ਜੀ ਨੂੰ ਇਸ਼ਨਾਨ ਤੋਂ ਪਹਿਲਾਂ ਦਾਤਣ ਦੀ ਸੇਵਾ ਕਰਦੇ ਫਿਰ ਜਦੋਂ ਗੁਰੂ ਸਾਹਿਬ ਜੀ ਇਸ਼ਨਾਨ ਕਰਨ ਵੇਈਂ ਦਰਿਆ ਵਿਚ ਪ੍ਰਵੇਸ਼ ਕਰਦੇ ਤਾਂ ਗੁਰੂ ਸਾਹਿਬ ਜੀ ਦੇ ਕੱਪੜੇ ਫੜ ਕੇ ਕਿਨਾਰੇ ਖਲੋਤੇ ਰਹਿੰਦੇ। ਜਦੋਂ ਗੁਰੂ ਜੀ ਆਉਂਦੇ ਫਿਰ ਬਸਤਰ ਹਾਜ਼ਰ ਕਰਦੇ।

'ਮਿਹਰਬਾਨ ਵਾਲੀ ਜਨਮਸਾਖੀ' ਵਿਚ ਜਿਸ ਖਿਦਮਤਗਾਰ ਦਾ ਜ਼ਿਕਰ ਆਉਂਦਾ ਹੈ ਕਿ ਉਹ ਰੋਜ਼ਾਨਾ ਗੁਰੂ ਜੀ ਦੇ ਬਸਤਰ ਲੈ ਕੇ ਖਲੋਤਾ ਰਹਿੰਦਾ। ਉਹ ਜਦੋਂ ਇਸ਼ਨਾਨ ਕਰ ਕੇ ਆਉਂਦੇ ਤਾਂ ਪਹਿਨਣ ਲਈ ਹਾਜ਼ਰ ਕਰਦਾ। ਉਹ ਖ਼ਿਦਮਤਗਾਰ ਭਾਈ ਭਾਗੀਰਥ ਜੀ ਸਨ ਜਿਨ੍ਹਾਂ ਘਾਲ ਸੇਵਾ ਕੀਤੀ ਸੀ। ਭਾਈ ਭਾਗੀਰਥ ਨਾਮ-ਧ੍ਰੀਕ ਸਿੱਖ ਹੋਇਆ। ਉਸਦੇ ਸਾਥੀ ਭੀ ਸਿੱਖ ਹੋਏ। ਫਿਰ ਤਾਂ ਦੇਸ਼ ਵਿਚ ਧੁੰਮ ਪੈ ਗਈ। ਇਸੇ ਤਰ੍ਹਾਂ ਭਾਈ ਸਧਾਰਨ ਜੀ ਜਿਨ੍ਹਾਂ ਦਾ ਪਿੰਡ ਮਹਿਤਪੁਰ ਸੀ ਜੋ ਸੁਲਤਾਨਪੁਰ ਤੋਂ ੧੩ ਕਿਲੋਮੀਟਰ ਦੂਰ ਸੀ। ਉਹ ਰੋਜ਼ਾਨਾ ਅੰਮ੍ਰਿਤ ਵੇਲੇ ਦਾਤਣ ਤੇ ਇਸ਼ਨਾਨ ਕਰਾਉਣ ਦੀ ਸੇਵਾ ਕਰਦਾ ਰਿਹਾ ਸੀ। ਇਸ ਸੇਵਾ ਕਰਨ ਵਿਚ ਸੰਦੇਹ ਕਰਨਾ ਵਾਜਿਬ ਨਹੀਂ ਹੈ। ਜੇਕਰ ਬਾਬ ਲੰਗਾਹ ਜੀ ਰੋਜ਼ਾਨਾ ਅੰਮ੍ਰਿਤ ਵੇਲੇ ਦਹੀਂ ਦੀ ਮਟਕੀ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਇਸ਼ਨਾਨ ਕਰਾਉਣ ਲਈ 'ਗੁਰੂ ਕੇ ਮਹਿਲ' ਸ੍ਰੀ ਅੰਮ੍ਰਿਤਸਰ ਪੁੱਜ ਸਕਦੇ ਸਨ ਤੇ

ਉਸ ਸਿਦਕੀ ਸਿੱਖ ਨੇ ਆਪਣੀ ਸਾਰੀ ਉਮਰ ਇਹ ਸੇਵਾ ਨਿਭਾਈ, ਜਦਕਿ ਝਬਾਲ ਤੋਂ ਸ੍ਰੀ ਅੰਮ੍ਰਿਤਸਰ ੨੧ ਕਿਲੋਮੀਟਰ ਹੈ। ਸੋ ਭਾਈ ਭਾਗੀਰਥ ਜੀ ਵੀ ਬਾਬਾ ਲੰਗਾਹ ਜੀ ਵਾਂਗ ਸਿਦਕੀ ਤੇ ਗੁਰੂ ਪਿਆਰ ਵਿਚ ਲਗਨ ਲਿਵਲੀਨ ਸਿੱਖ ਸਨ।

ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ ਨੰਬਰ ੯੫ ਉੱਤੇ ਲਿਖਦੇ ਹਨ ਕਿ ਜਦੋਂ ਨਵਾਬ ਦੌਲਤ ਖਾਂ ਅਤੇ ਕਾਜੀ ਨੂੰ ਨਮਾਜ਼ ਅਦਾ ਕਰਨ ਤੋਂ ਬਾਅਦ ਗੁਰੂ ਜੀ ਨੇ ਦੱਸ ਦਿੱਤਾ ਕਿ ਤੁਸੀਂ ਦੋਵੇਂ ਹੀ ਇੱਥੇ ਨਹੀਂ ਸੀ। ਨਵਾਬ ਤਾਂ ਕਾਬਲ ਵਿਚ ਘੋੜਿਆਂ ਦੀ ਖਰੀਦ ਕਰ ਰਿਹਾ ਸੀ ਤੇ ਕਾਜੀ ਨੂੰ ਕਿਹਾ ਕਿ ਤੇਰੀ ਘੋੜੀ ਸੂਈ ਹੈ ਤੇਰਾ ਧਿਆਨ ਵਛੇਰੇ ਵੱਲ ਸੀ ਕਿ ਕਿਤੇ ਵਛੇਰਾ ਵਿਹੜੇ ਵਿਚ ਪੁੱਟੇ ਟੋਏ ਵਿਚ ਨਾ ਡਿੱਗ ਪਏ। ਸੱਚ ਸੁਣ ਕੇ ਨਵਾਬ ਅਤੇ ਕਾਜ਼ੀ ਦੋਵੇਂ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਏ। ਬਾਬਾ ਜੀ ਨੂੰ ਪਹੁੰਚਿਆ ਹੋਇਆ ਸਮਝ ਕੇ ਦੋਵੇਂ ਉਨ੍ਹਾਂ ਦੇ ਸ਼ਰਧਾਲੂ ਬਣ ਗਏ।

ਭਾਈ ਗੁਰਦਾਸ ਜੀ ਨਵਾਬ ਦੌਲਤ ਖਾਂ ਦੇ ਪ੍ਰਥਾਇ ਲਿਖਦੇ ਹਨ:

*ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ।*

ਇਸ ਤਰ੍ਹਾਂ ਨਵਾਬ ਦੌਲਤ ਖਾਂ ਗੁਰੂ ਜੀ ਦਾ ਨਾਮ-ਧ੍ਰੀਕ ਸਿੱਖ ਹੋਇਆ। ਜਦੋਂ ਗੁਰੂ ਜੀ ਦੇ ਚਰਨੀਂ ਨਵਾਬ ਆ ਲੱਗਾ ਤਾਂ ਗੁਰੂ ਜੀ ਦੀ ਕੀਰਤੀ ਦੂਰ-ਦੂਰ ਤਕ ਫ਼ੈਲ ਗਈ। ਦਰਸ਼ਨ ਕਰਨ ਵਾਲਿਆਂ ਦੀਆਂ ਭੀੜਾਂ ਲੱਗ ਗਈਆਂ ਹਨ।

ਇਕ ਗੁੱਜਰ ਨਾਮ ਦਾ ਲੁਹਾਰ ਸੀ ਜੋ ਫਤਿਆਬਾਦ ਦਾ ਰਹਿਣ ਵਾਲਾ ਸੀ। ਇਕ ਦਿਨ ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਅਸੀਂ ਕੁਟੰਬ ਦੇ ਕੰਮਾਂ ਵਿਚ ਤਤਪਰ ਰਹਿੰਦੇ ਹਾਂ, ਕੁਛ ਧਰਮ ਪੁੰਨ ਨਹੀਂ ਹੁੰਦਾ, ਜੀ ਸਾਡਾ ਕਿਵੇਂ ਭਲਾ ਹੋਵੇਗਾ? ਗੁਰੂ ਜੀ ਨੇ ਬਚਨ ਕੀਤਾ, ਗਰੀਬ ਦਾ ਕੰਮ ਧਨੀ ਤੋਂ ਪਹਿਲਾਂ ਕੀਤਾ ਕਰ, ਸਤਿਨਾਮੁ ਦਾ ਜਾਪ ਕਰ, ਧਰਮ ਦੀ ਕਿਰਤ ਕਰ, ਵੰਡ ਛਕ, ਤੇਰਾ ਭਲਾ ਹੋਵੇਗਾ! ਉਸ ਨੇ ਗੁਰੂ ਜੀ ਦੇ ਬਚਨ ਮੰਨੇ। ਇਕ ਦਿਨ ਇਕ ਕੈਦੀ ਗੁੱਜਰ ਲੁਹਾਰ ਦੇ ਘਰ ਆ ਗਿਆ। ਉਸ ਨੇ ਭਾਈ ਗੁੱਜਰ ਅੱਗੇ ਗੁਰੂ ਜੀ ਦਾ ਨਾਮ ਲੈ ਕੇ ਵਾਸਤਾ ਪਾਇਆ। ਭਾਈ ਗੁੱਜਰ ਨੇ ਕੈਦੀ ਦੀ ਬੇੜੀ ਕੱਟ ਦਿੱਤੀ ਤੇ ਉਸ ਦੀ ਖਲਾਸੀ ਕੀਤੀ।

ਇਸੇ ਤਰ੍ਹਾਂ ਭਾਈ ਗੁੱਜਰ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਰਿਹਾ ਫਿਰ ਉਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਿਹਾ, ਫਿਰ ਉਹ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਿਆ। ਬਾਉਲੀ ਸਾਹਿਬ ਦੀ ਸੇਵਾ ਸਮੇਂ ਉਸ ਨੇ ਲੋਹੇ ਦੀ ਪੌੜੀ ਤਿਆਰ ਕੀਤੀ ਸੀ।

ਇਸੇ ਤਰ੍ਹਾਂ ਧਿੰਗਾ ਨਾਮ ਦਾ ਨਾਈ ਗੁਰੂ ਜੀ ਦਾ ਸਿੱਖ ਹੋਇਆ ਸੀ ਜੋ ਕਿ ਨੌਰੰਗਾਬਾਦ ਦਾ ਰਹਿਣ ਵਾਲਾ ਸੀ। ਇਹ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਰਿਹਾ, ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਹਜ਼ੂਰੀ ਸਿੱਖ ਹੋਇਆ।

*ਬਾਕੀ ਸਫ਼ਾ 86 'ਤੇ*

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਾਤਾਵਰਨ

*-ਐਡਵੋਕੇਟ ਸੁਖਬੀਰ ਸਿੰਘ ਪੰਨਵਾਂ**

ਅੱਜ ਦੇ ਮਨੁੱਖ ਨੇ ਹਵਾ-ਪਾਣੀ ਤੇ ਧਰਤੀ ਸਭ ਨੂੰ ਗੰਦਾ ਕਰ ਲਿਆ ਹੈ। ਮਾਇਆ ਦੀ ਦੌੜ ਨੇ ਇਨਸਾਨ ਨੂੰ ਅੰਨ੍ਹਾ ਕਰ ਦਿੱਤਾ ਹੈ। ਅੰਨ੍ਹੇਵਾਹ ਵੱਧਦਾ ਪ੍ਰਦੂਸ਼ਣ ਆਪਾ-ਮਾਰੂ ਸਿੱਧ ਹੋਵੇਗਾ। ਜੇਕਰ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਨਾ ਮੰਨਿਆ ਤਾਂ ਵੱਡੀ ਭੁੱਲ ਹੋਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ *ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ* ਦੇ ਮਹਾਂਵਾਕ ਅਨੁਸਾਰ ਇਨ੍ਹਾਂ ਦੀ ਕੀਮਤ ਤੋਂ ਜਾਣੂ ਕਰਵਾਇਆ ਹੈ। ਇਨ੍ਹਾਂ ਦੇ ਪਲੀਤ ਹੋਣ ਨਾਲ ਵਾਤਾਵਰਨ ਤਬਾਹ ਹੋ ਜਾਵੇਗਾ। ਵਾਤਾਵਰਨ ਸਿੱਧੇ ਰੂਪ ਵਿਚ ਸਾਡਾ ਆਲਾ-ਦੁਆਲਾ ਅਤੇ ਅਸਿੱਧੇ ਤੌਰ 'ਤੇ ਉਹ ਹਾਲਾਤ ਹਨ ਜਿਸ ਵਿਚ ਕੋਈ ਵਿਅਕਤੀ ਜਾਂ ਚੀਜ਼ ਹੋਂਦ ਰੱਖਦੇ ਹੋਏ ਵਧ-ਫੁੱਲ ਸਕਦੇ ਹਨ। ਭੌਤਿਕ ਵਾਤਾਵਰਨ ਵਿਚ ਧਰਤੀ, ਹਵਾ ਅਤੇ ਪਾਣੀ ਆਦਿ ਸ਼ਾਮਲ ਹਨ ਅਤੇ ਜੈਵਿਕ ਵਾਤਾਵਰਨ ਵਿਚ ਬੂਟੇ, ਬਨਸਪਤੀ, ਜਾਨਵਰ, ਮਨੁੱਖ ਅਤੇ ਸੂਖਮ-ਜੀਵ ਸ਼ਾਮਲ ਹੁੰਦੇ ਹਨ।

ਸਾਡੇ ਆਲੇ-ਦੁਆਲੇ ਚੌਗਿਰਦੇ ਵਿਚ ਪੁਰਾਤਨ ਸਮੇਂ ਤੋਂ ਜੀਵ-ਨਿਰਜੀਵ, ਬਨਸਪਤੀ, ਪ੍ਰਾਣੀ ਜਗਤ ਵਿਚ ਪ੍ਰਸਪਰ ਸੰਤੁਲਨ ਬਣਿਆ ਹੋਇਆ ਹੈ। ਅੱਜ ਤਰੱਕੀ ਦੀ ਹੋੜ ਵਿਚ ਪ੍ਰਾਣੀ ਜਗਤ ਨੇ ਇਸ ਸੰਤੁਲਨ ਨੂੰ ਵਿਗਾੜ ਲਿਆ ਹੈ। ਲਗਾਤਾਰ ਆ ਰਹੀਆਂ ਵਾਤਾਵਰਨਿਕ ਤਬਦੀਲੀਆਂ, ਹਵਾ ਦਾ ਵਿਸ਼ੈਲਾ ਹੋਣਾ, ਪਾਣੀ ਦਾ ਦੂਸ਼ਿਤ ਹੋਣਾ, ਭੌਂਅ-ਖੋਰ, ਸ਼ੋਰ-ਪ੍ਰਦੂਸ਼ਣ ਆਦਿ ਨੇ ਆਮ ਜਨ-ਜੀਵਨ ਨੂੰ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਇਸ ਤੋਂ ਵੀ ਅੱਗੇ ਤਾਪ, ਬਿਜਲਈ ਤੇ ਚੁੰਬਕੀ ਪ੍ਰਦੂਸ਼ਣ ਜੋ ਥੋੜ੍ਹੇ ਸਮੇਂ ਤੋਂ ਹੀ ਸਾਡੇ ਚੌਗਿਰਦੇ ਵਿਚ ਸ਼ਾਮਲ ਹੋਏ ਹਨ। ਵਾਤਾਵਰਨ ਪ੍ਰਦੂਸ਼ਣ ਨੇ ਕੁਦਰਤੀ ਸਾਧਨਾਂ ਨੂੰ ਖਤਮ ਜਾਂ ਤਬਾਹ ਕਰਨ ਵਿਚ ਅੰਤਲਾ-ਪੜਾਅ ਲਿਆ ਖੜਾ ਕੀਤਾ ਹੈ। ਵਾਤਾਵਰਨ ਨੂੰ ਸੰਭਾਲਣ ਲਈ ਬਹੁਤ ਕਾਨੂੰਨ ਬਣੇ ਤੇ ਸਮੇਂ ਦੀ ਲੋੜ ਨੂੰ ਸਨਮੁਖ ਰੱਖ ਇਨ੍ਹਾਂ ਵਿਚ ਸੋਧ ਵੀ ਹੁੰਦੀ ਰਹੀ ਹੈ। ਸਮੇਂ-ਸਮੇਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ; ਜਿਵੇਂ ਕਿ ਪੰਜਾਬ ਵਿਚ ਅਗੇਤੇ ਝੋਨੇ ਦੀ ਬਿਜਾਈ ਦੇ ਸਮੇਂ ਨੂੰ ਪਿੱਛੇ ਲਿਜਾਣਾ, ਰਹਿੰਦ-ਖੂੰਹਦ ਨੂੰ ਸਾੜਨ 'ਤੇ ਪਾਬੰਦੀ ਲਗਾਉਣਾ ਤਾਂ ਜੋ ਉਨ੍ਹਾਂ ਤੋਂ ਪੈਦਾ ਹੁੰਦੀਆਂ ਹਾਨੀਕਾਰਕ ਗੈਸਾਂ ਤੋਂ ਬਚਿਆ ਜਾ ਸਕੇ, ਪਰ ਕਾਨੂੰਨ ਬਹੁਤ ਪੁਰਾਣੇ ਹੋਣ ਦੇ ਬਾਵਜੂਦ ਵੀ ਵਾਤਾਵਰਨ ਪ੍ਰਦੂਸ਼ਣ 'ਤੇ ਰੋਕ ਲੱਗਦੀ ਨਹੀਂ ਦਿਸੀ ਤੇ ਨਾ ਹੀ ਇਹ ਨਿਯੰਤਰਣ ਹੁੰਦਾ ਦਿਖਾਈ ਦੇ ਰਿਹਾ ਹੈ। ਕਾਨੂੰਨ ਸਾਨੂੰ ਕੋਈ ਅਪਰਾਧ ਕੀਤੇ ਜਾਣ ਤੋਂ ਪਹਿਲਾਂ ਸਜ਼ਾ ਨਹੀਂ ਦੇ ਸਕਦਾ ਅਤੇ ਜਦੋਂ ਤਕ ਅਸੀਂ ਵਾਤਾਵਰਨ ਪ੍ਰਦੂਸ਼ਿਤ

**ਜਨਰਲ ਅਟਰਨੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੯੧੪੦-੦੨੦੬੦*

ਕਰਨ ਵਾਲੇ ਸਮਾਜ ਵਿਰੋਧੀ ਤੱਤਾਂ ਨੂੰ ਸਜ਼ਾ ਨਹੀਂ ਦੇਵਾਂਗੇ ਉਦੋਂ ਤਕ ਹੋਏ ਨੁਕਸਾਨ ਦੀ ਭਰਪਾਈ ਕਰਨਾ ਅਸੰਭਵ ਹੈ।

ਗੁਰੂ ਸਾਹਿਬ ਜੀ ਦੇ ਅਨੁਸਾਰ ਅਰੂਪ (ਨਿਰੰਕਾਰ) ਰੂਪਮਾਨ ਹੋਇਆ ਅਤੇ ਉਸ ਨੇ ਸਾਰੀ ਕਾਇਨਾਤ ਵਿਚ ਰਹਿ ਕੇ ਇਸ ਨੂੰ ਚਲਾਉਣਾ ਕੀਤਾ। ਰੱਬ ਦੀ ਹੋਂਦ ਕੁਦਰਤ ਰਾਹੀਂ ਹੀ ਸ਼ਾਹਦੀ ਰੂਪ ਹੈ। ਅਕਾਲ ਪੁਰਖ ਦਾਤਾਰ ਹੈ। ਜਿਸ ਦੀ ਸਾਰੀ ਦੀ ਸਾਰੀ ਦਾਤ ਕੁਦਰਤ ਦੇ ਰੂਪ ਵਿਚ ਸਾਨੂੰ ਮਿਲੀ ਹੈ। ਦਾਤਾਰ ਸੱਚ ਹੈ। ਕੁਦਰਤ ਉਸ ਸੱਚ ਦੀ ਸ਼ਨਾਖ਼ਤ ਹੈ। 'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਕੁਦਰਤ ਦੇ ਅਰਥ 'ਤਾਕਤ' ਜਾਂ 'ਸ਼ਕਤੀ' ਕੀਤੇ ਗਏ ਹਨ। ਕੁਦਰਤ ਦੀ ਉਪਜ ਕਾਦਰ ਦੁਆਰਾ ਹੋਈ ਹੈ। ਸੱਚੇ ਦਾਤਾਰ ਨੇ ਪਹਿਲਾਂ ਪਵਣ ਪੈਦਾ ਕੀਤੀ ਫਿਰ ਪਵਣ ਤੋਂ ਪਾਣੀ ਅਤੇ ਪਾਣੀ ਤੋਂ ਤਿੰਨ ਭਵਨਾਂ (ਧਰਤੀ, ਆਕਾਸ਼ ਤੇ ਪਾਤਾਲ) ਦੀ ਰਚਨਾ ਕੀਤੀ ਅਤੇ ਆਪ ਕਾਇਨਾਤ ਵਿਚ ਵਿਦਮਾਨ ਹੋ ਗਿਆ :

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯)*

ਜਦੋਂ ਅਸੀਂ ਉਸ ਦੀ ਸਾਜੀ ਕੁਦਰਤ ਨੂੰ ਸਮਝ ਕੇ ਮੰਨ ਲੈਂਦੇ ਹਾਂ ਤਾਂ ਮੰਨਣ ਵਾਲੇ ਨੂੰ ਉਸ ਦੇ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਭਾਵ ਸੰਸਾਰਕ ਖੇਤਰਾਂ ਦੀ ਵੀ ਸੋਝੀ ਹੋ ਜਾਂਦੀ ਹੈ। ਸੰਸਾਰਕ ਪੱਧਰ 'ਤੇ ਉਚੇਰਾ ਜੀਵਨ ਜੀਊਣ ਲਈ ਆਲੇ-ਦੁਆਲੇ ਦੀ ਸੋਝੀ ਹੋਣਾ ਬਹੁਤ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਉਲੇਖ ਕਰਦੇ ਹਨ :

*ਮੰਨੈ ਸਗਲ ਭਵਣ ਕੀ ਸੁਧਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩)*

ਅਜਿਹੀ ਸੋਝੀ ਹੋਣ ਨਾਲ ਹੀ ਅਸੀਂ ਆਪਣੇ ਆਪ ਅਤੇ ਵਾਤਾਵਰਨ ਦੀ ਸੰਭਾਲ ਸਹੀ ਅਰਥਾਂ ਵਿਚ ਕਰ ਸਕਦੇ ਹਾਂ। ਮਨੁੱਖ ਨੂੰ ਕੁਦਰਤੀ ਨਜ਼ਾਰਿਆਂ ਤੇ ਉਸ ਦੀਆਂ ਨਿਆਮਤਾਂ, ਬਰਕਤਾਂ ਸਮਝ ਆਉਣ ਉਪਰੰਤ ਆਨੰਦਮਈ ਜੀਵਨ ਦਾ ਅਹਿਸਾਸ ਹੁੰਦਾ ਹੈ। ਕੁਦਰਤ ਦੀ ਇਸ ਖ਼ੂਬਸੂਰਤੀ ਵਿਚ ਗੁਆਚਣਾ, ਆਪਾ ਭਾਵ ਖ਼ਤਮ ਕਰ ਕੇ ਇਸ ਵਿਸਮਾਦੀ ਅਨੁਭਵ ਨੂੰ ਮਾਨਣਾ ਹੀ ਕਰਤਾ ਨਾਲ ਅਸਲ ਮਿਲਾਪ ਦਾ ਵਸੀਲਾ ਹੈ। ਉਸ ਦੀਆਂ ਹੈਰਾਨ ਕਰ ਦੇਣ ਵਾਲੀਆਂ ਵਿਲੱਖਣ ਕਿਰਤਾਂ ਨੂੰ ਪਿਆਰਨਾ ਤੇ ਦੁਲਾਰਨਾ ਹੀ ਅਭੇਦਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਅੰਦਰ ਇਸ ਵਿਸਮਾਦੀ ਅਨੁਭਵ ਨੂੰ ਚਿਤਰਦੇ ਹੋਏ ਦੱਸਦੇ ਹਨ ਕਿ, ਕਿਵੇਂ ਹੈਰਾਨਗੀ ਦਾ ਰਸ ਪੈਦਾ ਹੁੰਦਾ ਹੈ? ਜਦੋਂ ਅਸੀਂ ਅਸਚਰਜ ਕੁਦਰਤ ਨੂੰ ਸਮਝ ਲੈਂਦੇ ਹਾਂ। ਕੁਦਰਤ ਦੇ ਬੇਅੰਤ ਰੰਗ ਹੈਰਾਨਗੀ ਪੈਦਾ ਕਰਦੇ ਹਨ। ਅਦਭੁਤ ਨਜ਼ਾਰੇ ਮਹਿਸੂਸ ਹੁੰਦੇ ਹਨ ਜਦੋਂ ਮੈਂ ਕਈ ਨਾਦ, ਕੰਨਾਂ ਨੂੰ ਮਿਠਾਸ ਦੇਣ ਵਾਲੀਆਂ ਅਵਾਜ਼ਾਂ ਸੁਣਦਾ ਹਾਂ, ਜੀਵਾਂ ਦੇ ਕਈ ਰੂਪ, ਪਦਾਰਥਾਂ ਦੇ ਰੂਪ ਤੇ ਰੰਗ ਦੇਖਦਾ ਹਾਂ ਤਾਂ ਵਿਸਮਾਦ ਵਾਲੀ ਅਵਸਥਾ ਬਣਦੀ ਹੈ। ਕਈ ਜੀਵ ਨੰਗੇ ਹੀ ਫਿਰਦੇ ਰਹਿੰਦੇ ਹਨ,

ਕਿਤੇ ਪਉਣ ਹੈ, ਪਾਣੀ ਹੈ, ਕਿਤੇ ਅਗਨੀਆਂ ਅਚਰਜ ਖੇਡਾਂ ਖੇਡ ਰਹੀਆਂ ਹਨ। ਧਰਤੀ 'ਤੇ ਧਰਤੀ ਦੇ ਪੈਦਾ ਹੋਏ ਜੀਵਾਂ ਦੀ ਉਤਪਤੀ ਦੀਆਂ ਚਾਰ ਖਾਣੀਆਂ, ਇਹ ਸਭ ਦੇਖ ਅਸਚਰਜ ਤੇ ਅਦਭੁਤ ਅਹਿਸਾਸ ਹੁੰਦਾ ਹੈ। ਕਿਤੇ ਜੀਵਾਂ ਦਾ ਮੇਲ ਤੇ ਕਿਤੇ ਵਿਛੋੜਾ ਹੁੰਦਾ ਹੈ। ਕਿਤੇ ਮਾਲਕ ਦੇ ਗੁਣਾਂ ਦੀ ਸਿਫ਼ਤ ਹੋ ਰਹੀ ਹੈ, ਕਿਤੇ ਔਜੜ ਅਤੇ ਕਿਤੇ ਰਸਤੇ ਹਨ। ਇਸ ਸਭ ਨੂੰ ਦੇਖ ਮਨ ਹੈਰਾਨ ਹੁੰਦਾ ਹੈ। ਕੋਈ ਕਹਿੰਦਾ ਹੈ ਰੱਬ ਨੇੜੇ ਹੈ ਤੇ ਕੋਈ ਕਹਿੰਦਾ ਦੂਰ ਹੈ, ਪਰ ਉਹ ਸਭ ਥਾਂ ਵਿਆਪਕ ਹੋ ਕੇ ਸਭਨਾ ਦੀ ਸੰਭਾਲ ਕਰ ਰਿਹਾ ਹੈ। ਇਸ ਕੌਤਕ ਨੂੰ ਦੇਖ ਕੇ ਝਰਨਾਹਟਾਂ ਪੈਦਾ ਹੋ ਰਹੀਆਂ ਹਨ। ਹੇ ਨਾਨਕ! ਇਸ ਇਲਾਹੀ ਵਰਤਾਰੇ ਨੂੰ ਵੱਡੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ:

*ਵਿਸਮਾਦੁ ਨਾਦ ਵਿਸਮਾਦੁ ਵੇਦ॥ਵਿਸਮਾਦੁ ਜੀਅ ਵਿਸਮਾਦੁ ਭੇਦ॥*
*ਵਿਸਮਾਦੁ ਰੂਪ ਵਿਸਮਾਦੁ ਰੰਗ॥ਵਿਸਮਾਦੁ ਨਾਗੇ ਫਿਰਹਿ ਜੰਤ॥*
*ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ਵਿਸਮਾਦੁ ਅਗਨੀ ਖੇਡਹਿ ਵਿਡਾਣੀ॥*
*ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ਵਿਸਮਾਦੁ ਸਾਦਿ ਲਗਹਿ ਪਰਾਣੀ॥*
*ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ਵਿਸਮਾਦੁ ਭੁਖ ਵਿਸਮਾਦੁ ਭੋਗੁ॥*
*ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ਵਿਸਮਾਦੁ ਉਝੜ ਵਿਸਮਾਦੁ ਰਾਹ॥*
*ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ਵਿਸਮਾਦੁ ਦੇਖੈ ਹਾਜਰਾ ਹਜੂਰਿ॥*
*ਵੇਖਿ ਵਿਡਾਣੁ ਰਹਿਆ ਵਿਸਮਾਦੁ॥ਨਾਨਕ ਬੁਝਣੁ ਪੂਰੈ ਭਾਗਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)*

ਇਸ ਵਿਸਮਾਦੀ ਅਵਸਥਾ ਨੂੰ ਸਮਝਣਾ, ਪਾਉਣਾ ਤੇ ਮਹਿਸੂਸਣਾ ਆਪਣੇ ਆਪ ਵਿਚ ਕੁਦਰਤ ਨੂੰ ਗਲਵਕੜੀ ਪਾ ਅਨੰਦਿਤ ਹੋਣਾ ਹੈ। ਇਹ ਅਨੰਦ ਚਿਰ ਸਥਾਈ ਹੈ। ਜੋ ਅਕਾਲ ਪੁਰਖ ਦੇ ਸਰਗੁਣ ਸਰੂਪ ਨੂੰ ਸਮਝਣ ਦਾ ਅਸਲੀ ਵਸੀਲਾ ਹੈ। ਇਹ ਕੁਦਰਤ ਅਕਾਲ ਪੁਰਖ ਦਾ ਪ੍ਰਗਟਾਅ ਹੈ ਤੇ ਇਸ ਪ੍ਰਗਟਾਅ ਨੂੰ ਪਿਆਰਨਾ, ਸਤਿਕਾਰਨਾ, ਅਧਿਆਤਮਵਾਦ ਦਾ ਮੁੱਢਲਾ ਅਸੂਲ ਹੈ। ਜਦੋਂ ਅਸੀਂ ਕਾਦਰ ਦੀ ਕੁਦਰਤ ਨੂੰ ਸਹੀ ਅਰਥਾਂ ਵਿਚ ਸਮਝ ਲੈਂਦੇ ਹਾਂ ਤਾਂ ਉਸ ਪ੍ਰਤੀ ਬਣਦੇ ਫ਼ਰਜ਼ਾਂ ਨੂੰ ਪੂਰਾ ਕਰਦੇ ਹਾਂ। ਜਗਿਆਸੂ ਦੀ ਅਵਸਥਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਇੰਝ ਬਿਆਨ ਕਰਦੇ ਹਨ ਕਿ ਉਸ ਨੂੰ ਆਲਾ-ਦੁਆਲਾ ਸੱਚ ਸਰੂਪ ਲੱਗਣ ਲੱਗ ਜਾਂਦਾ ਹੈ। ਸ੍ਰਿਸ਼ਟੀ ਦਾ ਆਕਾਰ ਪਿਆਰਾ ਲੱਗਦਾ ਹੈ। ਢੂੰਢਾਊ ਇਸ ਨੂੰ ਸੰਵਾਰਦਾ ਤੇ ਨਿਹਾਰਦਾ ਹੋਇਆ ਇੰਝ ਅਨੁਭਵ ਕਰਦਾ ਹੈ- ਹੇ ਸੱਚੇ ਪਾਤਸ਼ਾਹ! ਤੇਰੇ ਕੀਤੇ ਹੋਏ ਖੰਡ-ਬ੍ਰਹਿਮੰਡ ਸੱਚੇ ਹਨ, ਅਟੱਲ ਹਨ। ਇਹ ਸਿਰਜੇ ਹੋਏ ਲੋਕ ਅਤੇ ਆਕਾਰ ਵੀ ਸੱਚੇ ਹਨ। ਤੇਰੇ ਕੀਤੇ ਕੰਮ ਅਤੇ ਵਿਚਾਰਾਂ ਸੱਚੀਆਂ ਤੇ ਸਦਾਥਿਰ ਹਨ। ਹੇ ਪਾਤਸ਼ਾਹ! ਤੇਰੀ ਪਾਤਸ਼ਾਹੀ ਤੇਰੇ ਦਰਬਾਰ ਸੱਚੇ ਹਨ, ਤੇਰੀਆਂ ਬਖ਼ਸ਼ਿਸ਼ਾਂ, ਪਦਾਰਥ ਜੋ ਜੀਵਾਂ ਨੂੰ ਦੇ ਰਹੇ ਹੋ ਸੱਚੇ ਹਨ। ਲੱਖਾਂ-ਕਰੋੜਾਂ ਜੀਵ ਜੋ ਤੈਨੂੰ ਸਿਮਰਦੇ ਉਹ ਸੱਚੇ ਹਨ। ਤੇਰੀ ਸਿਫ਼ਤ-ਸਾਲਾਹ ਕਰਨੀ

ਇੱਕ ਅਟੱਲ ਸਿਲਸਿਲਾ ਹੈ। ਇਹ ਸਾਰੀ ਕੁਦਰਤ ਤੇਰਾ ਨਾ ਮੁੱਕਣ ਵਾਲਾ ਪ੍ਰਬੰਧ ਹੈ। ਹੇ ਨਾਨਕ! ਜੋ ਜੀਵ ਤੈਨੂੰ ਅਬਿਨਾਸ਼ੀ ਪ੍ਰਭੂ ਨੂੰ ਸਿਮਰਦੇ ਹਨ ਉਹ ਤੇਰਾ ਰੂਪ ਹਨ। 'ਆਸਾ ਕੀ ਵਾਰ' ਅੰਦਰ ਆਪ ਜੀ ਦਾ ਫ਼ੁਰਮਾਨ ਹੈ:

*ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥*
*ਸਚੇ ਤੇਰੇ ਕਰਣੇ ਸਰਬ ਬੀਚਾਰ॥ ਸਚਾ ਤੇਰਾ ਅਮਰੁ ਸਚਾ ਦੀਬਾਣੁ॥*
*ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ ਸਚਾ ਤੇਰਾ ਕਰਮੁ ਸਚਾ ਨੀਸਾਣੁ॥*
*ਸਚੇ ਤੁਧੁ ਆਖਹਿ ਲਖ ਕਰੋੜਿ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ॥*
*ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥*
*ਨਾਨਕ ਸਚੁ ਧਿਆਇਨਿ ਸਚੁ॥ ਜੋ ਮਰਿ ਜੰਮੇ ਸੁ ਕਚੁ ਨਿਕਚੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)*

ਜਦੋਂ ਪ੍ਰਾਣੀ ਮਾਤਰ ਅਕਾਲ ਪੁਰਖ ਦੀ ਮਨਮੋਹਕ ਰਚਨਾ ਭਾਵ ਕੁਦਰਤ ਨੂੰ ਪਿਆਰ ਕਰਨ ਲੱਗ ਜਾਂਦਾ ਹੈ ਤਾਂ ਉਸ ਨੂੰ ਸਾਰੇ ਪਾਸੇ ਕੁਦਰਤ ਦਾ ਮਿੱਠਾ ਰੂਪ ਸਕੂਨ ਤੇ ਅਨੰਦ ਦਿੰਦਾ ਹੈ। ਉਹ ਉਸ ਦੇ ਸਰਗੁਣ ਸਰੂਪ ਨੂੰ ਮਾਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਜੋ ਕੁਝ ਦਿਸ ਰਿਹਾ ਹੈ ਉਹ ਸਭ ਅਕਾਲ ਪੁਰਖ ਦੀ ਹੀ ਕਲਾ ਹੈ। ਆਕਾਸ਼ ਤੇ ਪਾਤਾਲ ਦ੍ਰਿਸ਼ਟਮਾਨ ਸਰੂਪ ਹੀ ਸੁਖਾਂ ਦਾ ਮੂਲ ਹੈ, ਅਦੁੱਤੀ ਕੁਦਰਤ ਹੈ। ਵੇਦ, ਪੁਰਾਣ, ਕਤੇਬਾਂ, ਜੀਵਾਂ ਦਾ ਖਾਣ-ਪੀਣ, ਪੈਨ੍ਹਣ, ਸਾਰਾ ਜਗਤ ਪਾਸਾਰਾ, ਵਿਹਾਰ ਤੇਰੀ ਹੀ ਕੁਦਰਤ ਹੈ। ਜਾਤਾਂ, ਜਿਣਸਾਂ, ਰੰਗਾਂ ਅਤੇ ਜਗਤ ਜੀਵਾਂ ਵਿਚ ਤੇਰੀ ਹੀ ਕੁਦਰਤ ਵਰਤ ਰਹੀ ਹੈ। ਕਿਤੇ ਭਲਾਈ ਤੇ ਕਿਤੇ ਵਿਕਾਰ ਹਨ, ਇਹ ਤੇਰਾ ਅਚਰਜ ਕੌਤਕ ਹੈ। ਪਉਣ, ਪਾਣੀ, ਅਗਨੀ, ਧਰਤੀ ਦੀ ਖਾਕ ਆਦਿ ਤੱਤ ਤੇਰਾ ਹੀ ਤਮਾਸ਼ਾ ਹਨ। ਤੇਰੀ ਸਭ ਕਲਾ ਵਰਤ ਰਹੀ ਹੈ, ਕੁਦਰਤ ਦਾ ਮਾਲਕ ਤੂੰ ਆਪ ਹੀ ਹੈਂ। ਹੇ ਨਾਨਕ! ਇਸ ਸਾਰੀ ਕੁਦਰਤ ਨੂੰ ਆਪਣੇ ਹੁਕਮ ਵਿਚ ਰੱਖ ਕੇ ਸੰਭਾਲ ਕਰ ਰਿਹਾ ਹੈ। ਸਭ ਜੀਵ ਤੇਰੀ ਨਦਰ ਦੇ ਮੁਹਥਾਜ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥*
*ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥*
*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥*
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)*

ਅਜਿਹੀ ਅਵਸਥਾ ਨੂੰ ਮਹਿਸੂਸ ਕਰਨ ਵਾਲਾ ਹਮੇਸ਼ਾ ਉਸ ਦੇ ਭਾਣੇ ਅੰਦਰ ਕੁਦਰਤ ਨੂੰ ਪਿਆਰ ਕਰਦਾ, ਸੇਵਾ-ਸੰਭਾਲ ਕਰਦਾ ਹੈ। ਕੁਦਰਤ ਅੰਦਰ ਵੱਸੇ ਕਾਦਰ ਦੀ ਬੇਅੰਤਤਾ ਨੂੰ ਮਹਿਸੂਸ ਕਰਦਾ ਹੋਇਆ ਆਨੰਦਿਤ ਹੁੰਦਾ ਹੈ। ਜਿਹੜਾ ਪ੍ਰਾਣੀ ਇਸ ਪ੍ਰਕਿਰਿਆ ਨੂੰ ਸਮਝ ਲੈਂਦਾ ਹੈ ਤੇ ਕੁਦਰਤ ਦੀ ਸਾਂਭ-ਸੰਭਾਲ ਪ੍ਰਤੀ ਸੁਹਿਰਦ ਤੇ ਸੁਚੇਤ ਹੁੰਦਾ ਹੈ ਉਹ ਕਦੀ ਵੀ ਕੁਦਰਤ ਨਾਲ ਖਿਲਵਾੜ ਨਹੀਂ ਕਰਦਾ। ਉਹ ਕੁਦਰਤ ਦੀਆਂ ਸ਼ਾਂਤੀ-ਪੂਰਵਕ ਗਤੀਵਿਧੀਆਂ ਵਿਚ ਵਿਘਨ ਨਹੀਂ ਆਉਣ ਦਿੰਦਾ। ਉਹ ਵਿਅਕਤੀ ਕੁਦਰਤ ਤੋਂ ਬਲਿਹਾਰ ਜਾਂਦਾ ਹੈ ਅਤੇ ਦੂਜਿਆਂ ਨੂੰ ਵੀ ਕੁਦਰਤ ਦੀ ਸ਼ਾਂਤੀ ਨੂੰ ਬਣਾਈ ਰੱਖਣ ਲਈ ਪ੍ਰੇਰਦਾ ਹੋਇਆ ਅਨੰਦ ਚਿੱਤ ਰਹਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕੁਦਰਤ ਦੀ ਬੇਅੰਤਤਾ ਵਾਲੇ ਸਰੂਪ ਨੂੰ ਇੰਝ ਉਲੇਖ ਕਰਦੇ ਹਨ :

*ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੯)*

ਸਾਨੂੰ ਆਪਣਾ ਆਲਾ-ਦੁਆਲਾ ਇਸ ਪ੍ਰਕਾਰ ਸਿਰਜ ਲੈਣਾ ਚਾਹੀਦਾ ਹੈ ਕਿ ਸਾਡੀ ਸ਼ਖ਼ਸੀਅਤ ਵਾਤਾਵਰਨ-ਪ੍ਰੇਮੀ ਬਣੇ। ਸਾਡੇ ਪਰਵਾਰ, ਰਿਸ਼ਤੇਦਾਰ, ਦੋਸਤ-ਮਿੱਤਰ, ਜਾਣਕਾਰ ਸਾਡੇ ਤੋਂ ਕੁਦਰਤ ਨਾਲ ਮੋਹ-ਪਿਆਰ ਕਰਨ ਦੀ ਪ੍ਰੇਰਨਾ ਲੈ ਸਕਣ। ਗੁਰਬਾਣੀ ਅੰਦਰ ਇੱਕ ਸ਼ਖ਼ਸੀ ਸੱਭਿਆਚਾਰ ਦਿੱਤਾ ਗਿਆ ਹੈ, ਜਿਸ ਨਾਲ ਗੁਣਾਂ ਨੂੰ ਧਾਰਨ ਕਰ ਕੇ ਅਸੀਂ ਕੁਦਰਤ-ਪ੍ਰੇਮੀ ਬਣ ਸਕਦੇ ਹਾਂ। ਕੁਦਰਤ ਦੇ ਬਣਾਏ ਨਿਯਮਾਂ ਵਿਚ ਰਹਿ ਅਸੀਂ ਕਾਦਰ ਦੀ ਕਿਰਪਾ-ਦ੍ਰਿਸ਼ਟੀ ਦੇ ਪਾਤਰ ਬਣ ਸਕਦੇ ਹਾਂ। ਇੰਝ ਕਰਨ ਨਾਲ ਅਸੀਂ ਉਦਾਰਚਿੱਤ ਸ਼ਖ਼ਸੀਅਤ ਦੇ ਧਾਰਨੀ ਹੋ ਸਕਦੇ ਹਾਂ। ਕੁਦਰਤ ਪ੍ਰੇਮੀ ਦਾ ਜੀਵਨ ਠਹਿਰਾਅ ਵਾਲਾ ਹੋ ਨਿੱਬੜਦਾ ਹੈ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਸਹਿਜ-ਮਾਰਗ ਉੱਪਰ ਚੱਲ ਕੇ ਸਮਾਜ ਦਾ ਚੇਤੰਨ ਅੰਗ ਬਣ ਜਾਂਦਾ ਹੈ, ਜੋ ਸਮਾਜ ਦੀ ਭਲਾਈ ਖਾਤਰ ਆਪਾ ਵਾਰਨ ਲਈ ਵੀ ਤਤਪਰ ਰਹਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਪਰਉਪਕਾਰੀ ਜੀਵਨ ਜਿਊਣ ਦੀ ਹਦਾਇਤ ਕੀਤੀ ਹੈ। ਆਪਣੇ ਅੰਦਰ ਗੁਣ ਪੈਦਾ ਕਰਨੇ ਜ਼ਰੂਰੀ ਹਨ ਨਾ ਕਿ ਹੰਕਾਰੀ ਅਤੇ ਫੋਕੀ ਸ਼ਾਨ-ਓ-ਸ਼ੌਕਤ ਵਾਲਾ ਜੀਵਨ ਢੰਗ ਰੱਖਣਾ ਚਾਹੀਦਾ ਹੈ। ਗੁਣਾਂ ਭਰਪੂਰ ਸ਼ਖ਼ਸੀਅਤ ਹੀ ਨੈਤਿਕ ਫ਼ਰਜ਼ ਪਛਾਣਦੇ ਹੋਏ ਵਾਤਾਵਰਨ ਦੀ ਸੰਭਾਲ ਲਈ ਸੁਚੇਤ ਹੋਵੇਗੀ। ਲੋਕ ਚੰਗੇ ਪੜ੍ਹੇ-ਲਿਖੇ ਵਰਗ ਤੋਂ ਸਮਾਜ ਪ੍ਰਤੀ ਚੰਗੀ ਕਾਰਗੁਜ਼ਾਰੀ ਦੀ ਉਮੀਦ ਰੱਖਦੇ ਹਨ। ਸਗੋਂ ਚੇਤੰਨ ਲੋਕਾਂ ਨੇ ਬਾਕੀਆਂ ਨੂੰ ਜਾਗਰੂਕ ਕਰਨਾ ਹੁੰਦਾ ਹੈ ਅਤੇ ਕੁਦਰਤ ਪ੍ਰਤੀ ਫਰਜ਼ਾਂ ਲਈ ਸਮਾਜ ਨੂੰ ਸੇਧ ਦੇਣੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਿੰਬਲ ਦੇ ਰੁੱਖ ਦੀ ਉਦਾਹਰਨ ਦਿੰਦੇ ਹੋਏ ਸਮਝਾਉਂਦੇ ਹਨ ਕਿ ਸਿੰਬਲ ਦਾ ਰੁੱਖ ਬਿਲਕੁਲ ਸਿੱਧਾ, ਉੱਚਾ ਅਤੇ ਮੋਟਾ ਹੁੰਦਾ ਹੈ। ਪੰਛੀ ਇਸ ਤੋਂ ਆਸ ਕਰਕੇ ਇਸ ਕੋਲ ਆਉਂਦੇ ਹਨ ਪਰ ਕੁਝ ਪ੍ਰਾਪਤੀ ਨਾ ਹੁੰਦੀ ਦੇਖ ਨਿਰਾਸ਼-ਚਿੱਤ ਵਾਪਸ ਪਰਤਦੇ ਹਨ, ਕਿਉਂਕਿ ਸਿੰਬਲ ਰੁੱਖ ਦੇ ਫ਼ਲ ਫਿੱਕੇ, ਫੁੱਲ ਬੇਸੁਆਦੇ ਹੁੰਦੇ ਹਨ ਅਤੇ ਪੱਤੇ

ਵੀ ਕੰਮ ਨਹੀਂ ਆਉਂਦੇ। ਗੁਰਵਾਕ ਹੈ:

*ਸਿੰਮਲ ਰੁਖ ਸਰਾਇਰਾ ਅਤਿ ਦੀਰਘ ਅਤਿ ਮੁਚੁ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਤੇ ਦੂਜਿਆਂ ਦੀ ਭਾਵਨਾ ਦੀ ਕਦਰ ਕਰਨ ਵਾਲਾ ਵਿਅਕਤੀ ਕੋਈ ਵੀ ਕੰਮ ਬ੍ਰਹਿਮੰਡੀ ਨਿਯਮਾਂ ਖ਼ਿਲਾਫ ਨਹੀਂ ਕਰਦਾ। ਵਧੀਆ ਮਨੁੱਖ ਹੈਂਕੜੀ ਦੀ ਜਗ੍ਹਾ ਨਿਰਮਾਣਤਾ ਨਾਲ ਆਲੇ-ਦੁਆਲੇ ਦਾ ਖ਼ਿਆਲ ਰੱਖਦਾ ਹੈ। ਉਪਰੋਕਤ ਪੰਕਤੀਆਂ ਤੋਂ ਅੱਗੇ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਿਆ ਦਿੰਦੇ ਹਨ ਕਿ ਚੰਗਿਆਈਆਂ ਦਾ ਮੂਲ ਤੱਤ ਮਿੱਠਤ ਹੈ, ਨਿਮਾਣੀ ਸ਼ਖ਼ਸੀਅਤ ਹਉਮੈਂ-ਰਹਿਤ ਹੁੰਦੀ ਹੈ :

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥*
*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥*
*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਬੇਤਰਤੀਬੀ, ਬੇਪਰਵਾਹੀ ਸ਼ਖ਼ਸੀਅਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਪ੍ਰਵਾਨ ਨਹੀਂ ਕੀਤਾ ਗਿਆ, ਸਗੋਂ ਗੁਣਾਂ ਭਰਪੂਰ ਸ਼ਖ਼ਸੀਅਤ ਹੀ ਉਸ ਦੇ ਦਰ ਪ੍ਰਵਾਨ ਚੜ੍ਹਦੀ ਹੈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਅਸੀਂ ਆਪਣੀ ਹਉਮੈਂ ਭਰੀ ਜ਼ਿੰਦਗੀ ਵਿਚ ਕੁਦਰਤੀ ਨਿਯਮਾਂ ਦੀ ਪਾਲਣਾ ਕਰਨ ਵਾਲੇ ਬਣੀਏ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੁਨਿਆਵੀ ਸ਼ਾਨ-ਓ-ਸ਼ੌਕਤ ਸਭ ਇੱਥੇ ਰਹਿ ਜਾਣੇ ਹਨ ਅਤੇ ਸਾਨੂੰ ਆਪਣੇ ਮੰਦੇ ਕਰਮ, ਜੋ ਅਸੀਂ ਕੁਦਰਤੀ ਨਿਯਮਾਂ ਦੇ ਖ਼ਿਲਾਫ ਜਾ ਕੇ ਕਰਦੇ ਹਾਂ ਉਸ ਦੀ ਸਜ਼ਾ ਹਰ ਹਾਲਤ ਵਿਚ ਭੁਗਤਣੀ ਪਵੇਗੀ।ਗੁਰ ਉਪਦੇਸ਼ ਹੈ :

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਸਾਨੂੰ ਆਪਣਾ ਆਲਾ-ਦੁਆਲਾ ਇੰਝ ਦਾ ਸਿਰਜ ਲੈਣਾ ਚਾਹੀਦਾ ਕਿ ਅਸੀਂ ਭਾਵੇਂ ਘਰ-ਪਰਵਾਰ ਵਿਚ ਹੋਈਏ ਜਾਂ ਬਾਹਰ, ਦਫ਼ਤਰੀ, ਕੰਮ-ਕਾਜੀ ਥਾਂ 'ਤੇ ਅਸੀਂ ਕੁਦਰਤੀ ਜ਼ਿੰਦਗੀ ਜੀਵੀਏ ਤਾਂ ਹੀ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜ਼ਿੰਦਗੀ ਅੰਦਰ ਗੁਣਵਾਨ ਸ਼ਖ਼ਸੀਅਤ ਤੇ ਔਗੁਣਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਹੈ। ਕੁਦਰਤੀ ਸ੍ਰੋਤਾਂ ਦੀ ਸੰਭਾਲ ਨਾ ਕਰਨਾ ਵੀ ਬਹੁਤ ਵੱਡਾ ਔਗੁਣ ਹੈ। ਇਹ ਔਗੁਣ ਸਾਨੂੰ ਸਾਡੇ ਸਮਾਜਿਕ, ਧਾਰਮਿਕ, ਅਧਿਆਤਮਿਕ ਫ਼ਰਜ਼ਾਂ ਤੋਂ ਕੋਹਾਂ ਦੂਰ ਲੈ ਜਾਂਦਾ ਹੈ। ਬਦਤਰ ਹਾਲਾਤ ਪੈਦਾ ਹੋਣ ਇਸ ਤੋਂ ਪਹਿਲਾਂ ਇਸ ਦੋਸ਼ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ ਤਾਂ ਜੋ ਕੁਰਾਹੇ ਪਿਆ ਨਿਜ਼ਾਮ ਵਾਤਾਵਰਨ ਸੰਭਾਲ ਦੇ ਗੁਣ ਨੂੰ ਅਪਣਾਅ ਲਵੇ। ਵਾਤਾਵਰਨ

ਨਾਲ ਖਿਲਵਾੜ ਵੀ ਬਹੁਤ ਵੱਡੀ ਕੁਤਾਹੀ ਤੇ ਨੁਕਸਾਨਦੇਹ ਔਗੁਣ ਹੈ ਜੋ ਸਾਡੇ ਗਲ਼ ਦੀ ਜ਼ੰਜੀਰ ਬਣੇਗਾ। ਪਾਣੀ, ਧਰਤੀ, ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਚੰਗੇ ਗੁਣਾਂ ਦੇ ਧਾਰਨੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ:

*ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥*
*ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੫)*

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਾਵਨ ਬਾਣੀ ਅੰਦਰ ਰੁੱਖ-ਬੂਟਿਆਂ ਤੋਂ ਇਲਾਵਾ ਖੇਤੀਬਾੜੀ ਸੰਬੰਧੀ ਤਾਕੀਦ ਕਰਦੇ ਹਨ ਕਿ ਖੇਤੀ ਨੂੰ ਪਿਆਰ ਨਾਲ ਸੰਭਾਲਣ/ਕਰਨ ਨਾਲ ਹੀ ਸਹੀ ਫ਼ਸਲ ਦੀ ਪ੍ਰਾਪਤੀ ਹੋ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ੁਦ ਕਰਤਾਰਪੁਰ ਸਾਹਿਬ ਵਿਖੇ ਖੇਤੀ ਵੀ ਕੀਤੀ। ਇਸ ਸਮੇਂ ਅਸੀਂ ਆਪਣੀ ਧਰਤੀ ਨੂੰ ਲਗਾਤਾਰ ਰਸਾਇਣਾਂ, ਖਾਦਾਂ ਤੇ ਕੀਟ-ਨਾਸ਼ਕਾਂ ਦੀ ਬੇਹਤਾਸ਼ਾ ਵਰਤੋਂ ਕਰ ਕੇ ਇਸ ਦੇ ਉਪਜਾਊ ਤੱਤ ਖ਼ਤਮ ਕਰ ਰਹੇ ਹਾਂ। ਧਰਤੀ ਪਹਿਲਾਂ ਉਪਜਾਊ ਸੀ, ਪ੍ਰੰਤੂ ਅਜੋਕੇ ਸਮੇਂ ਵਿਚ ਉਪਜ ਲੈਣ ਲਈ ਬੇਲੋੜੀਆਂ ਖਾਦਾਂ ਦੀ ਵਰਤੋਂ ਕਰ ਕੇ ਧਰਤੀ ਦੀ ਉਪਜਾਊ ਪਰਤ ਨੂੰ ਨਸ਼ਟ ਕਰ ਲਿਆ ਗਿਆ ਹੈ। ਹਰੀ ਕ੍ਰਾਂਤੀ ਨੇ ਮਿੱਤਰ ਜੀਵਾਂ ਤੇ ਪੰਛੀਆਂ ਨੂੰ ਖ਼ਤਮ ਕਰ ਦਿੱਤਾ ਹੈ। ਕਿਸਾਨ ਵੀਰਾਂ ਤੇ ਖਪਤਕਾਰਾਂ ਨੂੰ ਬੜੀ ਹੀ ਸਮਝਦਾਰੀ ਨਾਲ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਸੀ, ਪ੍ਰੰਤੂ ਫਲ, ਸਬਜ਼ੀਆਂ, ਅਨਾਜ ਸਭ ਨੂੰ ਬੀਜਣ, ਉੱਗਣ, ਵਧਣ-ਫੁਲਣ, ਪੱਕਣ ਤੇ ਸਟੋਰ ਕਰਨ ਤੋਂ ਇਲਾਵਾ ਕਿਸੇ ਨਾ ਕਿਸੇ ਰਸਾਇਣ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਸਾਡੀ ਸਿਹਤ ਨਾਲ ਸਿੱਧੇ ਰੂਪ ਵਿਚ ਖਿਲਵਾੜ ਹੈ। ਜ਼ਮੀਨ ਦੀ ਉਪਜਾਊ ਪਰਤ ਨੂੰ ਅਸੀਂ ਨਸ਼ਟ ਕਰ ਲਿਆ, ਜਿਸ ਦੇ ਭਿਆਨਕ ਤੇ ਮਾਰੂ ਸਿੱਟੇ ਆਉਣੇ ਸ਼ੁਰੂ ਹੋ ਗਏ ਹਨ। ਧਰਤੀ ਦੀ ਜ਼ਰਖ਼ੇਜ਼ ਸ਼ਕਤੀ ਖਤਮ ਹੋ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਲਾਹੇਵੰਦੀ ਖੇਤੀ ਬਾਰੇ ਸਮਝਾਉਂਦੇ ਹਨ ਕਿ ਗੈਰ-ਉਪਜਾਊ ਧਰਤੀ ਵਿਚ ਬੀਜ ਬੋ ਕੇ ਤੁਹਾਨੂੰ ਲਾਹਾ ਨਹੀਂ ਮਿਲਣ ਵਾਲਾ ਸਗੋਂ ਘਾਟੇਵੰਦਾ ਸੌਦਾ ਹੀ ਰਹੇਗਾ। ਇਸ ਸੰਬੰਧੀ ਗੁਰੂ ਜੀ ਸਾਨੂੰ ਤਾਕੀਦ ਕਰਦੇ ਹਨ :

*ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੯)*

ਇੱਥੇ ਉੱਲੇਖ ਕਰਨਾ ਉੱਚਿਤ ਹੋਵੇਗਾ ਕਿ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੁਦ ਹੱਥੀਂ ਕਿਰਤ ਕੀਤੀ, ਕਿਰਸਾਨੀ ਕੀਤੀ, ਨਾਮ ਜਪਿਆ ਤੇ ਕਿਰਤ ਦੀ ਕਮਾਈ ਵਿੱਚੋਂ ਵੰਡ ਛਕਣ ਦਾ ਉਪਦੇਸ਼ ਵੀ ਦ੍ਰਿੜ੍ਹ ਕਰਵਾਇਆ, ਉੱਥੇ ਇਕ ਕਿਸਾਨ ਦੇ ਰੂਪ ਵਿਚ ਸ਼ੁੱਧ ਖੇਤੀ ਕਰਨ ਦੀ ਪ੍ਰੇਰਨਾ ਵੀ ਦਿੱਤੀ ਹੈ। ਜਦੋਂ ਕਿ ਅਸੀਂ ਵਰਤਮਾਨ ਵਿਚ ਜ਼ਹਿਰਾਂ ਬੀਜ ਰਹੇ ਹਾਂ। ਕੀਟ-ਨਾਸ਼ਕਾਂ ਦੀ ਵਰਤੋਂ ਕਰਦੇ ਹੋਏ ਧਰਤੀ ਦੀ ਬਰਬਾਦੀ ਕਰ ਰਹੇ ਹਾਂ। ਗੁਰੂ ਸਾਹਿਬ ਜੀ ਨੇ ਆਪਣੇ ਸਮੇਂ ਦੇ ਖੇਤੀ ਕਰਦੇ ਇਕ ਇਮਾਨਦਾਰ ਮਿਹਨਤੀ ਕਿਸਾਨ ਦੀ ਉਦਾਹਰਨ ਦਿੰਦੇ ਹੋਏ ਸਮਝਾਇਆ ਹੈ ਕਿ ਸਾਨੂੰ ਆਪਣੇ ਇਮਾਨ ਨੂੰ ਪੱਕੇ ਕਰਦੇ ਹੋਏ ਖੇਤੀ ਕਰਨੀ ਚਾਹੀਦੀ ਹੈ। ਸਮਾਜ ਪ੍ਰਤੀ ਆਪਣੇ ਫ਼ਰਜ਼ਾਂ

ਤੋਂ ਭੱਜਣਾ ਨਹੀਂ ਚਾਹੀਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕਿਸਾਨ ਦਾ ਕਿਰਦਾਰ ਦਰਸਾਇਆ ਗਿਆ ਹੈ। ਕਿਸਾਨ ਕਿੰਨਾ ਚਰਿੱਤਰਵਾਨ, ਉੱਚਾ-ਸੁੱਚਾ, ਖ਼ੁਦਾਈ ਭਰਪੂਰ ਗੁਣਵਾਨ ਹੋਵੇਗਾ। ਜਦੋਂ ਗੁਰੂ ਸਾਹਿਬ ਜੀ ਆਪਣੀ ਪਾਵਨ ਬਾਣੀ ਅੰਦਰ ਇਕ ਕਿਸਾਨ ਦੀ ਉਦਾਹਰਨ ਦਿੰਦੇ ਹੋਏ ਸਾਨੂੰ ਪਰਮਾਤਮਾ ਦਾ ਨਾਮ ਸਿਮਰਨ ਦੀ ਪ੍ਰੇਰਨਾ ਕਰਦੇ ਹਨ ਕਿ ਹੇ ਮਨੁੱਖ! ਆਪਣੇ ਮਨ ਨੂੰ ਕਿਸਾਨ ਵਾਂਗ ਮਿਹਨਤੀ ਤੇ ਉੱਦਮੀ ਬਣਾ, ਵਾਹੀ ਦਾ ਕੰਮ ਚੰਗੇ ਕਿਰਦਾਰ ਨਾਲ ਅਤੇ ਉੱਚੇ ਆਚਰਣ ਵਿਚ ਰਹਿ ਕੇ ਕਰ। ਕਿਸਾਨ ਵਾਂਗ ਮਿਹਨਤ ਦਾ ਪਾਣੀ ਸਿੰਝ। ਕਿਸਾਨ ਵਾਂਗ ਸਾਦਾ ਲਿਬਾਸ ਰੱਖ, ਗਰੀਬੀ ਭਾਵ ਨਿਰਮਾਣਤਾ ਵਾਲਾ ਵਿਵਹਾਰ ਕਰ, ਸਾਦਗੀ ਭਰਪੂਰ ਸਾਦਾ ਜੀਵਨ ਜੀਉਣ ਦੀ ਕੋਸ਼ਿਸ਼ ਕਰ। ਸਰੀਰ ਨੂੰ ਖੇਤ ਰੂਪ ਆਪਣੇ ਅੰਦਰ ਗੁਣ ਭਰ ਕੇ ਖੇਤੀ ਕਰ ਭਾਵ ਸਰੀਰ ਦੀ ਪੈਲੀ ਬਣਾ, ਧਰਤੀ ਵਾਂਗ ਵੱਡਾ ਜਿਗਰਾ ਰੱਖ, ਨਾਮ ਦਾ ਬੀਜ ਬੋਅ ਸੰਤੋਖ ਰੂਪੀ ਵੱਡਾ ਗੁਣ ਧਾਰਨ ਕਰ ਕੇ ਇਹਨੂੰ ਸੁਹਾਗੇ ਰੂਪ ਵਿਚ ਵਰਤ, ਤਾਂ ਜੋ ਤੇਰੇ ਅੰਦਰ ਬੀਜੀ ਖੇਤੀ ਨੂੰ ਬਾਹਰਲੇ ਚੋਰ (ਵਿਕਾਰ) ਚੁਰਾ ਨਾ ਸਕਣ। ਇਸ ਪ੍ਰਕਾਰ ਤੇਰਾ ਹਿਰਦਾ ਧਨਾਢ ਹੋ ਜਾਵੇਗਾ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ:

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੫)*

ਉਪਰੋਕਤ ਵਿਚਾਰ ਤੋਂ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਅੱਜ ਦੇ ਕਿਸਾਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉੱਲੇਖ ਕੀਤੇ ਗਏ ਕਿਸਾਨ ਦੇ ਕਿਰਦਾਰ ਵਿਚ ਕਾਫ਼ੀ ਅੰਤਰ ਆਇਆ ਹੈ। ਜਿਸ ਕਾਰਨ ਅੱਜ ਖੇਤੀ ਦੇ ਧੰਦੇ ਨੂੰ ਘਾਟੇਵੰਦਾ ਸੌਦਾ ਕਰਕੇ ਦੇਖਿਆ ਜਾ ਰਿਹਾ ਹੈ। ਅਸੀਂ ਕਿਤੇ ਨਾ ਕਿਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੋਂ ਦੂਰ ਭੱਜ ਕੇ ਖ਼ੁਆਰ ਹੋਏ ਹਾਂ ਜੋ ਵਿਸ਼ਵ-ਵਿਆਪੀ ਸਿਧਾਂਤਕ ਖ਼ਜ਼ਾਨਾ ਪਹਿਲੇ ਪਾਤਸ਼ਾਹ ਜੀ ਵੱਲੋਂ ਬਖ਼ਸ਼ਿਆ ਗਿਆ ਸੀ ਜੇਕਰ ਇਸ ਨੂੰ ਸਮਝਿਆ ਤੇ ਸਹੀ ਅਰਥਾਂ ਵਿਚ ਕਮਾਇਆ ਗਿਆ ਹੁੰਦਾ ਤਾਂ ਅੱਜ ਦੇ ਕਰੂਰ ਦਿਨ ਦੇਖਣੇ ਨਾ ਪੈਂਦੇ। ਅੱਜ ਦੁਹਾਈ ਪਾਈ ਜਾ ਰਹੀ ਹੈ ਕਿ ਮਿਲਾਵਟ ਨਾ ਕੀਤੀ ਜਾਵੇ। ਆਮ ਨਾਗਰਿਕ ਦੀ ਸਿਹਤ ਨਾਲ ਹੋ ਰਹੇ ਖਿਲਵਾੜ ਨੂੰ ਨੱਥ ਪਾਈ ਜਾ ਸਕੇ। ਖੇਤੀ ਰਾਹੀਂ ਹੋ ਰਹੇ ਪ੍ਰਦੂਸ਼ਣ ਨੂੰ ਰੋਕਿਆ ਜਾਵੇ। ਖਾਦ-ਪਦਾਰਥਾਂ ਨੂੰ ਦੂਸ਼ਿਤ ਹੋਣ ਤੋਂ ਰੋਕਿਆ ਜਾਵੇ। ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਗਏ ਕਿਰਦਾਰ ਅਨੁਸਾਰ ਕਿਸਾਨ ਖੇਤੀ ਕਰਦਾ ਤਾਂ ਉਹ ਸਮਾਜਿਕ, ਆਰਥਿਕ ਤੇ ਧਾਰਮਿਕ ਰੂਪ ਵਿਚ ਧਨਾਢ ਰਹਿੰਦਾ ਅਤੇ ਉਪਰੋਕਤ ਹਾਹਾਕਾਰ ਨਾ ਮੱਚਦੀ। ਆਮ ਵਿਅਕਤੀ ਦੀ ਸਿਹਤ ਵੀ ਬਚੀ ਰਹਿੰਦੀ ਤੇ ਅਸੀਂ ਤੰਦਰੁਸਤ ਜੀਵਨ ਜੀਉਂਦੇ। ਆਮ ਕਹਾਵਤ ਹੈ ਕਿ ਸਿਹਤਮੰਦ ਸਰੀਰ ਵਿਚ ਹੀ ਸਿਹਤਮੰਦ ਦਿਮਾਗ ਹੁੰਦਾ ਹੈ, ਪ੍ਰੰਤੂ

ਜਦੋਂ ਸਾਡੇ ਖ਼ੁਰਾਕੀ ਗੁਣਵੱਤਾ ਦਾ ਪੱਧਰ ਇੰਨਾ ਨੀਵਾਂ ਹੋ ਗਿਆ ਹੈ ਕਿ ਸਾਡੀਆਂ ਫ਼ਸਲਾਂ ਨੂੰ ਖਰੀਦਣ ਲਈ ਕੋਈ ਤਿਆਰ ਨਹੀਂ। ਖਾਸ ਕਰਕੇ ਪੰਜਾਬੀ ਕਿਸਾਨ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਗਟ ਭੌਂ ਸੀ, ਜਿੱਥੇ ਆਪ ਜੀ ਦੀਆਂ ਸਿੱਖਿਆਵਾਂ, ਮੁਹਾਵਰਿਆਂ ਤੇ ਅਖਾਣਾਂ ਦੇ ਰੂਪ ਵਿਚ ਲੋਕਾਂ ਦੀ ਜ਼ੁਬਾਨ 'ਤੇ ਸਨ। ਪੰਜਾਬੀ ਕਿਸਾਨ ਵੀ ਇਨ੍ਹਾਂ ਸਿੱਖਿਆਵਾਂ ਤੋਂ ਮੁਨਕਰ ਹੋਇਆ। ਭੂਮੀ ਪ੍ਰਦੂਸ਼ਣ ਨੇ ਸਾਡੀ ਸਰੀਰਕ, ਆਰਥਿਕ ਤੇ ਮਾਨਸਿਕ ਮਜ਼ਬੂਤੀ ਨੂੰ ਤਹਿਸ-ਨਹਿਸ ਕਰ ਦਿੱਤਾ। ਅੱਜ ਦੇ ਕਿਸਾਨ ਨੇ ਸਾਦਾ ਲਿਬਾਸ ਛੱਡ, ਕਰਜ਼ੇ ਚੁੱਕ, ਵੱਡੇ-ਵੱਡੇ ਬੇਲੋੜੇ ਖੇਤੀ ਸੰਦਾਂ ਦੀ ਖਰੀਦ ਕੀਤੀ। ਸ਼ੇਖੀ ਤੇ ਫੋਕੀ ਸ਼ੋਹਰਤ ਕਰਕੇ ਵੱਡੇ ਵਿਆਹ ਕੀਤੇ। ਨਿਮਰਤਾ ਦੇ ਗੁਣ ਨੂੰ ਛੱਡਿਆ ਜਿਸ ਕਰਕੇ ਓਹੀ ਨਿਗੂਣੀ ਸ਼ਾਨ ਅੱਗੇ ਚੱਲ ਕਿਸਾਨ ਦੇ ਗਲ਼ੇ ਦਾ ਫਾਹਾ ਬਣੀ। ਪੰਜਾਬ ਦਾ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ ਇੰਝ ਸਾਡੀ ਆਰਥਿਕਤਾ ਤੇ ਮਾਨਸਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਨੂੰ ਲੀਹੇ ਲਿਆਉਣ ਲਈ ਅੱਜ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਉਪਦੇਸ਼ ਕਾਰਗਰ ਹਨ। ਜਿਨ੍ਹਾਂ ਨੂੰ ਪੂਰਨ ਰੂਪ ਵਿਚ ਦ੍ਰਿੜ੍ਹ ਕਰਦੇ ਹੋਏ ਆਪਣੇ ਜੀਵਨ ਦਾ ਅੰਗ ਬਣਾ ਲੈਣਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਲਗਾਤਾਰ ਦੱਸਿਆ ਕਿ ਕਿਵੇਂ ਇੱਕ ਕਿਸਾਨ ਉੱਚਾ-ਸੁੱਚਾ ਜੀਵਨ ਜੀਊਂਦੇ ਹੋਏ ਖੇਤੀ ਕਰਦਾ ਹੈ। ਧਾਰਮਿਕਤਾ ਤੇ ਅਧਿਆਤਮਿਕਤਾ ਵਿਚ ਓਤ-ਪੋਤ ਇਨ੍ਹਾਂ ਸਭ ਸਿੱਖਿਆਵਾਂ 'ਤੇ ਵਿਚਾਰਾਂ ਰਾਹੀਂ ਸਾਨੂੰ ਸਮਝਾਉਣਾ ਕੀਤਾ। ਖੇਤੀ ਅੱਜ ਲਾਹੇਵੰਦ ਧੰਦਾ ਨਹੀਂ ਰਿਹਾ, ਕਿਉਂਕਿ ਅਸੀਂ ਆਪਣੀ ਫ਼ਿਜ਼ਾ ਨੂੰ ਪ੍ਰਦੂਸ਼ਿਤ ਕਰ ਲਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅੰਦਰ ਗਗਨ ਮੰਡਲ ਦੇ ਸਰੂਪ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਉੱਲੇਖ ਕੀਤਾ ਹੈ। ਆਪ ਜੀ ਨੇ ਚੰਦ, ਸੂਰਜ, ਤਾਰਿਆਂ ਨੂੰ ਸ੍ਰਿਸ਼ਟੀ ਦਾ ਅੰਗ ਹੋ ਕੇ ਮਨੁੱਖਤਾ ਦੀ ਸੇਵਾ ਕਰਦੇ ਦਿਖਾਇਆ ਹੈ ਤੇ ਇਨ੍ਹਾਂ ਪ੍ਰਤੀ ਸੁਹਿਰਦਤਾ ਵਾਲਾ ਰਵੱਈਆ ਰੱਖਣਾ ਸਾਡਾ ਫਰਜ਼ ਹੈ। ਇਨ੍ਹਾਂ ਸੂਰਜ, ਚੰਦਰਮਾ ਨੂੰ ਗੁਰੂ ਦੇ ਗਿਆਨ ਅਤੇ ਸ਼ਾਂਤੀ ਦੇ ਦੀਵੇ ਦੱਸ ਕੇ ਇਨ੍ਹਾਂ ਦੀ ਮਹਾਨਤਾ ਨੂੰ ਇੰਝ ਦਰਸਾਇਆ ਹੈ :

*-ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੦)*

*-ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੩)*

ਵਿਗਿਆਨ ਦੀਆਂ ਨਵੀਆਂ ਖੋਜਾਂ ਮੁਬਾਰਕ ਹਨ, ਪਰ ਇਨ੍ਹਾਂ ਦੌਰਾਨ ਜੋ ਕੁਦਰਤ ਦੇ ਸਰੂਪ ਨੂੰ ਨੁਕਸਾਨ ਪੁੱਜ ਰਿਹਾ ਹੈ ਇਸ ਨੂੰ ਸੁਧਾਰਨਾ ਤੇ ਪੂਰਾ ਕਰਨਾ ਮਨੁੱਖ ਦੇ ਵੱਸ ਨਹੀਂ। ਚੰਦ, ਸੂਰਜ, ਤਾਰੇ ਵੀ ਨਿਰੋਲ ਪਰਮਾਤਮਾ ਦੇ ਬਣਾਏ ਹੋਏ ਹਨ

ਤੇ ਇਨ੍ਹਾਂ ਦੀ ਜੋਤ ਤਿੰਨਾਂ ਭਵਨਾਂ ਵਿਚ ਪਸਰ ਰਹੀ ਹੈ :

*ਸੁੰਨਹੁ ਚੰਦੁ ਸੂਰਜੁ ਗੈਣਾਰੇ॥ਤਿਸ ਕੀ ਜੋਤਿ ਤ੍ਰਿਭਵਣ ਸਾਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੭)*

ਅਸੀਂ ਉਸ ਦੀ ਕੁਦਰਤ ਨੂੰ ਮੂਰਖਤਾ ਵੱਸ ਸਮਝਦੇ ਨਹੀਂ ਤੇ ਟੱਕਰਾਂ ਮਾਰਦੇ ਹੋਏ ਨਵੀਆਂ ਖੋਜਾਂ ਕਰਦੇ ਕੁਦਰਤ ਦੇ ਅਸਲੀ ਸਰੂਪ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਾਂ, ਪ੍ਰੰਤੂ ਇਹ ਕਦੇ ਵੀ ਸਾਡੇ ਸਦੀਵੀ ਸੁਖਾਂ ਦਾ ਹੱਲ ਨਹੀਂ ਬਣ ਸਕਦੀਆਂ:

*ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੦)*

ਪਾਣੀ, ਹਵਾ, ਚੰਦ, ਸੂਰਜ ਰੂਪ ਵਿਚ ਪ੍ਰਕਾਸ਼ (ਗਿਆਨ) ਵਾਲੇ ਦੀਵੇ ਤੇ ਜੀਵਨ ਨੂੰ ਚੱਲਦਾ ਰੱਖਣ ਲਈ ਸਾਧਨ ਦਿੱਤੇ ਹਨ। ਇਹ ਸਭ ਕੁਝ ਧਰਤੀ ਕਰਕੇ ਹੀ ਸੰਭਵ ਹੈ। ਭਾਵੇਂ ਕਿ ਧਰਤੀ ਵਰਗੇ ਹੋਰ ਵੀ ਗ੍ਰਹਿ ਹਨ ਜਿਨ੍ਹਾਂ 'ਤੇ ਮਨੁੱਖ ਨੇ ਆਪਣੀ ਪਹੁੰਚ ਬਣਾ ਲਈ ਹੈ, ਪ੍ਰੰਤੂ ਉੱਥੇ ਜੀਵਨ ਤਾਂ ਹੀ ਸੰਭਵ ਹੈ ਜੇਕਰ ਧਰਤੀ ਵਾਂਗ ਪਾਣੀ, ਹਵਾ ਮੌਜੂਦ ਹੋਣਗੇ। ਸਾਨੂੰ ਉਹ ਸਾਰੇ ਗੁਣ ਧਰਤੀ ਉੱਪਰ ਮਿਲੇ ਹਨ, ਜਿਨ੍ਹਾਂ ਕਰਕੇ ਸਾਡਾ ਜੀਵਨ ਸੰਭਵ ਹੈ। ਸਾਨੂੰ ਇਨ੍ਹਾਂ ਗੁਣਾਂ ਨੂੰ ਸੰਭਾਲਣਾ ਚਾਹੀਦਾ ਹੈ। ਕਰਤੇ ਦੇ ਉਪਕਾਰ ਨੂੰ ਨਤਮਸਤਕ ਤੇ ਬਲਿਹਾਰ ਹੁੰਦੇ ਹੋਏ ਉਸ ਦੇ ਬਖ਼ਸ਼ੇ ਇਨ੍ਹਾਂ ਵਡਮੁੱਲੇ ਸਰੋਤਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਜੋ ਸਾਡੇ ਜੀਵਨ ਦਾ ਆਧਾਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਜੀਉਣ ਲਈ ਹਵਾ, ਪਾਣੀ ਅਤੇ ਰਹਿਣ ਲਈ ਧਰਤੀ ਵੱਡੀਆਂ ਬਖ਼ਸ਼ਿਸ਼ਾਂ ਹਨ :

*ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥*
*ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੭)*

## ਸਹਾਇਕ ਪੁਸਤਕ ਸੂਚੀ :


੧. ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ (੨੦੦੪), *ਨਿਤਨੇਮ ਸਟੀਕ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

੨. ਭਗਤ ਪੂਰਨ ਸਿੰਘ, *ਪਵਣੁ ਗੁਰੂ ਪਾਣੀ ਪਿਤਾ*, ਪ੍ਰਕਾਸ਼ਕ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ।

੩. ਡਾ. ਡੀ. ਪੀ. ਸਿੰਘ (੨੦੦੪), *ਵਾਤਾਵਰਣੀ ਪ੍ਰਦੂਸ਼ਣ*, ਸਿੰਘ ਬ੍ਰਦਰਜ਼, ਅੰਮ੍ਰਿਤਸਰ।

੪. ਸੰਪਾਦਕ ਸਤਪਾਲ ਭੀਖੀ, ਅਨਿਲ ਆਦਮ (੨੦੧੬), *ਮਾਫ਼ ਕਰੀਂ! ਪਾਣੀ ਪਿਤਾ*, ਪ੍ਰਕਾਸ਼ਕ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ।

੫. ਹਰਪਾਲ ਸਿੰਘ ਪੰਨੂ (੨੦੦੨), *ਗੁਰੂ ਨਾਨਕ ਦਾ ਕੁਦਰਤ-ਸਿਧਾਂਤ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੬. ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ- *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਰਾਜ ਪਬਲੀਕੇਸ਼ਨ ਰਜਿ:, ਜਲੰਧਰ। ■

# ਪ੍ਰਦੂਸ਼ਿਤ ਹੋਏ ਵਾਤਾਵਰਨ ਨੂੰ ਸ਼ੁੱਧ ਕਰਨ ਦੀ ਲੋੜ

*-ਸ. ਸਤਬੀਰ ਸਿੰਘ**

ਦਿਨ-ਬ-ਦਿਨ ਸੰਸਾਰ ਭਰ ਵਿਚ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਸਬੰਧੀ ਹਰੇਕ ਵਿਅਕਤੀ ਚਿੰਤਤ ਹੈ। ਸਮੇਂ-ਸਮੇਂ ਸਭਾ- ਸੁਸਾਇਟੀਆਂ, ਜਥੇਬੰਦੀਆਂ ਅਤੇ ਸਮਾਜ-ਸੇਵਕਾਂ ਵੱਲੋਂ ਪ੍ਰਦੂਸ਼ਣ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਾਏ ਜਾ ਰਹੇ ਹਨ, ਸੈਮੀਨਾਰ ਕੀਤੇ ਜਾਂਦੇ ਹਨ, ਪਰ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆ ਰਿਹਾ। ਸਾਡੇ ਵੱਲੋਂ ਪ੍ਰਦੂਸ਼ਣ ਦੀ ਰੋਕਥਾਮ ਦਾ ਸਹੀ ਹੱਲ ਨਾ ਕਰਨ ਦੀ ਜ਼ਿੰਮੇਵਾਰੀ ਹਮੇਸ਼ਾਂ ਦੀ ਤਰ੍ਹਾਂ ਸਰਕਾਰਾਂ ਉੱਪਰ ਸੁੱਟ ਦਿੱਤੀ ਜਾਂਦੀ ਹੈ ਜਦਕਿ ਵਾਤਾਵਰਨ ਨੂੰ ਜ਼ਹਿਰੀਲਾ ਬਣਾ ਕੇ ਮਨੁੱਖੀ ਜਾਨਾਂ ਲਈ ਖ਼ਤਰਾ ਸਹੇੜਣ ਪ੍ਰਤੀ ਅਸੀਂ ਲੋਕ ਖੁਦ ਹੀ ਜ਼ਿੰਮੇਵਾਰ ਹਾਂ ਅਤੇ ਇਸ ਨੂੰ ਸਾਫ-ਸੁਥਰਾ ਕਰਨ ਦੀ ਜ਼ਿੰਮੇਵਾਰੀ ਸਾਨੂੰ ਖੁਦ ਨੂੰ ਹੀ ਨਿਭਾਉਣੀ ਪਵੇਗੀ। ਜੇਕਰ ਅਸੀਂ ਇਹ ਜ਼ਿੰਮੇਵਾਰੀ ਨਹੀਂ ਨਿਭਾਉਂਦੇ ਤਾਂ ਆਉਣ ਵਾਲਾ ਸਮਾਂ ਅਤੇ ਅਗਲੀ ਪੀੜ੍ਹੀ ਸਾਨੂੰ ਮੁਆਫ ਨਹੀਂ ਕਰੇਗੀ। ਅੱਜਕਲ੍ਹ ਕਈ ਕਾਰਖਾਨੇ, ਫੈਕਟਰੀਆਂ, ਭੱਠਿਆਂ (ਇੱਟਾਂ ਦੇ) ਦਾ ਧੂੰਆਂ ਅਤੇ ਪਰਾਲੀ ਸਾੜਣ ਕਰਕੇ ਧੂੰਆਂ ਅਕਾਸ਼ ਨੂੰ ਪ੍ਰਦੂਸ਼ਿਤ ਕਰਨ ਦਾ ਕੰਮ ਕਰ ਰਿਹਾ ਹੈ। ਇਸ ਪ੍ਰਦੂਸ਼ਣ ਨਾਲ ਅਕਾਸ਼ ਤਾਂ ਗੰਧਲਾ ਹੋ ਹੀ ਰਿਹਾ ਹੈ, ਪਰ ਅਸੀਂ ਵੀ ਖਾਂਸੀ, ਅੱਖਾਂ , ਕੈਂਸਰ ਅਤੇ ਦਮਾ ਆਦਿ ਬੀਮਾਰੀਆਂ ਨੂੰ ਸੱਦਾ ਦੇ ਰਹੇ ਹਾਂ ਜੋ ਕਿ ਅੰਤ ਮੌਤ ਨੂੰ ਹੀ ਸੱਦਾ ਹੋ ਨਿਬੜਦਾ ਹੈ।

ਦਰੱਖਤਾਂ ਦੀ ਦਿਨੋਂ-ਦਿਨ ਹੋ ਰਹੀ ਕਟਾਈ ਵੀ ਅੱਜ ਦੇ ਸਮੇਂ ਵਿਚ ਹਾਨੀਕਾਰਕ ਹੈ। ਸਰਕਾਰਾਂ ਵੱਲੋਂ ਵਿਕਾਸ ਦੇ ਨਾਂ 'ਤੇ ਸੜਕਾਂ ਦੇ ਕਿਨਾਰੇ ੧੦੦-੧੦੦ ਸਾਲ ਪੁਰਾਣੇ, ਬੋਹੜਾਂ, ਕਿੱਕਰਾਂ, ਟਾਹਲੀਆਂ ਤੇ ਪਿੱਪਲ ਦੇ ਰੁੱਖਾਂ ਦੀ ਬੜੀ ਬੇ-ਰਹਿਮੀ ਨਾਲ ਕੱਟ-ਵੱਢ ਕੀਤੀ ਜਾਂਦੀ ਹੈ। ਇਨ੍ਹਾਂ ਰੁੱਖਾਂ ਦੀ ਪੂਰਤੀ ਕਰਨ ਵਾਸਤੇ ਨਵੇਂ ਰੁੱਖ ਲਾਉਣ ਲਈ ਅਪੀਲਾਂ-ਦਲੀਲਾਂ ਬਹੁਤ ਹੋ ਰਹੀਆਂ ਹਨ, ਪਰ ਨਤੀਜਾ ਸਾਹਮਣੇ ਨਹੀਂ ਦਿਖ ਰਿਹਾ। ਬੱਸ ਸਟੈਂਡ, ਰੇਲਵੇ ਸਟੇਸ਼ਨ ਅਤੇ ਸੜਕਾਂ 'ਤੇ ਬਿਨਾ ਮਤਲਬ ਗੱਡੀਆਂ ਸਟਾਰਟ ਰੱਖਣੀਆਂ, ਪ੍ਰੈਸ਼ਰ ਹਾਰਨ ਵਜਾਉਣੇ, ਘਰਾਂ ਵਿੱਚ ਟੈਲੀਵਿਜ਼ਨ ਉੱਚੀ ਅਵਾਜ਼ ਵਿਚ ਲਾਉਣਾ ਅਤੇ ਧਾਰਮਿਕ ਅਸਥਾਨਾਂ ਦੇ ਬਾਹਰ ਉੱਚੀ ਅਵਾਜ਼ ਵਾਲੇ ਸਪੀਕਰ ਲਾ ਕੇ ਅਸੀਂ ਆਪਣੇ ਚੌਗਿਰਦੇ ਹੋਰ ਪ੍ਰਦੂਸ਼ਿਤ ਕਰ ਰਹੇ ਹਾਂ।

ਵੱਡੇ-ਵੱਡੇ ਸ਼ਹਿਰਾਂ ਦੀਆਂ ਨਵੀਆਂ ਕਲੋਨੀਆਂ ਅਤੇ ਪਿੰਡਾਂ ਵਿਚ ਵੀ ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਨਹੀਂ ਕੀਤਾ ਜਾਂਦਾ। ਫਲਸਰੂਪ ਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸੀਵਰੇਜ ਸਿਸਟਮ ਠੀਕ ਢੰਗ ਨਾਲ ਨਹੀ ਚੱਲਦਾ। ਮੁੜ-ਮੁੜ

***ਸਾਬਕਾ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ। ਮੋ. +੯੧੯੯੧੪੩੫੬੧੩੩*

ਕੇ ਗੰਦਾ ਪਾਣੀ, ਗਲੀਆਂ-ਮੁਹੱਲਿਆਂ ਵਿਚ ਹੀ ਤੁਰਿਆ-ਫਿਰਦਾ ਜਾ ਖੜ੍ਹਾ ਰਹਿੰਦਾ ਹੈ ਜਿਸ ਨਾਲ ਕਈ ਨਾ-ਮੁਰਾਦ ਬੀਮਾਰੀਆਂ ਪੈਦਾ ਹੁੰਦੀਆਂ ਹਨ। ਪਾਣੀ ਨੂੰ ਗੰਧਲਾ ਕਰਨ ਲਈ ਕੁਝ ਕਾਰਖਾਨੇ ਅਤੇ ਫੈਕਟਰੀਆਂ ਵੀ ਪਿੱਛੇ ਨਹੀਂ ਹਨ, ਕਈ ਤਰ੍ਹਾਂ ਦੇ ਤੇਜ਼ਾਬੀ ਜ਼ਹਿਰੀਲੇ ਪਦਾਰਥਾਂ ਦੀ ਵਰਤੋਂ ਵਾਲਾ ਗੰਦਾ ਪਾਣੀ, ਖੁਲ੍ਹੇਆਮ ਨਾਲਿਆਂ, ਝੀਲਾਂ, ਛੱਪੜਾਂ ਵਿਚ ਸੁੱਟਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਹੌਲੀ-ਹੌਲੀ ਇਹ ਗੰਧਲਾ ਪਾਣੀ ਸਿੰਮ-ਸਿੰਮ ਕੇ ਜ਼ਮੀਨ ਦੇ ਥੱਲੇ ਚਲਾ ਜਾਂਦਾ ਹੈ। ਕੁਝ ਥਾਵਾਂ 'ਤੇ ਪਾਣੀ ਇੰਨਾ ਗੰਧਲਾ ਹੋ ਗਿਆ ਹੈ ਕਿ ਪੀਣ ਯੋਗ ਨਹੀਂ ਹੈ। ਬਹੁਤ ਸਾਰੇ ਸ਼ਹਿਰਾਂ ਦੇ ਗਲੀ-ਮੁਹੱਲਿਆਂ ਵਿਚ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਘਰਾਂ ਦਾ ਕੂੜਾ ਇਕੱਠਾ ਕਰ ਕੇ ਲਿਫਾਫੇ ਵਿਚ ਪਾ ਕੇ ਬਾਹਰ ਗਲੀ ਵਿਚ ਸੁੱਟ ਦਿੰਦੇ ਹਨ ਜੋ ਕਿ ਨਾਲੀਆਂ ਵਿਚ ਜਾ ਕੇ ਸੀਵਰੇਜ ਬੰਦ ਕਰ ਦਿੰਦੇ ਹਨ। ਫਿਰ ਗੰਦਾ ਪਾਣੀ ਫ਼ੈਲਣ ਨਾਲ ਬੀਮਾਰੀਆਂ ਪੈਦਾ ਹੁੰਦੀਆਂ ਹਨ, ਜਿਨ੍ਹਾਂ ਨੂੰ ਸੱਦਾ ਅਸੀਂ ਖ਼ੁਦ ਹੀ ਦਿੱਤਾ ਹੈ।

ਪੰਜਾਬ ਜਿਹੜਾ ਪੰਜ ਦਰਿਆਵਾਂ ਦੀ ਧਰਤੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੇ ਪਾਣੀ ਨੂੰ ਵੀ ਅਸੀਂ ਗੰਧਲਾ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਸ਼ਹਿਰਾਂ-ਕਸਬਿਆਂ ਵਿਚ ਛੋਟੇ-ਵੱਡੇ ਕਾਰਖਾਨਿਆਂ ਵੱਲੋਂ ਪਾਣੀ ਨੂੰ ਖੁਲ੍ਹੇ ਤੌਰ 'ਤੇ ਨਾਲਿਆਂ ਵਿਚ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਵਿਚ ਜ਼ਹਿਰੀਲੇ ਮਾਦੇ ਦੀ ਤਾਦਾਦ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਪਿਛਲੇ ਸਮੇਂ ਵਿਚ ਦਰਿਆਵਾਂ ਦੇ ਪਾਣੀ ਨੂੰ ਸ਼ੁੱਧ ਤੇ ਪਵਿੱਤਰ ਸਮਝ ਕੇ ਪੀਣ ਦੇ ਨਾਲ-ਨਾਲ ਇਸ਼ਨਾਨ ਕਰਨ ਨਾਲ ਰਾਹਤ ਮਹਿਸੂਸ ਹੁੰਦੀ ਸੀ, ਪਰੰਤੂ ਹੁਣ ਇਸ ਤਰ੍ਹਾਂ ਕਰਨ ਨਾਲ ਬੀਮਾਰੀਆਂ ਨੂੰ ਬੁਲਾਵਾ ਦੇਣਾ ਹੀ ਰਹਿ ਗਿਆ ਹੈ। ਹੁਣ ਤਾਂ ਇਨ੍ਹਾਂ ਦਰਿਆਵਾਂ ਦੇ ਪਾਣੀ ਦੀ ਹਾਲਤ ਇਹ ਹੋ ਰਹੀ ਹੈ ਕਿ ਪਾਣੀ ਇਨਸਾਨ ਵੱਲੋਂ ਪੀਣਾ ਤਾਂ ਦੂਰ ਦੀ ਗੱਲ ਹੈ ਇਹ ਪਾਣੀ ਪਸ਼ੂਆਂ ਦੇ ਪੀਣ ਯੋਗ ਵੀ ਨਹੀਂ ਰਿਹਾ, ਨਾ ਹੀ ਫਸਲਾਂ ਦੇ ਯੋਗ ਹੈ। ਜੇਕਰ ਇਹ ਪਾਣੀ ਸਬਜ਼ੀਆਂ ਨੂੰ ਦੇ ਦਿੱਤਾ ਜਾਵੇ ਤਾਂ ਭਿਆਨਕ ਤੋਂ ਭਿਆਨਕ ਬੀਮਾਰੀ ਲੱਗ ਸਕਦੀ ਹੈ, ਜਿਸ ਦਾ ਇਲਾਜ ਵੀ ਸੰਭਵ ਨਹੀਂ ਹੈ। ਇਸ ਲਈ ਅਸੀਂ ਅੱਜ ਤਬਾਹੀ ਦੇ ਕੰਢੇ 'ਤੇ ਆ ਖੜ੍ਹੇ ਹੋਏ ਹਾਂ। ਅਸੀਂ ਹਰ ਦਿਨ ਕੁਦਰਤੀ ਵਾਤਾਵਰਨ ਨੂੰ ਵਿਗਾੜਣ ਵਾਲੇ ਪਾਸੇ ਲੈ ਕੇ ਜਾ ਰਹੇ ਹਾਂ।

ਅਜੇ ਜ਼ਿਆਦਾ ਸਮਾਂ ਨਹੀਂ ਹੋਇਆ ਜਦੋਂ ਸਾਰੇ ਸੂਬਿਆਂ ਵਿੱਚੋਂ ਪੰਜਾਬ ਦਾ ਪੌਣ-ਪਾਣੀ, ਸ਼ੁੱਧ ਵਾਤਾਵਰਨ ਮਨੁੱਖੀ ਸਿਹਤ ਲਈ ਗੁਣਵੱਤਾ ਭਰਪੂਰ ਸੀ, ਪਰ ਹੁਣ ਸ਼ਹਿਰ ਤਾਂ ਕੀ ਪਿੰਡਾਂ ਵਿਚ ਵੀ ਪ੍ਰਦੂਸ਼ਣ ਕਿਸੇ ਪਾਸੇ ਤੋਂ ਘੱਟ ਨਹੀਂ ਹੈ। ਫ਼ਸਲਾਂ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਲਾ ਕੇ ਅਸੀਂ ਖ਼ੁਦ ਪ੍ਰਦੂਸ਼ਣ ਵਿਚ ਵਾਧਾ ਕਰਨ ਦੇ ਜ਼ਿੰਮੇਵਾਰ ਹਾਂ।

ਮਨੁੱਖ ਦੇ ਤੰਦਰੁਸਤ ਜੀਵਨ ਲਈ ਪਾਣੀ ਅਤੇ ਹਵਾ ਸਭ ਤੋਂ ਅਹਿਮ ਹਨ। ਅਕਾਸ਼ ਵਿਚ ਪ੍ਰਦੂਸ਼ਣ ਕਈ ਅਜਿਹੀਆਂ ਬੀਮਾਰੀਆਂ ਪੈਦਾ ਕਰ ਰਿਹਾ ਹੈ, ਜਿਸ ਦਾ ਅੰਤ ਮੌਤ ਹੀ ਹੈ।

ਅੰਨੇਵਾਹ ਰੁੱਖਾਂ ਦੀ ਕੀਤੀ ਜਾ ਰਹੀ ਕਟਾਈ ਰੋਕਣੀ ਚਾਹੀਦੀ ਹੈ। ਵਿਸ਼ਵ ਪੱਧਰ 'ਤੇ ਮੁਹਿੰਮ ਚਲਾ ਕੇ ਹਰ ਤਰ੍ਹਾਂ ਦੇ ਰੁੱਖ ਲਗਾ ਕੇ ਧਰਤੀ ਨੂੰ ਹਰਿਆ-ਭਰਿਆ ਕਰਨਾ ਚਾਹੀਦਾ ਹੈ, ਕੁਝ ਅਜਿਹੇ ਬੂਟੇ-ਬੂਟੀਆਂ ਅਤੇ ਸੰਘਣੀਆਂ ਝਾੜੀਆਂ ਆਪਣੇ ਆਪ ਧਰਤੀ ਪੁਰ ਪੈਦਾ ਹੁੰਦੀਆਂ ਹਨ, ਪ੍ਰੰਤੂ ਧਰਤੀ ਜ਼ਹਿਰੀਲੀ ਹੋਣ ਕਰਕੇ ਇਹ ਕੁਦਰਤੀ ਬੂਟੀਆਂ ਨੂੰ ਪੈਦਾ ਹੋਣ ਅਤੇ ਵਧਣ-ਫੁਲਣ ਲਈ ਜੱਦੋ-ਜਹਿਦ ਕਰਨੀ ਪੈ ਰਹੀ ਹੈ ਅਜਿਹੇ ਵਾਤਾਵਰਨ ਵਿਚ ਮਨੁੱਖ ਨੂੰ ਨਹੀਂ, ਸਗੋਂ ਪਸ਼ੂ-ਪੰਛੀਆਂ ਨੂੰ ਵੀ ਆਪਣਾ ਜੀਵਨ ਬਤੀਤ ਕਰਨ ਲਈ ਕਸ਼ਟ ਝੱਲਣੇ ਪੈ ਰਹੇ ਹਨ।

ਆਮ ਤੌਰ 'ਤੇ ਵੇਖਿਆ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਦੀ ਮੌਤ ਹੋਣ ਉਪਰੰਤ ਰੋਜ਼ਾਨਾ ਹੀ ਅਣਗਿਣਤ ਲੱਕੜ ਉਸ ਦੇ ਅੰਤਿਮ ਸਸਕਾਰ ਸਮੇਂ ਵਰਤੀ ਜਾਂਦੀ ਹੈ ਜਦ ਕਿ ਆਧੁਨਿਕ ਸਮੇਂ ਬਿਜਲਈ ਅਤੇ ਗੈਸ ਰਾਹੀਂ ਸਸਕਾਰ ਕਰਨ ਦੀ ਵੀ ਵਿਵਸਥਾ ਹੈ ਪ੍ਰੰਤੂ ਆਮ ਲੋਕਾਂ ਨੂੰ ਪ੍ਰਸ਼ਾਸਨ ਵੱਲੋਂ ਠੀਕ ਢੰਗ ਨਾਲ ਜਾਣਕਾਰੀ ਨਹੀਂ ਦਿੱਤੀ ਜਾਂਦੀ ਜਿਸ ਕਰਕੇ ਇਸ ਵਿਧੀ ਤੋਂ ਲੋਕ ਅਣਜਾਣ ਹਨ। ਇਸ ਆਧੁਨਿਕ ਵਿਧੀ ਨੂੰ ਅਪਣਾਉਣ ਲਈ ਯਤਨ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਨਿੱਤ ਦਿਹਾੜੇ ਰੁੱਖਾਂ ਦੀ ਕਟਾਈ ਦਾ ਕੰਮ ਵੀ ਰੁਕ ਸਕੇਗਾ।

ਵਿਸ਼ਵ-ਭਰ ਵਿਚ ਫਸਲਾਂ ਨੂੰ ਬਚਾਉਣ ਲਈ ਬੇ-ਹਿਸਾਬ ਕੀਮਤੀ ਰਕਮ ਦੀਆਂ ਅਤਿ ਜ਼ਹਿਰੀਲੀਆਂ ਕੀਟ-ਨਾਸ਼ਕ ਦਵਾਈਆਂ ਦੀ ਵਰਤੋਂ ਕਰ ਕੇ ਮਨੁੱਖਾਂ ਦੇ ਜੀਵਨ ਵਿਚ ਹੌਲੀ-ਹੌਲੀ ਜ਼ਹਿਰ ਭੇਜਿਆ ਜਾ ਰਿਹਾ ਹੈ। ਇੱਕ ਰੁੱਖ ਹੀ ਜ਼ਹਿਰੀਲੀਆਂ ਦਵਾਈਆਂ ਦੀ ਪੂਰਤੀ ਕਰਨ ਦੀ ਬਹੁਤ ਸਮੱਰਥਾ ਰੱਖਦਾ ਹੈ। ਵਾਤਾਵਰਨ ਦਿਵਸ ਹਰ ਸਾਲ ਬਹੁਤ ਥਾਵਾਂ ਪੁਰ ਸੈਮੀਨਾਰ ਕਰ ਕੇ, ਭਾਸ਼ਣ ਕਰ ਕੇ ਮਨਾਇਆ ਜਾਂਦਾ ਹੈ। ਲੋੜ ਹੈ ਕਿ ਇਹ ਸਮਾਗਮ ਕੇਵਲ ਸਟੇਜਾਂ ਦੀ ਸ਼ਾਨ ਹੀ ਨਾ ਬਣਨ, ਬਲਕਿ ਹਰੇਕ ਵਿਅਕਤੀ ਅਮਲੀ ਰੂਪ ਦੇਣ ਦਾ ਯਤਨ ਕਰੇ, ਹਰੇਕ ਵਿਅਕਤੀ ਇੱਕ ਰੁੱਖ ਲਾਵੇ ਅਤੇ ਉਸ ਦੀ ਪੂਰੀ ਤਰ੍ਹਾਂ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਵੀ ਆਪ ਨਿਭਾਵੇ।

ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਹਰ ਖਾਲੀ ਥਾਂ ਪੁਰ ਰੁੱਖ, ਟਾਹਲੀ, ਪਿੱਪਲ ਤੇ ਨਿੰਮ ਆਦਿ ਬੂਟੇ ਲਗਾਉਣੇ ਚਾਹੀਦੇ ਹਨ, ਖਾਸ ਕਰਕੇ ਸੜਕਾਂ ਅਤੇ ਪੰਚਾਇਤੀ ਥਾਂ ਪੁਰ ਇਨ੍ਹਾਂ ਨੂੰ ਲਗਾਉਣਾ ਲਾਜ਼ਮੀ ਕਰਨਾ ਚਾਹੀਦਾ ਹੈ।

ਨਵੇਂ ਕਾਰਖਾਨੇ ਰਿਹਾਇਸ਼ੀ ਇਲਾਕਿਆਂ ਤੋਂ ਬਾਹਰਵਾਰ ਖੇਤਰਾਂ ਵਿਚ ਲਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਇਹ ਵੀ ਖਿਆਲ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਕਾਰਖਾਨਿਆਂ ਦਾ ਗੰਦਾ ਤੇਜ਼ਾਬੀ ਮਾਦਾ ਅਤੇ ਪਾਣੀ ਆਦਿ ਬਾਹਰ ਨਾ ਜਾਵੇ, ਜਿਸ ਨਾਲ ਵਾਤਾਵਰਨ ਕੋਈ ਵੀ ਖ਼ਤਰਾ ਪੈਦਾ ਨਾ ਹੋਵੇ।

ਸਮੇਂ ਦੀ ਲੋੜ ਹੈ ਹਰੇਕ ਵਿਅਕਤੀ ਨੂੰ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਯੋਗ ਉਪਰਾਲੇ ਕਰਨ ਦੀ ਅਤੇ ਸਮਾਜ-ਸੇਵੀ ਜਥੇਬੰਦੀਆਂ ਹੋਰ ਸੇਵਾ ਤੋਂ ਇਲਾਵਾ ਇਸ

ਪਾਸੇ ਵਿਸ਼ੇਸ਼ ਧਿਆਨ ਦੇਣ ਅਤੇ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਅਤੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਉੱਦਮ ਕਰਨ ਵਾਲੇ ਸੱਜਣਾਂ ਨੂੰ ਵਿਸ਼ੇਸ਼ ਮਦਦ ਦੇਣ ਤਾਂ ਜੋ ਇਨ੍ਹਾਂ ਕਾਰਜਾਂ ਵਿਚ ਅਸੀਂ ਸਫ਼ਲ ਹੋ ਸਕੀਏ।

ਵਿਗੜ ਚੁੱਕੇ ਵਾਤਾਵਰਨ ਵਿਚ ਸੁਰੱਖਿਅਤ ਜੀਵਨ ਬਤੀਤ ਕਰਨ ਲਈ ਸਾਂਝੇ ਤੌਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ। ਸਰਕਾਰਾਂ ਨੂੰ ਆਪਣੇ ਫਰਜ਼ਾਂ ਦੀ ਪੂਰਤੀ ਸ਼ਿੱਦਤ ਨਾਲ ਕਰਨੀ ਚਾਹੀਦੀ ਹੈ। ਹਰੇਕ ਪ੍ਰਕਾਰ ਦੀਆਂ ਫ਼ਸਲਾਂ ਅਤੇ ਸਬਜ਼ੀਆਂ ਵਿਚ ਕੀੜੇਮਾਰ ਜ਼ਹਿਰੀਲੀਆਂ ਦਵਾਈਆਂ ਨਿਰਧਾਰਿਤ ਕਰਨੀਆਂ ਚਾਹੀਦੀਆਂ ਹਨ। ਬੱਸਾਂ ਤੇ ਟੱਰਕਾਂ ਆਦਿ ਗੱਡੀਆਂ ਜੋ ਧੂੰਆਂ ਮਾਰ-ਮਾਰ ਕੇ ਲੋਕਾਂ ਦਾ ਜੀਵਨ ਨਸ਼ਟ ਕਰ ਰਹੇ ਹਨ, ਉਨ੍ਹਾਂ 'ਤੇ ਸਖਤੀ ਵਰਤੀ ਜਾਣੀ ਚਾਹੀਦੀ ਹੈ। ਮੌਜੂਦਾ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਤਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਸ਼ਤਾਬਦੀ ਨੂੰ ਸਮਰਪਿਤ ਹਰੇਕ ਪਿੰਡ ਦੀ ਪੰਚਾਇਤ ਨੂੰ ੫੫੦ ਰੁੱਖ ਪ੍ਰਤੀ ਪਿੰਡ ਲਾਉਣ ਦੇ ਆਦੇਸ਼ ਕੀਤੇ ਗਏ ਹਨ, ਇਸ ਤਰ੍ਹਾਂ ਲੱਗਭਗ ੭੦ ਲੱਖ ਦੇ ਕਰੀਬ ਰੁੱਖ ਪੰਜਾਬ-ਭਰ ਵਿਚ ਲੱਗ ਸਕਣਗੇ ਜੋ ਕਿ ਬਹੁਤ ਲਾਹੇਵੰਦ ਸਿੱਧ ਹੋਵੇਗਾ। ■

---

## *ਸੁਲਤਾਨਪੁਰ ਲੋਧੀ ਵਿਖੇ . . .*

*ਸਫ਼ਾ 72 ਦਾ ਬਾਕੀ . . .*

ਇਸੇ ਤਰ੍ਹਾਂ ਤਾਰੂ ਪੋਪਟ, ਮੂਲਾ ਕਿਰਾੜ, ਪਿਰਥਾ, ਖੇਡਾ, ਸੋਇਰੀ, ਪਿਰਥੀ ਮਲ ਸਹਿਗਲ, ਰਾਮਾ ਡਿਡਵਿੰਡੀਆ, ਮਾਲੋ ਮਾਂਗਾ, ਗਜਣੁ ਉਪਲ, ਸੀਹਾਂ ਉਪਲ ਆਦਿ ਗੁਰੂ ਜੀ ਦੇ ਚਰਨਾਂ ਦੇ ਭੌਰੇ ਸਿੱਖ ਸਨ।

ਇਸੇ ਤਰ੍ਹਾਂ ਇਕ ਮੁਸਲਮਾਨ ਸਾਈਂ ਜਿਸ ਦਾ ਨਾਮ ਖਰਬੂਜਾ ਸ਼ਾਹ ਹੈ। ਉਸ ਦਾ ਜ਼ਿਕਰ ਵੀ ਸੁਲਤਾਨਪੁਰ ਦੀਆਂ ਸਿੱਖ ਸੰਗਤਾਂ ਵਿਚ ਸੀਨਾ-ਬਸੀਨਾ ਤੁਰਿਆ ਆਉਂਦਾ ਹੈ ਕਿ ਇਕ ਮੁਸਲਮਾਨ ਫਕੀਰ, ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਛਕਣ ਲਈ ਖਰਬੂਜਾ ਭੇਟਾ ਕੀਤਾ।

ਇਸ ਤਰ੍ਹਾਂ ਸੁਲਤਾਨਪੁਰ ਲੋਧੀ ਵਿਚ ਗੁਰੂ ਸਾਹਿਬ ਜੀ ਦੇ ਬਹੁਤ ਸਾਰੇ ਅਨਿਨ ਸਿੱਖ ਬਣ ਗਏ ਸਨ ਜੋ ਗੁਰੂ ਜੀ ਦੇ ਵਾਪਸ ਆਉਣ ਦਾ ਇੰਤਜ਼ਾਰ ਬੜੀ ਸ਼ਿੱਦਤ ਨਾਲ ਕਰਦੇ ਸਨ। ਇਨ੍ਹਾਂ ਵਿੱਚੋਂ ਬਹੁਤੇ ਸਿੱਖ ਕਰਤਾਰਪੁਰ ਸਾਹਿਬ ਪੁੱਜ ਗਏ ਸਨ, ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਹੇ ਤੇ ਫਿਰ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਪੁੱਜ ਗਏ। ਇਨ੍ਹਾਂ ਤੋਂ ਬਾਅਦ ਵੀ ਇਸ ਇਲਾਕੇ ਅਤੇ ਇਸੇ ਸ਼ਹਿਰ ਦੇ ਬਹੁਤ ਸਿੱਖ ਗੁਰੂ ਜੀ ਦੇ ਚਰਨਾਂ ਨਾਲ ਜੁੜੇ ਸਨ, ਜਿਵੇਂ— ਪਾਰੋ ਜੁਲਕਾ, ਸੀਹਾਂ ਉਪਲ, ਮੇਸ਼ਾ ਖਤਰੀ ਸੁਲਤਾਨਪੁਰ ਦਾ ਸੀ ਜਿਸਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਮਥੋ ਨਾਮ ਦੀ ਲੜਕੀ ਨਾਲ ਵਿਆਹ ਕਰ ਕੇ ਉਸ ਨੂੰ ਮੁਰਾਰੀ ਕਹਿ ਕੇ ਸਨਮਾਨਿਆ ਸੀ। ■

# ਬੇਗਮ ਸਮਰੂ

*-ਸ. ਕਿਰਪਾਲ ਸਿੰਘ**

ਇਕ ਵਾਰ ਕਰੋੜਸਿੰਘੀਆ ਮਿਸਲ ਦੇ ਸਰਦਾਰ ਬਘੇਲ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਫੌਜਾਂ ਯਮੁਨਾ ਦਰਿਆ ਦੇ ਪਾਰਲੇ ਇਲਾਕਿਆਂ 'ਤੇ ਕਬਜ਼ਾ ਜਮਾਈ ਬੈਠੀਆਂ ਸਨ। ਇਕ-ਦਿਨ ਦੋ ਘੋੜਸਵਾਰ ਸਿੱਖ, ਜੋ ਕਿ ਕਰੋੜਸਿੰਘੀਆ ਮਿਸਲ ਦੇ ਲੜਾਕੂ ਸਨ, ਕਿਤੇ ਜਾ ਰਹੇ ਸਨ। ਉਨ੍ਹਾਂ ਨੇ ਚਾਰ ਬੰਦੂਕਧਾਰੀਆਂ ਨੂੰ ਇਕ ਪਾਲਕੀ ਚੁੱਕ ਕੇ ਲਿਜਾਂਦੇ ਹੋਏ ਵੇਖਿਆ, ਵੇਖਣ ਨੂੰ ਉਹ ਸ਼ਾਹੀ ਸੈਨਾ ਦੇ ਫੌਜੀ ਲੱਗਦੇ ਸਨ। ਮੁਗ਼ਲ ਰਾਜਸ਼ਾਹੀ ਦੇ ਸਮੇਂ ਦੌਰਾਨ ਧੱਕੜ ਮੁਸਲਮਾਨਾਂ ਦੁਆਰਾ ਹਿੰਦੂ ਇਸਤਰੀਆਂ ਨੂੰ ਜ਼ਬਰੀ ਉਧਾਲ ਕੇ ਲੈ ਜਾਣਾ ਇਕ ਆਮ ਗੱਲ ਸੀ। ਪਾਲਕੀ ਨੂੰ ਮੁਸਲਿਮ ਬੰਦੂਕਧਾਰੀਆਂ ਨੂੰ ਚੁੱਕੀ ਲਿਜਾਂਦਿਆਂ ਵੇਖ ਕੇ ਸਿੱਖ ਸਿਪਾਹੀਆਂ ਨੂੰ ਸ਼ੱਕ ਹੋ ਗਿਆ ਅਤੇ ਉਨ੍ਹਾਂ ਪਾਲਕੀ ਨੂੰ ਰੁਕਵਾ ਲਿਆ। ਚਾਰੇ ਬੰਦੂਕਧਾਰੀ ਆਪਣੇ ਹਥਿਆਰ ਸੁੱਟ ਕੇ ਭੱਜ ਉੱਠੇ। ਜਦੋਂ ਸਿੰਘਾਂ ਨੇ ਪਾਲਕੀ ਸਵਾਰ ਨੂੰ ਅਵਾਜ਼ ਮਾਰੀ ਤਾਂ ਕਿਸੇ ਸ਼ਾਹੀ ਪਰਵਾਰ ਦੀ ਇਸਤਰੀ ਨੇ ਪਰਦਾ ਚੁੱਕ ਕੇ ਜਦੋਂ ਉਨ੍ਹਾਂ ਨੂੰ ਵੇਖਿਆ ਤਾਂ ਉਹ ਡਰ ਨਾਲ ਸਹਿਮ ਗਈ। ਸਿੰਘਾਂ ਦੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਸਰਧਾਨਾ ਜਾਗੀਰ ਦੇ ਮਾਲਕ ਅੰਗਰੇਜ਼ ਜਰਨੈਲ ਮਿਸਟਰ ਵਾਲਟਰ ਦੀ ਪਤਨੀ ਹੈ ਅਤੇ ਜੋ ਜਵਾਨ ਉਸ ਨੂੰ ਛੱਡ ਕੇ ਭੱਜ ਗਏ, ਉਹ ਉਸ ਦੇ ਸਿਪਾਹੀ ਸਨ। ਇਹ ਸੁਣਦਿਆਂ ਹੀ ਸਿੱਖ ਘੋੜਸਵਾਰਾਂ ਨੇ ਬੜੀ ਮਿਹਨਤ ਤੋਂ ਬਾਅਦ ਉਸ ਦੇ ਚਾਰ ਸਿਪਾਹੀ ਲੱਭ ਲਿਆਂਦੇ ਅਤੇ ਉਸ ਇਸਤਰੀ ਨੂੰ ਸੁਰੱਖਿਅਤ ਉਸ ਦੇ ਘਰ ਸਰਧਾਨਾ ਪਹੁੰਚਾਇਆ। ਸਿੱਖਾਂ ਦੇ ਇਸ ਕਾਰਨਾਮੇ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਈ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਮੁਗ਼ਲਸ਼ਾਹੀ ਅਤੇ ਮੁਸਲਿਮ ਹਾਕਮ ਐਂਵੇ ਹੀ ਬਦਨਾਮ ਕਰ ਰਹੇ ਹਨ। ਉਨ੍ਹਾਂ ਸਿੱਖਾਂ ਨੇ ਉਸ ਨੂੰ ਦੱਸਿਆ ਕਿ ਉਹ ਸਰਦਾਰ ਬਘੇਲ ਸਿੰਘ ਕਰੋੜਸਿੰਘੀਆ ਜਥੇ ਦੇ ਮੈਂਬਰ ਹਨ ਅਤੇ ਇਲਾਕੇ ਦੀ ਗਸ਼ਤ ਕਰ ਰਹੇ ਸਨ। ਉਸ ਇਸਤਰੀ ਨੇ ਆਪਣੇ ਇਕ ਸੈਨਿਕ ਨੂੰ ਚਾਰਾਂ ਸਿੱਖਾਂ ਨਾਲ ਸਰਦਾਰ ਬਘੇਲ ਸਿੰਘ ਲਈ ਆਪਣੇ ਵੱਲੋਂ ਕੁਝ ਕੀਮਤੀ ਵਸਤਾਂ ਅਤੇ ਦੋ ਵਧੀਆ ਨਸਲ ਦੇ ਘੋੜੇ ਤੋਹਫ਼ੇ ਦੇ ਤੌਰ 'ਤੇ ਦੇ ਕੇ ਤੋਰਿਆ ਅਤੇ ਕਿਸੇ ਖਾਸ ਜਗ੍ਹਾ 'ਤੇ ਮੁਲਾਕਾਤ ਕਰਨ ਦਾ ਸੁਨੇਹਾ ਭੇਜਿਆ।

ਜਦੋਂ ਤੈਅਸ਼ੁਦਾ ਸਥਾਨ 'ਤੇ ਉਹ ਇਸਤਰੀ ਸਰਦਾਰ ਬਘੇਲ ਸਿੰਘ ਨੂੰ ਮਿਲੀ ਤਾਂ ਅੱਗੋਂ ਖਾਲਸਾ ਫ਼ੌਜਾਂ ਨੇ ਸਵਾਗਤ ਲਈ ਜ਼ੋਰਦਾਰ ਫਤਿਹ ਗਜਾਈ ਅਤੇ ਸਰਦਾਰ ਬਘੇਲ ਸਿੰਘ ਨੇ ਉਸ ਨੂੰ 'ਭੈਣ ਜੀ' ਕਹਿ ਕੇ ਅਤੇ ਉਸ ਇਸਤਰੀ ਨੇ ਉਸ ਨੂੰ 'ਭਾਈ ਸਾਹਿਬ'

**ਸਾਬਕਾ ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੮੫੫੦-੩੫੩੫੫*

ਕਹਿ ਕੇ ਸੰਬੋਧਨ ਕੀਤਾ। ਸਰਦਾਰ ਬਘੇਲ ਸਿੰਘ ਦੀ ਇਸ ਧਰਮ-ਭੈਣ ਦਾ ਨਾਮ ਬੇਗਮ ਸਮਰੂ ਸੀ।

ਕਰਨਲ ਅਵਤਾਰ ਸਿੰਘ (ਬਰਾੜ) ਆਪਣੀ ਪੁਸਤਕ 'ਦਿ ਗਰੇਟ ਸਿੱਖ ਵਾਰੀਅਰ: ਬਘੇਲ ਸਿੰਘ' ਵਿਚ ਲਿਖਦਾ ਹੈ ਕਿ ਬੇਗ਼ਮ ਸਮਰੂ ਨੂੰ ਬਚਪਨ ਵਿਚ ਫਰਜ਼ਾਨਾ ਬੇਗ਼ਮ ਕਿਹਾ ਜਾਂਦਾ ਸੀ। ਉਸ ਦੀ ਮਾਂ ਦਾ ਨਾਮ ਜੱਦਾਂ ਬਾਈ ਸੀ। ਜਦੋਂ ਨਾਦਰ ਸ਼ਾਹ ਨੇ ਦਿੱਲੀ ਉੱਪਰ ਹਮਲਾ ਕੀਤਾ ਅਤੇ ਲੁੱਟ-ਮਾਰ ਮਚਾਈ, ਉਦੋਂ ਬੇਗ਼ਮ ਸਮਰੂ ਦੀ ਉਮਰ ਅੱਠ ਸਾਲ ਸੀ ਅਤੇ ਦਿੱਲੀ ਵਿਚ ਹੋਏ ਕਤਲ-ਓ-ਗਾਰਤ ਵੇਲੇ ਉਸ ਦੀ ਮਾਂ ਨੇ ਗੁਲ ਬਦਨ ਨਾਮ ਦੀ ਇਕ ਨਾਚੀ ਦੇ ਘਰ ਪਨਾਹ ਲਈ ਸੀ। ਉਨ੍ਹਾਂ ਦਿਨਾਂ ਵਿਚ ਦਿੱਲੀ ਦਾ ਮੁਗ਼ਲ ਬਾਦਸ਼ਾਹ, ਨਾਦਰ ਸ਼ਾਹ ਦਾ ਮੁਕਾਬਲਾ ਕਰਨ ਦੀ ਬਜਾਇ ਕਿਤੇ ਲੁਕ ਗਿਆ ਸੀ, ਜਿਸ ਕਰਕੇ ਅਫ਼ਗਾਨੀ ਧਾੜਵੀਆਂ ਨੇ ਦਿੱਲੀ ਨੂੰ ਖ਼ੂਬ ਲੁੱਟਿਆ। ਅਜਿਹੇ ਮਾਹੌਲ ਵਿਚ ਦਿੱਲੀ ਦੇ ਰਈਸ ਹਿੰਦੂ-ਮੁਸਲਮਾਨ ਲਖਨਊ ਅਤੇ ਫੈਜ਼ਾਬਾਦ ਆਦਿ ਇਲਾਕਿਆਂ ਵੱਲ ਹਿਜਰਤ ਕਰ ਗਏ ਸਨ। ਇਹ ਇਲਾਕੇ ਅਵਧ ਦੇ ਨਵਾਬ ਦੇ ਸ਼ਾਸਨ ਅੰਦਰ ਸਨ।

ਬੇਗ਼ਮ ਸਮਰੂ ਉੱਚੀ-ਲੰਮੀ 'ਤੇ ਸੋਹਣੇ ਰੰਗ-ਰੂਪ ਵਾਲੀ ਲੜਕੀ ਸੀ। ਇਤਿਹਾਸਕਾਰ ਬ੍ਰਜਿੰਦਰਨਾਥ ਬੈਨਰਜੀ ਦੀ ਪੁਸਤਕ 'ਬੇਗਮ ਸਮਰੂ' ਅਨੁਸਾਰ ਉਹ ਇਕ ਨੌਜਵਾਨ ਨਾਲ ਰਹਿਣ ਲੱਗ ਪਈ ਸੀ, ਜਿਸ ਨਾਲ ਉਸ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਇਕ ਲੜਕੀ ਨੂੰ ਜਨਮ ਦਿੱਤਾ ਸੀ। ਅਸਲ ਵਿਚ ਇਹ ਕਹਾਣੀ ਉਸ ਨੂੰ ਬਦਨਾਮ ਕਰਨ ਵਾਸਤੇ ਉਦੋਂ ਘੜੀ ਗਈ ਜਦੋਂ ਇਕ ਅੰਗਰੇਜ਼, ਜਨਰਲ ਵਾਲਟਰ ਸੋਮਬਰ ਬੇਗ਼ਮ ਸਮਰੂ ਦਾ ਨਾਚ-ਗਾਣਾ ਵੇਖ ਕੇ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨਾਲ ਵਿਆਹ ਕਰਨ ਦੀ ਇੱਛਾ ਜ਼ਾਹਰ ਕੀਤੀ। ਉਦੋਂ ਜਨਰਲ ਵਾਲਟਰ ਆਗਰੇ ਵਿਖੇ ਆਪਣੀ ਛੋਟੀ ਜਿਹੀ ਫੌਜ ਨਾਲ ਰਹਿ ਰਿਹਾ ਸੀ, ਜੋ ਇਕ ਜਾਟ ਰਾਜੇ ਦੇ ਪ੍ਰਬੰਧ ਹੇਠ ਸੀ। ਗੁਲ ਬਦਨ ਨੇ ਬੇਗਮ ਸਮਰੂ ਦੀ ਸ਼ਾਦੀ ਜਨਰਲ ਵਾਲਟਰ ਨਾਲ ਕਰ ਦਿੱਤੀ। ਉਸ ਵਕਤ ਬੇਗ਼ਮ ਸਮਰੂ ਦੀ ਮਾਂ ਮਰ ਚੁੱਕੀ ਸੀ। ਸ਼ਾਦੀ ਤੋਂ ਬਾਅਦ ਜਨਰਲ ਵਾਲਟਰ ਉਸ ਨੂੰ ਆਗਰੇ ਲੈ ਗਿਆ।

ਉਸ ਨੇ ਬੇਗਮ ਸਮਰੂ ਨੂੰ ਆਗਰੇ ਵਿਖੇ ਸੈਨਿਕ ਸਿੱਖਿਆ ਦੇ ਨਾਲ-ਨਾਲ ਅੰਗਰੇਜ਼ੀ ਬੋਲਣ ਅਤੇ ਸਮਝਣ ਦੀ ਤਾਲੀਮ ਵੀ ਦਿਵਾਈ। ਹੌਲੀ-ਹੌਲੀ ਉਹ ਫ਼ੌਜ ਦੇ ਕੰਮ-ਕਾਜ ਨੂੰ ਜਾਣ ਗਈ ਅਤੇ ਆਪਣੇ ਪਤੀ ਵਾਲਟਰ ਨਾਲ ਹੱਥ ਵੰਡਾਉਣ ਲੱਗ ਪਈ। ਆਪਣੇ ਪਤੀ ਨਾਲ ਉਹ ਕਈ ਲੜਾਈਆਂ ਦੇ ਮੁਹਾਜ 'ਤੇ ਵੀ ਗਈ। ਉਹ ਲੜਾਈ ਦੇ ਮੈਦਾਨ ਵਿਚ ਜਾਣ ਵੇਲੇ ਮਰਦਾਵੀਂ ਫੌਜੀ ਵਰਦੀ ਪਹਿਨਦੀ, ਸਿਰ ਉੱਤੇ ਪੱਗੜੀ ਅਤੇ ਹੱਥ ਵਿਚ ਤਲਵਾਰ ਰੱਖਦੀ ਸੀ। ਉਹ ਇਕ ਨਿਪੁੰਨ ਘੋੜਸਵਾਰ ਵੀ ਸੀ। ਛੇਤੀ ਹੀ ਉਹ ਭਾਰਤ ਦੇ ਇਸ ਖਿੱਤੇ ਵਿਚ ਇਕ ਬਹਾਦਰ ਸੈਨਿਕ ਦੇ ਤੌਰ 'ਤੇ ਜਾਣੀ ਜਾਣ ਲੱਗ ਪਈ ਸੀ।

ਇਕ ਵਾਰ ਦਿੱਲੀ ਦੇ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਨੇ ਜਨਰਲ ਵਾਲਟਰ

ਨਾਲ ਦਿੱਲੀ ਦੇ ਲਾਲ ਕਿਲ੍ਹੇ ਵਿਚ ਮੁਲਾਕਾਤ ਕੀਤੀ, ਜਿਸ ਵਿਚ ਬੇਗਮ ਸਮਰੂ ਵੀ ਸ਼ਾਮਲ ਸੀ। ਉਦੋਂ ਵਾਲਟਰ ਨੇ ਬਾਦਸ਼ਾਹ ਪਾਸੋਂ ਜਾਗੀਰ ਦੀ ਮੰਗ ਕੀਤੀ ਸੀ। ਬੇਗਮ ਸਮਰੂ ਆਪਣੀ ਸੂਝ-ਬੂਝ ਸਦਕਾ ਸ਼ਾਹੀ ਪਰਵਾਰ ਦੀਆਂ ਇਸਤਰੀਆਂ ਵਿਚ ਘੁਲ-ਮਿਲ ਗਈ, ਜਿਸ ਦੇ ਸਿੱਟੇ ਵਜੋਂ ਰਾਣੀ ਨੇ ਵੀ ਜਾਗੀਰ ਦੀ ਮੰਗ 'ਤੇ ਆਪਣੀ ਹਮਾਇਤ ਦੇ ਦਿੱਤੀ। ਆਖੀਰ ਬਾਦਸ਼ਾਹ ਨੇ ਯਮੁਨਾ ਦਰਿਆ ਦੇ ਕੰਢੇ 'ਤੇ ਸਥਿਤ ਸਰਧਾਨਾ ਪਿੰਡ ਦੀ ਜਾਗੀਰ ਉਸ ਦੇ ਨਾਮ ਕਰ ਦਿੱਤੀ। ਇਹ ਜਾਗੀਰ ਮੇਰਠ ਦੇ ਨਜ਼ਦੀਕ ਸਥਿਤ ਸੀ ਅਤੇ ਇਸ ਤੋਂ ਕੁਝ ਚਿਰ ਮਗਰੋਂ ਬਾਦਸ਼ਾਹ ਨੇ ਜਨਰਲ ਵਾਲਟਰ ਨੂੰ ਆਗਰੇ ਦਾ ਗਵਰਨਰ ਵੀ ਬਣਾ ਦਿੱਤਾ ਸੀ। ਵਾਲਟਰ ਨੇ ਆਗਰੇ ਵਿਖੇ ਆਪਣੀ ਪਤਨੀ ਬੇਗਮ ਸਮਰੂ ਵਾਸਤੇ ਇਕ ਸ਼ਾਨਦਾਰ ਘਰ ਅਤੇ ਇਕ ਚਰਚ ਵੀ ਬਣਵਾਇਆ।

ਸੰਨ ੧੭੭੮ ਵਿਚ ਜਨਰਲ ਵਾਲਟਰ ਸੰਖੇਪ ਬੀਮਾਰੀ ਤੋਂ ਬਾਅਦ ਮਰ ਗਿਆ, ਉਦੋਂ ਉਸ ਦੀ ਜਾਗੀਰ ਦੀ ਮਾਲਕੀ ਦੇ ਹੱਕ ਬਾਬਤ ਬੇਗਮ ਸਮਰੂ ਅਤੇ ਵਾਲਟਰ ਦੀ ਪਹਿਲੀ ਪਤਨੀ ਵਿੱਚੋਂ ਇਕ ਪੁੱਤਰ ਦਰਮਿਆਨ ਕਸ਼ਮਕਸ਼ ਸ਼ੁਰੂ ਹੋ ਗਈ, ਪਰ ਦਿੱਲੀ ਹਕੂਮਤ ਦੇ ਵਜ਼ੀਰ ਨਜ਼ਫ਼ ਖਾਨ ਨੇ ਸਾਰੀ ਜਾਇਦਾਦ ਅਤੇ ਸਰਧਾਨਾ ਦੀ ਜਾਗੀਰ ਬੇਗ਼ਮ ਸਮਰੂ ਦੇ ਹੱਕ ਵਿਚ ਕਰ ਦਿੱਤੀ। ਇਸ ਤਰ੍ਹਾਂ ਇਹ ਆਪਣੀ ਕਿਸਮ ਦੀ ਪਹਿਲੀ ਮਿਸਾਲ ਸੀ ਕਿ ਦਿੱਲੀ ਦੀ ਮੁਗ਼ਲੀਆ ਹਕੂਮਤ ਵੱਲੋਂ ਕਿਸੇ ਇਸਤਰੀ ਨੂੰ ਜਾਗੀਰ ਦਾ ਹੱਕਦਾਰ ਬਣਾਇਆ ਅਤੇ ਉਹ ਫੌਜ ਦੀ ਜਰਨੈਲ ਵੀ ਹੋਵੇ। ੭ ਮਈ, ੧੭੮੧ ਨੂੰ ਉਸ ਨੇ ਈਸਾਈ ਧਰਮ ਅਪਣਾ ਲਿਆ ਅਤੇ ਉਹ ਜੁਆਨਾ ਨੋਬਲਜ਼ ਸੋਂਬਰ ਜੇਬੁਨਿਸਾ ਬੇਗਮ ਦੇ ਨਾਮ ਨਾਲ ਜਾਣੀ ਜਾਣ ਲੱਗ ਪਈ। ਹੁਣ ਉਹ ਭਾਰਤ ਦੀ ਪਹਿਲੀ ਈਸਾਈ ਫੌਜੀ ਜਰਨੈਲ ਇਸਤਰੀ ਬਣ ਗਈ ਸੀ।

ਜਦੋਂ ਸਿੱਖ ਜਰਨੈਲ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਨਵਾਬ ਕਪੂਰ ਸਿੰਘ ਦੇ ਖਾਲਸਾ ਦਲਾਂ ਨੇ ਸੰਨ ੧੭੮੩-੮੪ ਵਿਚ ਇਕ ਸਾਂਝੀ ਫੌਜੀ ਮੁਹਿੰਮ ਤਹਿਤ ਦਿੱਲੀ ਫਤਿਹ ਕਰ ਲਈ, ਉਦੋਂ ਬਾਦਸ਼ਾਹ ਸ਼ਾਹ ਆਲਮ ਦੂਜਾ ਆਪਣੇ ਪਰਵਾਰ ਸਮੇਤ ਦਿੱਲੀ ਛੱਡ ਕੇ ਕਿਤੇ ਲੁਕ ਗਿਆ ਸੀ। ਕਈ ਇਤਿਹਾਸਕਾਰਾਂ ਅਨੁਸਾਰ ਉਹ ਲਾਲ ਕਿਲ੍ਹੇ ਦੇ ਕਿਸੇ ਗੁਪਤ ਨਿਵਾਸ ਵਿਚ ਚਲਾ ਗਿਆ ਸੀ, ਪਰ ਇਹ ਗੱਲ ਸਹੀ ਨਹੀਂ ਹੈ। ਉਸ ਦੇ ਅਗਿਆਤਵਾਸ ਹੁੰਦਿਆਂ ਹੀ ਬੇਗਮ ਸਮਰੂ ਦੀ ਮਾਰਫ਼ਤ ਨੇ ਸਿੱਖ ਦਲਾਂ ਨਾਲ ਸੁਲਹ ਦੀ ਗੱਲ ਤੋਰੀ। ਆਖੀਰ ਇਕ ਅਹਿਦ ਅਨੁਸਾਰ ਖਾਲਸਾ ਦਲ ਆਪਣੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਸੱਤ ਇਤਿਹਾਸਿਕ ਅਸਥਾਨਾਂ ਦੀ ਕਾਰ-ਸੇਵਾ ਅਤੇ ਉਨ੍ਹਾਂ ਦੀ ਸਿੱਖ ਧਰਮ ਅਨੁਸਾਰ ਮਰਯਾਦਾ ਬਹਾਲ ਕਰ ਕੇ ਵਾਪਸ ਪੰਜਾਬ ਆ ਗਏ। ਲਿਖਤੀ ਅਹਿਦਨਾਮੇ ਅਨੁਸਾਰ ਦਿੱਲੀ ਦੀ ਮਹਿਸੂਲ ਚੁੰਗੀ ਦੀ ਆਮਦਨ ਦੇ ਇੱਕ ਰੁਪਏ ਵਿੱਚੋਂ ਛੇ ਆਨੇ ਉਨ੍ਹਾਂ ਦੀ ਰੱਖ-ਰਖਾਉ ਅਤੇ ਲੰਗਰਾਂ ਵਾਸਤੇ ਤੈਅ ਕੀਤੇ ਗਏ। (ਅੰਗਰੇਜ਼ਾਂ ਨੇ ਦਿੱਲੀ ਉੱਤੇ ਸੰਨ ੧੮੦੩ ਵਿਚ ਕਬਜ਼ਾ ਕਰਨ ਤੋਂ ਬਾਅਦ ਇਹ ਵਿਵਸਥਾ ਬੰਦ ਕਰ ਦਿੱਤੀ ਅਤੇ

ਕਈ ਗੁਰਧਾਮਾਂ ਦੀ ਜ਼ਮੀਨ 'ਤੇ ਜ਼ਬਰੀ ਕਬਜ਼ਾ ਕਰ ਲਿਆ ਸੀ।)

ਜਦੋਂ ਖਾਲਸਾ ਫੌਜਾਂ ਆਪਣਾ ਕੰਮ ਤੈਅਸ਼ੁਦਾ ਸਮੇਂ ਵਿਚ ਮੁਕਾ ਕੇ ਵਾਪਸ ਪੰਜਾਬ ਮੁੜਨ ਲੱਗੀਆਂ ਉਦੋਂ ਉਨ੍ਹਾਂ ਨੂੰ ਸਤਿਕਾਰ ਸਹਿਤ ਵਿਦਾ ਕਰਨ ਲਈ ਬੇਗਮ ਸਮਰੂ ਵੀ ਉੱਥੇ ਮੌਜੂਦ ਸੀ।

ਇਕ ਵਾਰ ਈਸਟ ਇੰਡੀਆ ਕੰਪਨੀ (ਅੰਗਰੇਜ਼ੀ ਹਕੂਮਤ) ਦਾ ਜਰਨੈਲ ਫਰੈਂਕਸ ਰੇਸਟਿੰਗਸ ਜਦੋਂ ਦਿੱਲੀ ਆਇਆ ਤਾਂ ਉਹ ਬੇਗਮ ਸਮਰੂ ਨੂੰ ਨਾਲ ਲੈ ਕੇ ਦਿੱਲੀ ਦੇ ਬਾਦਸ਼ਾਹ ਨੂੰ ਮਿਲਿਆ, ਕਿਉਂਕਿ ਉਹ ਅੰਗਰੇਜ਼ੀ ਭਾਸ਼ਾ ਚੰਗੀ ਤਰ੍ਹਾਂ ਬੋਲ ਅਤੇ ਸਮਝ ਲੈਂਦੀ ਸੀ। ਮੁਗ਼ਲ ਬਾਦਸ਼ਾਹ ਨੇ ਬੇਗਮ ਸਮਰੂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਹਵੇਲੀ ਉਸਾਰਨ ਲਈ ਜ਼ਮੀਨ ਵੀ ਦਿੱਤੀ ਜਿਸ ਉੱਪਰ ਉਸ ਨੇ ਇਕ ਸ਼ਾਨਦਾਰ ਘਰ ਤਾਮੀਰ ਕਰਵਾਇਆ। ਕਿਹਾ ਜਾਂਦਾ ਹੈ ਕਿ ਉਹ ਸ਼ਾਨਦਾਰ ਹਵੇਲੀ-ਨੁਮਾ ਘਰ ਅੱਜ ਵੀ ਮੌਜੂਦ ਹੈ। ਸੰਨ ੧੮੩੬ ਵਿਚ ਬੇਗਮ ਸਮਰੂ ਇਸ ਫਾਨੀ ਸੰਸਾਰ ਤੋਂ ਵਿਦਾ ਹੋ ਗਈ। ਉਸ ਨੂੰ ਆਗਰੇ ਦੇ ਉਸੇ ਚਰਚ ਵਿਚ ਦਫ਼ਨਾਇਆ ਗਿਆ ਜੋ ਉਸ ਨੇ ਖ਼ੁਦ ਤਾਮੀਰ ਕਰਵਾਇਆ ਸੀ।

ਭਾਵੇਂ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜੇ ਵੱਲੋਂ ਜਾਗੀਰ ਦੇ ਹੱਕ ਦੇਣ ਬਦਲੇ ਉਸ ਨੂੰ ਉੱਤਰ ਵੱਲ ਸਿੱਖ ਦਲਾਂ ਦੀਆਂ ਫੌਜੀ ਗਤੀਵਿਧੀਆਂ ਉੱਪਰ ਖਾਸ ਨਜ਼ਰ ਰੱਖਣ ਵਾਸਤੇ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਸਨ, ਪਰ ਉਸ ਨੇ ਆਪਣੀ ਸੂਝ-ਬੂਝ ਸਦਕਾ ਖਾਲਸਾ ਦਲਾਂ ਨਾਲ ਇਕ ਵੀ ਲੜਾਈ ਨਹੀਂ ਲੜੀ ਜਿਸ ਕਰਕੇ ਉਹ ਜੇਤੂ ਸਿੱਖ ਜਰਨੈਲ ਸਰਦਾਰ ਬਘੇਲ ਸਿੰਘ ਨਾਲ ਹਾਰੇ ਹੋਏ ਮੁਗ਼ਲ ਬਾਦਸ਼ਾਹ ਨਾਲ ਸੁਲਹ-ਸਫਾਈ ਕਰਵਾਉਣ ਵਿਚ ਕਾਮਯਾਬ ਹੋਈ ਸੀ। ■

## ਸ੍ਰੀ ਗੋਇੰਦਵਾਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਬੀਰ ਸਿੰਘ ਮਾਨੋਚਾਹਲ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਜ਼ਿਲ੍ਹਾ ਸ੍ਰੀ ਤਰਨ ਤਾਰਨ ਵਿਖੇ ੧੪ ਸਤੰਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ, ਜਿਸ ਤਹਿਤ ੩੧ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਮੌਕੇ ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲਾ, ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਸ਼ੇਸ਼ ਤੌਰ 'ਤੇ ਵਿਚ ਹਾਜ਼ਰ ਸਨ।

# ਗ਼ਦਰ ਲਹਿਰ ਦਾ ਅਨਮੋਲ ਹੀਰਾ:ਗਿਆਨੀ ਨਾਹਰ ਸਿੰਘ

*-ਸ. ਜੈਤੇਗ ਸਿੰਘ ਅਨੰਤ**

ਨਾਰੰਗਵਾਲ ਤੇ ਗੁਜਰਵਾਲ ਲੁਧਿਆਣੇ ਜ਼ਿਲ੍ਹੇ ਦੇ ਅਜਿਹੇ ਪਿੰਡ ਹਨ, ਜਿਨ੍ਹਾਂ ਨੇ ਗ਼ਦਰ ਲਹਿਰ ਦੇ ਦੌਰਾਨ ਅਨੇਕ ਗ਼ਦਰੀਆਂ ਤੇ ਦੇਸ਼-ਭਗਤਾਂ ਨੂੰ ਜਨਮ ਦਿੱਤਾ। ਇਨ੍ਹਾਂ ਪਿੰਡਾਂ ਦੇ ਵਿਚ ਗ਼ਦਰ ਦੀ ਚੰਗਿਆੜੀ ਲਾਉਣ ਦਾ ਕਾਰਜ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਸ਼ਖ਼ਸੀਅਤ ਹੀ ਸੀ ਜਿਸ ਦੀ ਜਾਗ ਦੇ ਨਾਲ ਨਾਰੰਗਵਾਲ ਤੇ ਆਲੇ-ਦੁਆਲੇ ਦੇ ਅਨੇਕਾਂ ਪਿੰਡਾਂ ਵਿਚ ਨੌਜਵਾਨ ਦੇਸ਼ ਦੀ ਅਜ਼ਾਦੀ ਤੇ ਦੇਸ਼ ਦੇ ਰੰਗ ਵਿਚ ਰੰਗੇ ਗਏ। ਮਾਲਵੇ ਦੇ ਵਿਚ ਨਾਰੰਗਵਾਲ ਤੇ ਢੁਡੀਕੇ ਗ਼ਦਰੀਆਂ ਦੀਆਂ ਛਾਉਣੀਆਂ ਸਨ। ਇਨ੍ਹਾਂ ਛਾਉਣੀਆਂ ਦੇ ਵਿੱਚੋਂ ਹੀ ਗਿਆਨੀ ਨਾਹਰ ਸਿੰਘ ਗੁਜਰਵਾਲ ਇਕ ਅਜਿਹੀ ਸ਼ਖ਼ਸੀਅਤ ਹੋਏ ਸਨ, ਜਿਨ੍ਹਾਂ ਗ਼ਦਰ ਲਹਿਰ ਵਿਚ ਕੁਰਬਾਨੀ ਹੀ ਨਹੀਂ ਕੀਤੀ, ਸਗੋਂ ਗ਼ਦਰ ਲਹਿਰ ਨੂੰ ਗ਼ਦਰੀਆਂ ਤੇ ਦੇਸ਼-ਭਗਤਾਂ ਨੂੰ ਆਪਣੀ ਕਲਮ ਨਾਲ ਰੁਸ਼ਨਾਇਆ ਵੀ ਹੈ। ਜਿੱਥੇ ਉਹ ਗ਼ਦਰੀ ਤੇ ਦੇਸ਼-ਭਗਤ ਸਨ, ਉੱਥੇ ਹੀ ਉਹ ਚੋਟੀ ਦੇ ਵਿਦਵਾਨ, ਲੇਖਕ, ਪੱਤਰਕਾਰ ਤੇ ਪੰਜ ਅਖ਼ਬਾਰ ਦੇ ਐਡੀਟਰ ਵੀ ਰਹੇ ਹਨ। ਉਨ੍ਹਾਂ ਦੀ ਕਲਮ ਤੇ ਉਨ੍ਹਾਂ ਦੀਆਂ ਲਿਖਤਾਂ ਨੇ ਸੁੱਤੀਆਂ ਕਲਾ ਨੂੰ ਜਗਾਇਆ ਤੇ ਕੌਮ ਨੂੰ ਗ਼ੁਲਾਮੀ ਦੇ ਸੰਗਲਾਂ ਨੂੰ ਤੋੜਨ ਲਈ ਉਤੇਜਿਤ ਵੀ ਕੀਤਾ।

ਗਿਆਨੀ ਨਾਹਰ ਸਿੰਘ ਜੀ ਦਾ ਜਨਮ ਆਪਣੇ ਨਾਨਕੇ ਪਿੰਡ ਰਾਮਗੜ੍ਹ ਵਿਖੇ ੧੮੯੨ ਈ., ਸੰਮਤ ੧੯੪੯ ਬਿਕ੍ਰਮੀ ਨੂੰ ਪਿਤਾ ਸ. ਠਾਕਰ ਸਿੰਘ ਦੇ ਘਰ ਹੋਇਆ। ਜਨਮ ਤੋਂ ਬਾਅਦ ਡੇਢ ਸਾਲ ਸੋਕੇ ਦੀ ਬੀਮਾਰੀ ਰਹੀ। ਗੁਜਰਵਾਲ ਪਿੰਡ ਦੇ ਹੀ ਡਾਕਟਰ ਸਰਦਾਰਾ ਸਿੰਘ ਨੇ ਇਲਾਜ ਕੀਤਾ। ਫੇਰ ਬਚਪਨ ਵਿਚ ਹੀ ਉੱਤਰ ਪ੍ਰਦੇਸ਼ ਦੇ ਫੈਜ਼ਾਬਾਦ ਤੇ ਲਖਨਊ ਦੀ ਛਾਉਣੀ ਰਹੇ। ਸੰਨ ੧੯੦੧ ਵਿਚ ਨੌਂ ਸਾਲ ਦੀ ਉਮਰ ਵਿਚ ਪਿੰਡ ਆ ਗਏ। ਸੰਨ ੧੯੦੨ ਮਾਰਚ ਦੇ ਮਹੀਨੇ ਸਾਰੇ ਦੇਸ਼ ਵਿਚ ਪਲੇਗ ਦੀ ਬੀਮਾਰੀ ਫੈਲ ਗਈ। ਆਪ ਜੀ ਬੀਮਾਰ ਹੋ ਗਏ। ਮਾਤਾ ਜੀ ਇਸ ਨਾਮੁਰਾਦ ਪਲੇਗ ਨਾਲ ਪਰਲੋਕ ਸਿਧਾਰ ਗਏ। ਬੀਮਾਰੀ ਇੰਨੀ ਫੈਲ ਗਈ ਕਿ ਗੁਜਰਵਾਲ ਵਿਚ ੫੦੦ ਬੰਦੇ ਮਰ ਗਏ। ਆਪ ਦੀ ਸਿਹਤ ਖ਼ਰਾਬ ਹੀ ਰਹਿੰਦੀ ਰਹੀ। ਹਰ ਸਾਲ ਮਲੇਰੀਆ ਬੁਖ਼ਾਰ ਹੋ ਜਾਂਦਾ ਰਿਹਾ। ਫੇਰ ਕੁਝ ਚਿਰ ਗੁਰਮੁਖੀ ਦੇ ਸਕੂਲ ਗੁਜਰਵਾਲ ਵਿਚ ਪੜ੍ਹਾਈ ਕੀਤੀ। ਉਪਰੰਤ ਸਰਕਾਰੀ ਸਕੂਲ ਵਿਚ ਦਾਖ਼ਲ ਹੋ ਕੇ ੧੯੦੮ ਵਿਚ ਪ੍ਰਾਇਮਰੀ ਪਾਸ ਕਰਕੇ ਮਾਲਵਾ ਖਾਲਸਾ ਸਕੂਲ, ਲੁਧਿਆਣਾ ਵਿਚ ਦਾਖ਼ਲ ਹੋ ਗਏ। ਮਾਲਵਾ ਖਾਲਸਾ ਹਾਈ ਸਕੂਲ, ਲੁਧਿਆਣਾ ਜਿੱਥੇ ਨੌਜਵਾਨ ਪਨੀਰੀ ਦੇਸ਼-ਭਗਤੀ ਦੇ

**ਸਰੀ (ਕਨੇਡਾ) ਮੋ. ੦੦੧-੭੭੮-੩੮੫-੮੧੪੧*

ਰੰਗ ਵਿਚ ਰੰਗੀ ਹੋਈ ਸੀ, ਭਾਈ ਸਾਹਿਬ ਰਣਧੀਰ ਸਿੰਘ ਹਰ ਬੁੱਧਵਾਰ ਸਕੂਲ ਦੇ ਬੋਰਡਿੰਗ ਹਾਊਸ ਵਿਚ ਕੀਰਤਨ ਦੀਆਂ ਅਗੰਮੀ ਤੇ ਇਲਾਹੀ ਧੁਨਾਂ ਨੇ ਨੌਜਵਾਨਾਂ ਦੇ ਜੀਵਨ 'ਤੇ ਚੰਗਾ ਅਸਰ ਕੀਤਾ। ਆਪ ਭਾਈ ਸਾਹਿਬ ਦੀ ਸੰਗਤ ਵਿਚ ਆ ਗਏ। ਇੱਥੇ ਹੀ ਆਪਣੇ ਕਈ ਸਾਥੀਆਂ ਨਾਲ ਖੰਡੇ-ਬਾਟੇ ਦਾ ਅੰਮ੍ਰਿਤ ਛਕ ਲਿਆ। ਮਾਲਵਾ ਖਾਲਸਾ ਹਾਈ ਸਕੂਲ, ਲੁਧਿਆਣਾ ਦੀ 'ਭੁਝੰਗੀ ਸਭਾ' ਦੇ ਜਨਰਲ ਸਕੱਤਰ ਚੁਣੇ ਗਏ। ਇਸ 'ਭੁਝੰਗੀ ਸਭਾ' ਵਿਚ ਆਪ ਦੇ ਸਾਥੀਆਂ ਵਿਚ ਸੱਜਣ ਸਿੰਘ ਨਾਰੰਗਵਾਲ, ਭਾਈ ਹਰਭਜਨ ਸਿੰਘ ਚਮਿੰਡਾ, ਗਿਆਨੀ ਦਲੀਪ ਸਿੰਘ ਫੂਲੇਵਾਲ ਸਨ। ਕਰਤਾਰ ਸਿੰਘ ਸਰਾਭਾ ਵੀ ਅਮਰੀਕਾ ਜਾਣ ਤੋਂ ਪਹਿਲਾਂ ਇੱਥੇ ਆਉਂਦਾ ਤੇ ਆਪ ਗ਼ੁਲਾਮੀ ਦੇ ਸੰਗਲ ਤੋੜਣ ਤੇ ਦੇਸ਼ ਨੂੰ ਅਜ਼ਾਦ ਕਰਵਾਉਣ ਦੀਆਂ ਵਿਉਂਤਾਂ ਬਣਾਉਂਦੇ। ਮਾਲਵਾ ਖਾਲਸਾ ਸਕੂਲ, ਲੁਧਿਆਣਾ ੧੯੧੪-੧੫ ਈ. ਤਕ ਰਹੇ। ੧੯੧੨ ਈ. ਵਿਚ ਸੰਗਰਹਿਣੀ ਦੀ ਬੀਮਾਰੀ ਹੋ ਗਈ ਜਿਸ ਕਾਰਨ ਅੱਠ ਸਾਲ ੧੯੧੯ ਈ. ਤਕ ਬੀਮਾਰ ਹੀ ਰਹੇ ਤੇ ਦਸਵੀਂ ਦੀ ਪ੍ਰੀਖਿਆ ਪਾਸ ਨਾ ਕਰ ਸਕੇ।

ਫੈਜ਼ਾਬਾਦ ਦੀ ਛਾਉਣੀ ਵਿਖੇ ਆਪ ਦੇ ਇਕ ਦਿਨ ਕੰਨ ਵਿਚ ਦਰਦ ਹੋਇਆ ਤੇ ਕੰਨ ਵਗਣ ਲੱਗ ਪਿਆ ਜੋ ਕਈ ਸਾਲ ਵਗਦਾ ਰਿਹਾ ਤੇ ਆਪੇ ਹੀ ਹਟਿਆ। ਜਿਸ ਕਾਰਨ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖੱਬੇ ਕੰਨ ਤੋਂ ਘੱਟ ਸੁਣਾਈ ਦਿੰਦਾ ਰਿਹਾ ਹੈ। ਅੱਖਾਂ ਵਿਚ ਕੁਕਰੇ ਪੈ ਗਏ, ਪਹਿਲਾ ਓਪਰੇਸ਼ਨ ੧੯੦੯ ਈ. ਵਿਚ ਦੂਜਾ ੧੯੧੯ ਈ. ਵਿਚ ਕਰਵਾਇਆ ਪਰ ਕੁਕਰੇ ਵੀ ਜ਼ਿੰਦਗੀ ਦੇ ਅੰਤ ਤਕ ਰਹੇ। ੧੯੧੩-੧੪ ਈ. ਵਿਚ ਕਿਰਪਾਨ ਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਮਸਲਾ ਛਿੜਿਆ। ਆਪ ਅਰਾਮ ਨਾਲ ਨਹੀਂ ਬੈਠੇ ਤੇ ਇਸ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ।

ਗ਼ਦਰ ਲਹਿਰ ਵਿਚ ਭਾਈ ਸਾਹਿਬ ਰਣਧੀਰ ਸਿੰਘ ਆਪਣੇ ਸਾਥੀਆਂ ਸਮੇਤ ਸ਼ਾਮਲ ਹੋ ਗਏ। ਗਿਆਨੀ ਨਾਹਰ ਸਿੰਘ ਜੀ ਤੇ ਮਾਲਵਾ ਖਾਲਸਾ ਸਕੂਲੋਂ ਦੀ 'ਭੁਝੰਗੀ ਸਭਾ' ਵੀ ਇਸ ਵਿਚ ਹੁਮ-ਹੁਮਾ ਕੇ ਸ਼ਾਮਲ ਹੋਈ। ੧੯ ਫਰਵਰੀ, ੧੯੧੫ ਈ. ਦਾ ਦਿਨ ਗ਼ਦਰ ਲਈ ਅੱਧੀ ਰਾਤ ਦਾ ਸਮਾਂ ਨੀਅਤ ਕੀਤਾ ਗਿਆ। ਭਾਈ ਸਾਹਿਬ ਰਣਧੀਰ ਸਿੰਘ ਆਪਣੇ ਪੂਰੇ ਜਥੇ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚੇ। ਪਰ, ਕੁਝ ਗੱਦਾਰਾਂ ਦੀ ਗੱਦਾਰੀ ਕਾਰਨ ਗ਼ਦਰ ਫੇਲ੍ਹ ਹੋ ਗਿਆ। ਦੂਰੋਂ-ਨੇੜਿਓਂ ਆਏ ਸਭ ਗ਼ਦਰੀ ਖਿੰਡ-ਪੁੰਡ ਗਏ, ਬੜੇ ਰੂਪੋਸ਼ ਹੋ ਗਏ। ਫੜੋ-ਫੜੀ ਤੇ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋਇਆ। ਗੁਜਰਵਾਰਲ ੨੧ ਜੂਨ ਇਨ੍ਹਾਂ ਦੀਆਂ ਤਲਾਸ਼ੀਆਂ ਹੋਈਆਂ, ੨੨ ਜੂਨ ਨੂੰ ਲੁਧਿਆਣੇ ਪੁੱਜੇ। ੨੩ ਜੂਨ ਨੂੰ ਸ਼ਨਾਖਤਾਂ ਹੋਈਆਂ। ਆਪ ੨੫ ਜੂਨ ਸ਼ਾਮ ਦੇ ਪੰਜ ਵਜੇ ਕੁਤਵਾਲੀ ਵਿਚ ਗ੍ਰਿਫ਼ਤਾਰ ਕੀਤੇ ਗਏ। ੨ ਜੁਲਾਈ ਨੂੰ ਲੁਧਿਆਣੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਇਥੇ ਚਾਰ ਮਹੀਨੇ ਜੇਲ੍ਹ ਵਿਚ ਹੀ ਰਹੇ। ੨੭ ਅਕਤੂਬਰ ਨੂੰ ਲਾਹੌਰ ਦੀ ਜੇਲ੍ਹ ਵਿਚ ਲਿਆਂਦਾ ਗਿਆ। ੨੯ ਅਕਤੂਬਰ ਨੂੰ ਮੁਕੱਦਮਾ ਸ਼ੁਰੂ ਹੋਇਆ।

੩੦ ਮਾਰਚ ੧੯੧੬ ਈ. ਆਪ ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਫੜ ਲਿਆ ਗਿਆ। ਆਪ ਨੂੰ ਉਮਰ ਕੈਦ ਕਾਲੇ-ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਮਿਲੀ, ਪਰ ਨਾਲ ਹੀ ਰਹਿਮ ਲਈ ਸਿਫ਼ਾਰਸ਼ ਵੀ ਕਰ ਦਿੱਤੀ। ਇਸ ਲਈ ਸਜ਼ਾ ਘਟਾ ਕੇ ੪ ਸਾਲ ਸਖ਼ਤ ਕੈਦ ਦੀ ਕਰ ਦਿੱਤੀ। ੪ ਅਪ੍ਰੈਲ ਨੂੰ ਮਿੰਟਗੁਮਰੀ ਜੇਲ੍ਹ ਪਹੁੰਚੇ ਜਿੱਥੇ ੧੫ ਅਪ੍ਰੈਲ, ੧੯੧੯ ਈ. ਤਕ ਰਹੇ। ਜੇਲ੍ਹ ਦੇ ਸਮੇਂ ਵਿਚ ਦੋ ਬੀਮਾਰੀਆਂ ਸਖ਼ਤ ਆਈਆਂ। ੧੯੧੭ ਈ. ਵਿਚ ਸਖ਼ਤ ਜਰਕਾਨ ਹੋਇਆ ਤੇ ਚਾਰ ਮਹੀਨੇ ਰੋਟੀ ਨਹੀਂ ਖਾ ਸਕਿਆ। ੧੯੧੯ ਈ. ਅਕਤੂਬਰ ਵਿਚ ਇਨਫਲੁਏਂਜਾ ਹੋਇਆ ਫੇਰ ੧੯੩੫ ਤੋਂ ੧੯੪੬ ਈ. ਵਿਚ ਦੋ ਵਾਰ ਇਨਫਲੁਏਂਜਾ ਹੋਇਆ। ੧੫ ਅਪ੍ਰੈਲ ੧੯੧੯ ਈ. ਨੂੰ ਰਿਹਾਅ ਹੋ ੧੭ ਅਪ੍ਰੈਲ ਨੂੰ ਪਿੰਡ ਗੁਜਰਵਾਲ ਪਹੁੰਚੇ। ਰਿਹਾਅ ਹੋਣ ਤੋਂ ਬਾਅਦ ਆਪ ਨੂੰ ਤਿੰਨ ਸਾਲ ਪੁਲਿਸ ਦੀ ਨਿਗਰਾਨੀ ਵਿਚ ਰੱਖਿਆ ਗਿਆ।

ਗਿਆਨੀ ਜੀ ਨੇ ਸੰਨ ੧੯੨੦ ਵਿਚ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਅਕਤੂਬਰ ੧੯੨੦ ਤੋਂ ਲੈ ਕੇ ਦਸੰਬਰ ੧੯੨੪ ਈ. ਤਕ ਕੁਰਾਲੀ ਖਾਲਸਾ ਸਕੂਲ ਵਿਚ ਪੰਡਿਤ ਕਰਤਾਰ ਸਿੰਘ ਦਾਖਾ ਪਾਸ, ਫਿਰ ਲੁਧਿਆਣੇ ਵਿਦਿਆਲਾ, ਡਿਸਟਰਿਕਟ ਬੋਰਡ ਸਕੂਲ ਸਮਰਾਲਾ ਤੇ ਗੁਜਰਵਾਲ ਸ਼ੁਰੂ ਵਿਚ ਪੰਜਾਬੀ ਅਧਿਆਪਕ ਵਜੋਂ ਨੌਕਰੀ ਕੀਤੀ। ਸੰਨ ੧੯੨੨ ਵਿਚ ਦਸਵੀਂ ਪਾਸ ਕੀਤੀ। ਅਕਤੂਬਰ ੧੯੨੩ ਤੋਂ ਮਾਰਚ ੧੯੨੪ ਤਕ ਖਾਲਸਾ ਕਾਲਜ ਵਿਚ ਦਾਖ਼ਲ ਹੋ ਕੇ ਗਿਆਨੀ ਟ੍ਰੇਨਿੰਗ ਕਲਾਸ ਪਾਸ ਕੀਤੀ। ੧੭ ਜੂਨ ਨੂੰ ਆਪ ਦੀ ਧਰਮ ਪਤਨੀ ਕਈ ਮਹੀਨੇ ਬੀਮਾਰ ਰਹਿਣ ਬਾਅਦ ਪਰਲੋਕ ਸਿਧਾਰ ਗਏ। ਹੁਣ ਆਪ ਦੇ ਵੱਡੇ ਸਪੁੱਤਰ ਸਰਦੂਲ ਸਿੰਘ ਤੇ ਛੋਟੇ ਸਪੁੱਤਰ ਮਿਰਗਿੰਦ ਸਿੰਘ ਦੀ ਸੇਵਾ-ਸੰਭਾਲ ਵੀ ਆਪ ਦੇ ਸਿਰ ਪੈ ਗਈ। ਛੋਟੇ-ਛੋਟੇ ਬੱਚਿਆਂ ਨੂੰ ਮਾਂ ਦੇ ਵਿਛੋੜੇ ਦਾ ਡਾਢਾ ਦਰਦ ਆਪ ਨੂੰ ਝੱਲਣਾ ਪਿਆ। ਫੇਰ ਨਵੰਬਰ ੧੯੨੫ ਤੋਂ ੨੦ ਫ਼ਰਵਰੀ, ੧੯੨੬ ਵਿਚ ਐਫ਼.ਏ. ਪਾਸ ਕੀਤੀ।

ਗਿਆਨੀ ਜੀ ਨੇ ਆਪਣੇ ਪੱਕਾ ਟਿਕਾਣਾ ਸ੍ਰੀ ਅੰਮ੍ਰਿਤਸਰ ਬਣਾ ਲਿਆ। ਇਥੇ ਮਲਵਈ ਬੁੰਗੇ ਵਿਖੇ 'ਕੌਮੀ ਦਰਦ' ਤੇ 'ਸਿੱਖ ਸੇਵਕ' ਰੋਜ਼ਾਨਾ ਅਖ਼ਬਾਰ ਦੀ ਸੰਪਾਦਕ ਵਜੋਂ ਸੇਵਾ ਨਿਭਾਈ। ਇਸ ੧੫ ਜੂਨ, ੧੯੨੭ ਈ. ਤੋਂ ੧੪ ਸਤੰਬਰ, ੧੯੨੭ ਈ. ਦੇ ਵਿਚਕਾਰਲੇ ਮਹੀਨਿਆਂ ਵਿਚ ਆਪ ਦਾ ਭਰਾ ਲਾਲ ਸਿੰਘ, ਪਿਤਾ ਸ. ਠਾਕਰ ਸਿੰਘ ਆਪ ਦੀ ਵੱਡੀ ਲੜਕੀ, ਭੈਣ ਦਾ ਲੜਕਾ ਤੇ ਲਾਲ ਸਿੰਘ ਦੀ ਛੋਟੀ ਬੱਚੀ, ਪੰਜ ਮੌਤਾਂ ਹੋਈਆਂ। ਇਹ ਪੰਜ ਮੌਤਾਂ ਤਿੰਨ ਮਹੀਨਿਆਂ ਵਿਚ ਹੋਈਆਂ ਤੇ ਇਕ ਨਜ਼ਦੀਕੀ ਰਿਸ਼ਤੇਦਾਰ ਦਾ ਕਤਲ ਹੋ ਗਿਆ। ਉਨ੍ਹਾਂ ਦੀ ਮੁਕੱਦਮੇ ਦੀ ਪੈਰਵੀ ਵਿਚ ਵੀ ਆਪ ਦਾ ਕੀਮਤੀ ਸਮਾਂ ਨਸ਼ਟ ਹੋਇਆ।

ਸ੍ਰੀ ਅੰਮ੍ਰਿਤਸਰ 'ਚੋਂ ਰੋਜ਼ਾਨਾ ਅਖ਼ਬਾਰਾਂ ਦੀ ਸੰਪਾਦਕੀ ਨੇ ਆਪ ਦੀ ਪਹਿਚਾਣ ਸਿੱਖ ਜਗਤ ਵਿਚ ਚੰਗੀ ਕਰਵਾ ਦਿੱਤੀ। ਆਪ ਚਲੰਤ ਮਸਲਿਆਂ ਤੋਂ ਸੰਗਤਾਂ ਨੂੰ ਜਾਣੂ

ਕਰਵਾਉਂਦੇ। ਉਨ੍ਹਾਂ ਦਿਨਾਂ ਵਿਚ ਹੀ ਦਸੰਬਰ ੧੯੨੭ ਦੇ ਮਹੀਨੇ ਭਸੌੜ ਵਾਲਿਆਂ ਦੇ ਗੁਰਬਾਣੀ ਖੰਡਨ ਸਬੰਧੀ ਕੁਝ ਵਾਦ-ਵਿਵਾਦ ਨੇ ਤੂਲ ਫੜ ਲਈ। ਉਹ ਮੁੱਦਾ ਆਪਣੇ ਹੱਥ ਵਿਚ ਲਿਆ। ਦੋ ਮਹੀਨੇ ਇਸ਼ਤਿਹਾਰ ਕੱਢਦੇ ਰਹੇ। ਫਿਰ ਉਸ ਸਮੇਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਪੜਤਾਲੀ ਕਮੇਟੀ ਨੀਯਤ ਕੀਤੀ। ਇਸ ਵਿਚ ਸਬੂਤ ਪੇਸ਼ ਕੀਤੇ ਗਏ। ਇਸ ਕਾਰਜ ਵਿਚ ਆਪ ਦੇ ਸਹਿਯੋਗੀ ਸ. ਸੁੰਦਰ ਸਿੰਘ ਘੁਮਾਣ ਤੇ ਮਹਿੰਦਰ ਸਿੰਘ ਸਿਧਵਾਂ ਆਪ ਦੇ ਸਹਿਯੋਗੀ ਸਨ। ੧੦ ਮਾਰਚ, ੧੯੨੮ ਈ. ਨੂੰ ਇਹ ਸਵਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿਚ ਪੇਸ਼ ਹੋਇਆ ਤੇ ਫੇਰ ੩੧ ਮਾਰਚ ਨੂੰ ਜਨਰਲ ਮੀਟਿੰਗ ਹੋਈ ਤੇ ਭਸੌੜ ਵਾਲੇ ਅਪਰਾਧੀ ਕਰਾਰ ਦਿੱਤੇ ਗਏ। ੧੫ ਜੁਲਾਈ, ੧੯੨੮ ਈ. ਨੂੰ ਬਾਬੂ ਤੇਜਾ ਸਿੰਘ ਪੰਥ ਤੋਂ ਖਾਰਜ ਕਰ ਦਿੱਤੇ ਗਏ ਤੇ ਪੰਚ ਖਾਲਸਾ ਦੀਵਾਨ ਵਾਲੇ ਤਨਖਾਹੀਏ ਕਰਾਰ ਦਿੱਤੇ ਗਏ। ੯ ਅਗਸਤ, ੧੯੨੮ ਈ. ਵਿਚ ਨਹਿਰੂ ਰਿਪੋਰਟ ਵਿਰੁੱਧ ਐਜ਼ੀਟੇਸ਼ਨ ਸ਼ੁਰੂ ਹੋਈ। ੧੩ ਅਪ੍ਰੈਲ, ੧੯੨੮ ਈ. ਨੂੰ ਭਸੌੜੀਆਂ ਵਿਰੁੱਧ ਪ੍ਰਚਾਰ ਲਈ 'ਦੁਸਟ-ਦਮਨ' ਹਫ਼ਤਾਵਾਰ ਪੇਪਰ ਜਾਰੀ ਕੀਤਾ, ਜੋ ੧੯੩੦ ਵਿਚ ਰੋਜ਼ਾਨਾ ਹੋ ਕੇ ਆਰਡੀਨੈਂਸ ਹੇਠ ਜਬਤ ਹੋਇਆ। ਫ਼ਰਵਰੀ, ੧੯੩੨ ਈ. ਵਿਚ ਸਰਹੱਦੀ ਗਾਂਧੀ ਖਾਨ ਅਬਦੁਲ ਗੁਫ਼ਾਰ ਖਾਂ, ਦੇ ਨਾਲ ਅਖ਼ਬਾਰਾਂ ਦੇ ਕਈ ਐਡੀਟਰ ਫੜ ਲਏ ਗਏ। ਉਨ੍ਹਾਂ ਵਿਚ ਗਿਆਨੀ ਨਾਹਰ ਸਿੰਘ ਜੀ ਵੀ ਸਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਬੋਰਸਟੇਲ ਜੇਲ੍ਹ ਵਿਚ ਭੇਜ ਦਿੱਤਾ ਗਿਆ। ਫਿਰ ਇਕ ਹਜ਼ਾਰ ਰੁਪਏ ਦੀ ਜ਼ਮਾਨਤ 'ਤੇ ਰਿਹਾਅ ਹੋਏ। ਜੂਨ, ੧੯੩੨ ਈ. ਤਕ ਮੁਕੱਦਮਾ ਚੱਲਦਾ ਰਿਹਾ। ਫਿਰ ਸਰਕਾਰ ਨੇ ਮੁਕੱਦਮਾ ਵਾਪਸ ਲੈ ਲਿਆ ਤੇ ਖਲਾਸੀ ਹੋਈ।

ਦਸੰਬਰ, ੧੯੩੪ ਈ. ਵਿਚ ਮਲਵਈ ਬੁੰਗੇ ਸ੍ਰੀ ਅੰਮ੍ਰਿਤਸਰ ਤੋਂ ਗਿਆਨੀ ਸ਼ੇਰ ਸਿੰਘ ਨੇ ਆਪ ਨੂੰ ਛੱਡ ਦਿੱਤਾ। ਫਿਰ ੧੯੩੫ ਨੂੰ ਆਪ ਨੇ ਗਿਆਨੀ ਹਰਭਜਨ ਸਿੰਘ ਚਮਿੰਡੇ ਨਾਲ ਰਲ ਕੇ 'ਗਿਆਨੀ ਪ੍ਰੈਸ' ਨੂੰ ਸਥਾਪਿਤ ਕੀਤ। ਸ੍ਰੀ ਅੰਮ੍ਰਿਤਸਰ ਤੋਂ ਹੀ ੧੫ ਮਈ ੧੯੩੫ ਨੂੰ ਹਫ਼ਤਾਵਾਰ 'ਗੁਰਸੇਵਕ' ਜਾਰੀ ਕੀਤਾ ਜੋ ਫ਼ਰਵਰੀ ੧੯੩੭ ਤਕ ਚੱਲਦਾ ਰਿਹਾ। ਪਰ, ਇਸ ਵਿਚ ਕਾਫ਼ੀ ਘਾਟਾ ਪੈਣ ਕਾਰਨ ਮਹਿੰਦਰ ਸਿੰਘ ਸਿਧਵਾਂ ਦਾ ਸਾਥ ਜਾਂਦਾ ਰਿਹਾ। ਫਿਰ ਆਪ 'ਖਾਲਸਾ ਐਡਵੋਕੇਟ' ਵਿਚ ਚਲੇ ਗਏ ਤੇ ਮਾਰਚ ੧੯੩੯ ਤਕ ਨਿਰੰਤਰ ਉੱਥੇ ਡਟੇ ਰਹੇ। ਉੱਥੋਂ ਜਵਾਬ ਮਿਲਣ ਤੇ ਫੇਰ ੧੯੪੦ ਤੋਂ ਜੂਨ ੧੯੪੨ ਤਕ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਹੋਸਟਲ ਸੁਪਰਡੈਂਟ ਦੀ ਸੇਵਾ ਕੀਤੀ। ਗਿਆਨੀ ਜੀ ਨੂੰ ਮਈ, ੧੯੩੨ ਈ ਵਿਚ ਜਿਗਰ ਦੀ ਖਰਾਬੀ ਨਾਲ ਬਵਾਸੀਰ ਹੋਈ ਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪਾਣੀ ਦੀ ਲਾਗ ਨਾਲ ਸੰਗਰਹਿਣੀ ਹੋ ਗਈ। ਇਹ ਦੋਨੋਂ ਨਾਮੁਰਾਦ ਬੀਮਾਰੀਆਂ ਨੇ ਆਪ ਦੇ ਅੰਤਲੇ ਸੁਆਸਾਂ ਤਕ ਖਹਿੜਾ ਨਹੀਂ ਛੱਡਿਆ।

ਆਪ ਜੀ ਜੂਨ ੧੯੪੩ ਤੋਂ ੧੮ ਦਸੰਬਰ, ੧੯੫੨ ਈ. ਤਕ ਖਾਲਸਾ ਸਕੂਲ ਸੁਧਾਰ ਵਿਚ ਇਕ ਸਫ਼ਲ ਅਧਿਆਪਕ ਵਜੋਂ ਸੇਵਾ ਕੀਤੀ। ਇੱਥੇ ਗਿਆਨੀ ਬੁੱਧੀਮਾਨੀ ਦੀਆਂ ਕਲਾਸਾਂ ਵੀ ਜਾਰੀ ਰੱਖੀਆਂ। ਸੁਧਾਰ ਕਾਲਜ ਨੂੰ ੨੦੦੦ ਰੁਪਏ ਆਪਣੀ ਸਕੂਲ ਡਿਊਟੀ ਤੋਂ ਬਗ਼ੈਰ ਵੱਖਰਾ ਕੰਮ ਕਰ ਕੇ ਕਮਾ ਕੇ ਦਿੱਤੇ। ਸੰਨ ੧੯੫੩-੫੪ ਵਿਚ ਪਿੰਡ ਗੁਜਰਵਾਲ ਗਿਆਨੀ ਕਲਾਸ ਚਲਾਈ, ੧੯੫੪ ਵਿਚ ਬੀ.ਏ. ਪਾਸ ਕਰ ਲਈ। ੧੩ ਅਪ੍ਰੈਲ, ੧੯੫੫ ਈ. 'ਪੰਜਾਬੀ ਰਤਨ' ਅਖ਼ਬਾਰ ਜਾਰੀ ਕੀਤਾ, ਜੋ ੧੯੬੨ ਤਕ ਸੱਤ ਸਾਲ ਚੱਲਦਾ ਰਿਹਾ।

ਗਿਆਨੀ ਨਾਹਰ ਸਿੰਘ ਜੀ ਆਪਣੇ ਸਮੇਂ ਦੇ ਨਾਮਵਰ ਵਿਦਵਾਨ ਪੱਤਰਕਾਰ ਤੇ ਅਨੁਭਵੀ ਅਧਿਆਪਕ ਹੋਏ ਹਨ। ਆਪ ਜੀ ਪੰਥ ਦੀ ਸੋਨ-ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਿਸ਼ਵਾਸ-ਪਾਤਰ ਤੇ ਅਤਿ ਨਿਕਟਵਰਤੀ ਜੇਲ੍ਹ ਸਾਥੀਆਂ ਵਿੱਚੋਂ ਵਿਸ਼ੇਸ਼ ਥਾਂ ਰੱਖਦੇ ਸਨ। ਇਹੋ ਕਾਰਨ ਹੈ ਕਿ ਆਪ ਦੀ ੧੯੧੯ ਵਿਚ ਰਿਹਾਈ ਤੋਂ ਬਾਅਦ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਜੇਲ੍ਹ ਦੀਆਂ ਕਾਲ-ਕੋਠੜੀਆਂ ਤੋਂ ਨਿਰੰਤਰ ਚੱਲ ਰਿਹਾ ਗੁਪਤ ਪੱਤਰ-ਵਿਹਾਰ ਨੂੰ ਆਪ ਨੇ ਸੀਨੇ ਨਾਲ ਲਾ ਕੇ ਰੱਖਿਆ। ਆਪ ਨੂੰ ਲਿਖੀਆਂ ਗਈਆਂ ਚਾਲੀ ਇਤਿਹਾਸਿਕ ਚਿੱਠੀਆਂ ਨੂੰ ੧੯੩੬ ਵਿਚ 'ਜੇਲ੍ਹ ਚਿੱਠੀਆਂ' ਦਾ ਰੂਪ ਦੇ ਕੇ ਪ੍ਰਕਾਸ਼ਿਤ ਕੀਤਾ ਜੋ ਖਾਲਸਾ ਪੰਥ ਦਾ ਵਡਮੁੱਲਾ ਖ਼ਜਾਨਾ ਹੈ। ਜਿਸ ਵਿਚ ਪਹਿਲੀ ਚਿੱਠੀ ਰਾਜਮੁੰਦਰੀ ਜੇਲ੍ਹ ਤੋਂ ੧੯ ਮਾਰਚ, ੧੯੨੨ ਈ. ਨੂੰ ਗਿਆਨੀ ਨਾਹਰ ਸਿੰਘ ਵੱਲ ਲਿਖੀ ਗਈ। ਇਹ ਸਾਰੀਆਂ ਚਿੱਠੀਆਂ ਦੇ ਪ੍ਰਕਾਸ਼ਨ 'ਜੇਲ੍ਹ ਚਿੱਠੀਆਂ' ਨੇ ਪਾਠਕ ਵਰਗ ਵਿਚ ਇਕ ਨਵੀਂ ਚੇਤਨਾ ਤੇ ਰੂਹ ਫੂਕੀ। ਜਿਸ ਨੂੰ ਪੜ੍ਹ ਕੇ ਕੋਈ ਵੀ ਪਾਠਕ ਡੋਲਦਾ ਨਹੀਂ ਤੇ ਉਸ ਵਿਚ ਸਿਦਕ ਦੀ ਭਾਵਨਾ ਦਾ ਠਾਠਾਂ ਮਾਰਦਾ ਸਮੁੰਦਰ ਉੱਠਦਾ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ੪੦ ਤੋਂ ਉੱਤੇ ਪੁਸਤਕਾਂ ਖਾਲਸਾ ਪੰਥ ਦੀ ਝੋਲੀ ਵਿਚ ਪਾਈਆਂ ਹਨ। ਇਹ ਪੁਸਤਕਾਂ ਗੁਰਮਤਿ ਦੀਆਂ ਅਨੇਕਾਂ ਰਮਜ਼ਾਂ ਖੋਲ੍ਹਦੀਆਂ ਹਨ। ਸਿੱਖੀ ਦੀ ਜੀਵਨ-ਜਾਚ ਤੇ ਸਿੱਖ ਦਰਸ਼ਨ ਤੇ ਇਤਿਹਾਸ ਦਾ ਰੌਸ਼ਨ ਮੀਨਾਰ ਹਨ। ਪੁਸਤਕਾਂ ਦੇ ਪ੍ਰਕਾਸ਼ਨ ਤੋਂ ਲੈ ਕੇ ਪਾਠਕਾਂ ਦੇ ਹੱਥਾਂ ਤਕ ਲਿਜਾਉਣ ਵਿਚ ਗਿਆਨੀ ਨਾਹਰ ਸਿੰਘ ਜੀ ਦਾ ਵੱਡਾ ਹੱਥ ਹੈ। ਸੰਨ ੧੯੪੦ ਤੋਂ ਪਹਿਲਾਂ ਪ੍ਰਕਾਸ਼ਿਤ ਅਨੇਕਾਂ ਪੁਸਤਕਾਂ ਦੇ ਮੁੱਖ ਬਚਨ, ਜਾਣ-ਪਛਾਣ, ਭੂਮਿਕਾ ਆਦਿ ਨੂੰ ਗਿਆਨੀ ਨਾਹਰ ਸਿੰਘ ਜੀ ਦੀ ਸੁਨਹਿਰੀ ਕਲਮ ਤੋਂ ਅੰਕਤ ਕੀਤਾ ਹੈ।

ਆਪ ਜੀ ਨੇ ਸਾਹਿਤ ਦੇ ਪਿੜ ਵਿਚ ਸਿੱਖ ਦਰਸ਼ਨ, ਸਿੱਖ ਇਤਿਹਾਸ, ਗੁਰਮਤਿ ਮਾਰਗ ਵਿਸ਼ਿਆਂ ਉੱਤੇ ੨੦ ਤੋਂ ਉੱਤੇ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਹਨ। ਆਪ ਦੀਆਂ ਇਨ੍ਹਾਂ ਮੌਲਿਕ ਲਿਖਤਾਂ ਵਿਚ ਗੁਰੂ ਸਾਹਿਬਾਂ ਦਾ ਜਨ-ਜੀਵਨ, ਇਤਿਹਾਸ ਦੇ ਅਣਫੋਲੇ ਵਰਕੇ, ਅਜ਼ਾਦੀ ਦੇ ਪਰਵਾਨਿਆਂ ਦੀਆਂ ਅਮਰ ਗਾਥਾਵਾਂ ਨੂੰ

ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਹੈ। ਆਪ ਦੀ ਬੋਲੀ, ਵਾਕ-ਬਣਤਰ, ਸ਼ਬਦਾਂ ਦੀ ਸਰਲਤਾ ਤੇ ਸਾਦਗੀ, ਕਹਿਣ ਦਾ ਢੰਗ ਤੇ ਅੰਦਾਜ਼ ਦੂਜਿਆਂ ਨਾਲੋਂ ਨਿਵੇਕਲਾ ਹੈ। ਆਪ ਦੀਆਂ ਚੋਣਵੀਆਂ ਪੁਸਤਕਾਂ ਵਿਚ— 'ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਕੈਦੀ', 'ਗੁਰਮਤਿ ਪੰਜਾਬੀ ਪ੍ਰਬੋਧ', 'ਇਤਿਹਾਸ ਪੰਜਾ ਸਾਹਿਬ', 'ਗੁਰਮੁਖ ਬਾਬੇ', 'ਸੰਤ ਸਿਪਾਹੀ ਸਤਿਗੁਰੂ', 'ਗੁਰੂ ਗੋਬਿੰਦ ਸਿੰਘ ਤੇ ਪੰਥ ਖਾਲਸਾ', 'ਰਾਜ ਕਰੇਗਾ ਖਾਲਸਾ' ਪੁਸਤਕਾਂ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਅਜ਼ਾਦੀ ਦੀਆਂ ਲਹਿਰਾਂ ਤੇ ਕਰਤਾਰ ਸਿੰਘ ਸਰਾਭਾ ਦੋਨੋਂ ਅਜਿਹੀਆਂ ਮਕਬੂਲ ਪੁਸਤਕਾਂ ਹਨ ਜਿਨ੍ਹਾਂ ਨੂੰ ਤਤਕਾਲੀ ਹਕੂਮਤ ਵੱਲੋਂ ਸਮੇਂ ਤੇ ਅੱਠ ਸੌ ਰੁਪਿਆ ਪ੍ਰਤੀ ਪੁਸਤਕ ਇਨਾਮ ਨਾਲ ਨਿਵਾਜਿਆ ਗਿਆ ਸੀ। ਇਨ੍ਹਾਂ ਪੁਸਤਕਾਂ ਵਿਚ ਵਿਦਵਾਨ ਲੇਖਕ ਨੇ ਗ਼ਦਰ ਦੇ ਮਹਾਨ ਨਾਇਕ ਤੇ ਅਜ਼ਾਦੀ ਦੇ ਪਰਵਾਨਿਆਂ ਦੀ ਰੋਂਗਟੇ ਖੜੇ ਕਰਨ ਦੀ ਦਾਸਤਾਂ ਨੂੰ ਬੜੇ ਹੀ ਖ਼ੂਬਸੂਰਤ ਸ਼ਬਦਾਂ ਨਾਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ 'ਇਤਿਹਾਸ ਗੁਰਦੁਆਰਾ ਦੀਨਾ', 'ਇਤਿਹਾਸ ਮੁਕਤਸਰ', 'ਜੀਵਨ ਗੁਰੂ ਨਾਨਕ ਸਾਹਿਬ ਜੀ', 'ਪੰਜ ਸੌ ਸਾਲਾ ਸੰਖੇਪ ਸਿੱਖ ਇਤਿਹਾਸ', ਪੰਜਾਬ ਦੀਆਂ ਕਹਾਣੀਆਂ ਨੂੰ ਲਿਖ ਕੇ ਪੰਜਾਬੀ ਸਾਹਿਤ ਨੂੰ ਮਾਲਾ-ਮਾਲ ਕੀਤਾ ਹੈ। ਆਪ ਦੀਆਂ ਸਾਰੀਆਂ ਪੁਸਤਕਾਂ ਪਾਠਕਾਂ ਦੀ ਕਸਵੱਟੀ 'ਤੇ ਪੂਰੀਆਂ ਉਤਰਦੀਆਂ ਹਨ। ਆਪ ਸਿੱਖ ਲੀਗ ਦੇ ਆਗੂਆਂ ਵਿੱਚੋਂ ਸਨ। ਅੰਤ ਘੜੀ ਤਕ ਪੰਥਕ ਸੇਵਾ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅੰਗ-ਸੰਗ ਰਹੇ।

ਆਪ ਦਾ ਛੋਟਾ ਲੜਕਾ ਸ. ਮਿਰਗਿੰਦ ਸਿੰਘ ੫ ਅਪ੍ਰੈਲ ੧੯੬੫ ਈ. ਨੂੰ ਕਿਸੇ ਦੁਰਘਟਨਾ ਵਿਚ ਸਵਰਗਵਾਸ ਹੋ ਗਏ। ਗਿਆਨੀ ਨਾਹਰ ਸਿੰਘ ਜੀ ੨੪ ਅਕਤੂਬਰ, ੧੯੭੨ ਈ. ਨੂੰ ਸੀ.ਐਮ.ਸੀ. ਹਸਪਤਾਲ ਲੁਧਿਆਣਾ ਵਿਖੇ ਚਲਾਣਾ ਕਰ ਗਏ ਸਨ। ਆਪ ਦਾ ਵੱਡਾ ਸਪੁੱਤਰ ਸ. ਸਰਦੂਲ ਸਿੰਘ ਜਿਨਾਂ ਸੰਨ ੧੯੨੦ ਵਿਚ ਜਨਮ ਲਿਆ, ਆਪ ਦੇ ਪੋਤੇ ਡਾ. ਗੁਰਪ੍ਰਕਾਸ਼ ਸਿੰਘ ਪਾਸ ਅਮਰੀਕਾ ਦੇ ਸ਼ਹਿਰ ਸੈਂਟ ਲੁਈਸ ਵਿਖੇ ਰਹਿ ਰਹੇ ਹਨ। ਭੁਝੰਗੀ ਸਭਾ ਦੇ ਸਿਰਕਰਦਾ ਆਗੂ ਗਿਆਨੀ ਨਾਹਰ ਸਿੰਘ ਇਕ ਗ਼ਦਰੀ ਦੇਸ਼-ਭਗਤ ਹੀ ਨਹੀਂ ਸੀ, ਸਗੋਂ ਉਹ ਬਹੁਪੱਖੀ ਪ੍ਰਤਿਭਾ ਦਾ ਮਾਲਕ ਸੀ। ਇਕ ਨਾਮਵਰ ਵਿਦਵਾਨ, ਪੱਤਰਕਾਰ, ਲੇਖਕ ਤੇ ਪੰਜਾਬੀਆਂ ਦਾ ਮਾਣ ਸਨ ਜਿਨ੍ਹਾਂ ਦੇ ਸਮੁੱਚੇ ਜੀਵਨ ਦਾ ਕਣ-ਕਣ ਸਾਡੇ ਸਾਰਿਆਂ ਲਈ ਪ੍ਰੇਰਨਾ-ਸਰੋਤ ਤੇ ਚਾਨਣ-ਮੁਨਾਰਾ ਰਹੇਗਾ। ਉਹ ਸੱਚਮੁਚ ਗ਼ਦਰ ਲਹਿਰ ਦਾ ਅਨਮੋਲ ਹੀਰਾ ਸੀ।

# ਗੁਰਮਤਿ ਸਾਹਿਤ ਦੇ ਰੂ-ਬ-ਰੂ—੧੪

*-ਡਾ. ਰਣਜੀਤ ਕੌਰ ਪੰਨਵਾਂ**

**ਪੁਸਤਕ ਦਾ ਨਾਮ-** ਸ੍ਰੀ ਗੁਰੂ ਨਾਨਕ ਅਭਿਨੰਦਨ
**ਮੁੱਖ ਸੰਪਾਦਕ-** ਪ੍ਰੋ. ਪ੍ਰੀਤਮ ਸਿੰਘ
**ਸੰਪਾਦਕ-** ਸ. ਦੇਵਿੰਦਰ ਸਿੰਘ ਵਿਦਿਆਰਥੀ
**ਪ੍ਰਕਾਸ਼ਕ-** ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।
**ਪ੍ਰਕਾਸ਼ਨ ਸਾਲ-** ੧੯੭੮ (ਪਹਿਲੀ ਵਾਰ)
**ਪੰਨੇ-** ੫੩੦
**ਕੀਮਤ-** ੨੯ ਰੁਪਏ

ਪ੍ਰੋ. ਪ੍ਰੀਤਮ ਸਿੰਘ (੧੧ ਜਨ. ੧੯੧੮-੨੫ ਅਕਤੂ. ੨੦੦੮) ਇਕ ਉੱਘੀ ਨਾਮਵਰ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਸਿੱਖ ਸਾਹਿਤ ਅਤੇ ਪੰਜਾਬੀ ਸਹਿਤ ਨੂੰ ਆਪਣੀਆਂ ਲਿਖਤਾਂ ਰਾਹੀਂ ਮਾਲਾਮਾਲ ਕੀਤਾ ਹੈ। ਆਪ ਜੀ ਨੇ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿਚ ਸਾਹਿਤ ਰਚਿਆ। ਆਪ ਨੇ ਅਲੋਚਨਾ, ਇਤਿਹਾਸ ਤੇ ਖੋਜ, ਰੇਖਾ-ਚਿੱਤਰ, ਜ਼ਫ਼ਰਨਾਮਾ, ਜੀਵਨੀ, ਸ੍ਵੈ-ਜੀਵਨੀ, ਧਰਮ ਤੇ ਫ਼ਲਸਫ਼ਾ, ਸੰਪਾਦਨ, ਸਹਿ-ਸੰਪਾਦਨ, ਸੰਕਲਨ, ਆਲੋਚਨਾ, ਅਨੁਵਾਦ, ਬਾਲ ਸਾਹਿਤ, ਪਾਠ-ਪੁਸਤਕਾਂ, ਕੋਸ਼, ਭਾਸ਼ਾ ਵਿਗਿਆਨ ਆਦਿ ਵਿਸ਼ਿਆਂ ਉੱਪਰ ਦਰਜਨਾਂ ਪੁਸਤਕਾਂ ਲਿਖੀਆਂ ਹਨ। ਆਪ ਜੀ ਨੇ ਬਹੁਤ ਸਾਰੇ ਪੁਰਸਕਾਰ ਅਤੇ ਮਾਣ-ਸਨਮਾਨ ਹਾਸਲ ਕੀਤੇ ਹਨ, ਜਿਵੇਂ: ਬਾਵਾ ਬਲਵੰਤ ਐਵਾਰਡ, ਕਰਤਾਰ ਸਿੰਘ ਧਾਲੀਵਾਲ ਐਵਾਰਡ, ਗੁਰਬਖਸ਼ ਸਿੰਘ ਪ੍ਰੀਤਲੜੀ ਐਵਾਰਡ ਆਦਿ।

ਡਾ. ਦੇਵਿੰਦਰ ਸਿੰਘ ਵਿਦਿਆਰਥੀ ਇਸ ਪੁਸਤਕ ਦੇ ਸੰਪਾਦਕ ਹਨ ਜੋ ਕਿਸੇ ਪਛਾਣ ਦੇ ਮੁਥਾਜ ਨਹੀਂ, ਆਪ ਜੀ ਬੜੇ ਬੇਬਾਕ, ਹਿੰਮਤੀ ਅਤੇ ਸੂਝਵਾਨ ਪ੍ਰਤਿਭਾ ਦੇ ਮਾਲਕ ਸਨ। ਆਪ ਜੀ ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਪ੍ਰਤਿਭਾਵਾਨ ਵਿਦਵਾਨ ਸਨ। ਆਪ ਜੀ ਨੇ ਦੋਹਾਂ ਭਾਸ਼ਾਵਾਂ ਵਿਚ ਸਾਹਿਤ, ਇਤਿਹਾਸ, ਖੋਜ, ਵਾਰਤਕ, ਸੰਕਲਨ, ਸੰਪਾਦਨ ਅਨੁਵਾਦ ਆਦਿ ਵਡਮੁੱਲੇ ਕਾਰਜ ਕੀਤੇ ਹਨ। ਆਪ ਜੀ ਨੇ ਵੱਖ-ਵੱਖ ਸੰਸਥਾਵਾਂ ਵਿਚ ਅਧਿਐਨ ਅਤੇ ਅਧਿਆਪਨ ਦਾ ਕਾਰਜ ਕੀਤਾ। ਆਪ ਜੀ ਨੇ ਕੁਝ ਸਮਾਂ ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਿਖੇ ਬਤੌਰ ਰੀਸਰਚ ਸਕਾਲਰ ਸੇਵਾ ਨਿਭਾਈ।

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੧੪੮-੫੧੫੧੩*

ਸੰਪਾਦਨਾ ਦੇ ਖੇਤਰ ਵਿਚ 'ਸ੍ਰੀ ਗੁਰੂ ਨਾਨਕ ਅਭਿਨੰਦਨ' ਪੁਸਤਕ ਪ੍ਰੋ. ਪ੍ਰੀਤਮ ਸਿੰਘ ਜੀ ਅਤੇ ਸ. ਦੇਵਿੰਦਰ ਸਿੰਘ ਵਿਦਿਆਰਥੀ ਜੀ ਦੁਆਰਾ ਕੀਤਾ ਗਿਆ ਅਹਿਮ ਅਤੇ ਮਹੱਤਵਪੂਰਨ ਕਾਰਜ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਅਭਿਨੰਦਨ ਤੋਂ ਭਾਵ ਹੈ— ਉਸਤਤਿ, ਬੇਨਤੀ, ਪ੍ਰਾਰਥਨਾ। ਇਹ 'ਗੁਰੂ ਨਾਨਕ ਅਭਿਨੰਦਨ' ਪੁਸਤਕ ਪਹਿਲੇ ਪਾਤਸ਼ਾਹ ਦੀ ਉਸਤਤਿ, ਮਹਿਮਾ ਵਿਚ ਉਚਾਰਨ ਕੀਤੇ ਗਏ ਮੰਗਲਾਂ ਦਾ ਸੰਗ੍ਰਹਿ ਰੂਪ ਹੈ। ਅਭਿਨੰਦਨ, ਹਿੰਦੀ ਰਚਨਾਵਾਂ ਵਿਚ ਮਿਲਦੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਨਾਲ ਸੰਬੰਧਿਤ ਉੱਤਰੀ ਭਾਰਤ ਦੇ ਸਭ ਤੋਂ ਵੱਧ ਹਿੰਦੀ ਕਵੀਆਂ ਵੱਲੋਂ ਰਚੇ ਚੋਣਵੇਂ ਛੰਦਾਂ ਦਾ ਸੰਗ੍ਰਹਿ ਹੈ। ਪੁਸਤਕ ਦੀ ਭੂਮਿਕਾ ਵਿਚ ਪ੍ਰੋ. ਪ੍ਰੀਤਮ ਸਿੰਘ ਜੀ ਲਿਖਦੇ ਹਨ ਕਿ— "ਪੰਜਾਬ ਦੀ ਪਰੰਪਰਾ ਨਾਲ ਬੱਝੇ ਕਵੀਆਂ ਵਿਚ ਪੁਸਤਕ ਦੀ ਆਰੰਭਤਾ ਮੰਗਲਾਚਰਣ ਰਚਨ ਦੀ ਪਿਰਤ ਸੀ। ਇਸ ਪਿਰਤ ਦੇ ਅਧੀਨ ਵੀ ਸਭ ਤੋਂ ਵੱਧ ਅਭਿਨੰਦਨ ਗੁਰੂ ਨਾਨਕ ਸਾਹਿਬ ਜੀ ਦਾ ਹੀ ਹੋਇਆ ਹੈ। ਇਸੇ ਲਈ ਮੈਨੂੰ ਗੁਰਮੁਖੀ ਹੱਥ-ਲਿਖਤਾਂ ਵਿਚਲੇ ਗੁਰੂ-ਮੰਗਲ ਵਾਚਦਿਆਂ ਫੁਰਨਾ ਫੁਰਿਆ ਕਿ ਗੁਰੂ ਨਾਨਕ ਜੀ ਦੀ ਕੀਰਤੀ ਵਿਚ ਰਚੇ, ਇਨ੍ਹਾਂ ਅਨੇਕਾਂ ਮੰਗਲਾਂ ਦਾ ਸੰਗ੍ਰਹਿ ਤੇ ਸੰਪਾਦਨ ਪੁਸਤਕ ਰੂਪ ਵਿਚ ਹੋਣਾ ਚਾਹੀਦਾ ਹੈ, ਕਿਉਂਕਿ ਇਸ ਉੱਦਮ ਸਦਕਾ ਸਿੱਖ-ਸਾਹਿਤ ਵਿਚ ਗੁਰੂ ਨਾਨਕ ਬਿੰਬ ਦੇ ਬਹੁਪੱਖੀ ਵਿਕਾਸ ਦਾ ਨਿਸ਼ਚਾ ਸੌਖਾ ਹੋ ਜਾਵੇਗਾ। ਇਸ ਸੰਗ੍ਰਹਿ ਰਾਹੀਂ ਕਈ ਅਲਪ-ਗਿਆਤ ਜਾਂ ਅਗਿਆਤ ਕਵੀਆਂ ਦੀ ਸੇਵਾ ਵੀ ਸਭ ਦੇ ਸਾਹਮਣੇ ਆ ਸਕੇਗੀ।"

ਇਹ ਅਭਿਨੰਦਨ ਗੁਰੂ ਨਾਨਕ ਸਾਹਿਬ ਦੇ ਸਰਬ-ਸਾਂਝੀਵਾਲਤਾ ਦਾ ਚਿੱਤਰ ਪੇਸ਼ ਕਰਦਾ ਹੋਇਆ, ਮਾਨਵੀ-ਸਾਂਝ ਦੀ ਉਸ ਧੜਕਣ ਨੂੰ ਉਜਾਗਰ ਕਰਨ ਵਿਚ ਸਹਾਈ ਹੋ ਸਕੇਗਾ, ਜਿਸ ਨੂੰ ਸੋਲਵੀਂ ਸਦੀ ਵਿਚ ਸਰਬੱਤ ਲੋਕਾਈ ਵਿਚ ਨਵਾਂ ਚਾਨਣ ਪਸਾਰਿਆ। ਇਹ ਸੰਕਲਨ ਅਸਲ ਵਿਚ ਕਈ ਭੁੱਲੇ-ਵਿੱਸਰੇ ਕਵੀਆਂ ਨਾਲ ਜਾਣ-ਪਛਾਣ ਕਰਵਾਉਣ ਅਤੇ ਸਾਂਝ ਪਵਾਉਣ ਦਾ ਮਾਧਿਅਮ ਬਣਿਆ ਹੈ। ਇਸ ਸੰਗ੍ਰਹਿ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਏਕਤ੍ਰਿਤ ਹੋਏ ਸੰਗ੍ਰਹਿਤ ਹੱਥ ਲਿਖਤਾਂ ਅਤੇ ਦੁਰਲੱਭ ਪੁਸਤਕਾਂ ਦੀ ਘੋਖ-ਪੜਤਾਲ ਕੀਤੀ ਗਈ। ਸ੍ਰੀ ਅੰਮ੍ਰਿਤਸਰ ਦੀਆਂ ਹੋਰ ਲਾਇਬ੍ਰੇਰੀਆਂ, ਪਟਿਆਲੇ ਦੀਆਂ ਭਾਸ਼ਾ ਵਿਭਾਗ, ਪੁਰਾਤਤ੍ਵ ਵਿਭਾਗ, ਪੰਜਾਬੀ ਯੂਨੀਵਰਸਿਟੀ ਅਤੇ ਸੈਂਟਰਲ ਪਬਲਿਕ ਲਾਇਬ੍ਰੇਰੀ ਦੇ ਸੰਗ੍ਰਹਿ ਵਿੱਚੋਂ ਪੁਸਤਕਾਂ ਦੀ ਖੋਜ ਕੀਤੀ ਗਈ। ਇਸ ਤੋਂ ਇਲਾਵਾ ਪ੍ਰੋ. ਪ੍ਰੀਤਮ ਸਿੰਘ ਜੀ ਅਤੇ ਵਿਦਿਆਰਥੀ ਜੀ ਦੇ ਨਿੱਜੀ ਪੁਸਤਕ ਸੰਗ੍ਰਹਿ ਵਿੱਚੋਂ ਵੀ ਮਦਦ ਲਈ ਗਈ ਹੈ।

ਇਸ ਪੁਸਤਕ ਵਿਚ ਨੜ੍ਹਿੰਨਵੇਂ (੯੯) ਕਵੀਆਂ ਦੇ ਸੰਖੇਪ ਜੀਵਨ ਅਤੇ ਉਨ੍ਹਾਂ ਦੀ ਰਚਨਾ ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਪ੍ਰਥਾਇ ਉਚਾਰਨ ਕੀਤੀ ਗਈ ਪਾਠ-ਸਮੱਗਰੀ ਅਤੇ ਉਸ ਦੇ ਸਰਲ ਭਾਵਾਰਥ ਦਿੱਤੇ ਗਏ ਹਨ।

ਸੰਕਲਨ ਕੀਤੇ ਕਵੀਆਂ ਦੇ ਵੇਰਵੇ ਕਾਲ-ਕ੍ਰਮ ਦੇ ਆਧਾਰ ਉੱਤੇ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਕਵੀਆਂ ਵਿੱਚੋਂ ਕੁਝ ਕਵੀਆਂ ਨੇ ਹੀ ਆਪਣੀ ਪਛਾਣ ਆਪਣੇ ਗ੍ਰੰਥਾਂ ਵਿਚ ਦਰਜ ਕੀਤੀ ਹੈ। ਕਈ ਕਵੀਆਂ ਨੇ ਤਾਂ ਗ੍ਰੰਥਾਂ ਦੀ ਰਚਨਾ ਸੰਮਤ ਦਰਜ ਕਰਨ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਜਿਸ ਕਰਕੇ ਸੰਪਾਦਕ ਨੇ ਪਾਠ-ਸਮੱਗਰੀ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਰਚਨਾ ਦੀਆਂ ਅੰਦਰਲੀਆਂ-ਬਾਹਰਲੀਆਂ ਗਵਾਹੀਆਂ ਦੇ ਆਧਾਰ ਉੱਤੇ ਨਿਸ਼ਚਿਤ ਰਚਨਾ-ਕਾਲ ਮਿਲ ਸਕਿਆ ਹੈ। ਕੁਝ ਦੋਹਰਿਆਂ ਨੂੰ ਵਾਧੇ ਦੇ ਰੂਪ ਵਿਚ 'ਦੋਹੇ, ਛੰਦਾਂ ਤੋਂ ਵਧੀਕ' ਸਿਰਲੇਖ ਹੇਠ ਰੱਖਿਆ ਗਿਆ ਹੈ। ਉਪਰੰਤ ਟਿੱਪਣੀਆਂ ਅਤੇ ਅੰਤਿਕਾਵਾਂ ਦਰਜ ਹਨ।

ਇਲਾਕਾਈ ਤੌਰ ਉੱਤੇ ਇਸ ਸੰਗ੍ਰਹਿ ਵਿਚ ਪੰਜਾਬੀ, ਸਿੰਧੀ, ਹਰਿਆਣਵੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਵਾਸੀ ਤੇ ਬਿਹਾਰੀ ਕਵੀ ਸ਼ਾਮਲ ਕੀਤੇ ਗਏ ਹਨ। ਪਟਨਾ ਆਜਮਗੜ੍ਹ, ਘੋਸ਼ੀ, ਝਾਂਸੀ, ਕੈਥਲ, ਕੁਰਖੇਤਰ, ਅੰਬਾਲਾ, ਪਟਿਆਲਾ, ਨਾਭਾ, ਸੰਗਰੂਰ, ਫਗਵਾੜਾ, ਜਲੰਧਰ, ਸ੍ਰੀ ਅੰਮ੍ਰਿਤਸਰ, ਲਾਹੌਰ, ਤਰਨ ਤਾਰਨ, ਸ੍ਰੀ ਮੁਕਤਸਰ, ਫ਼ਾਜ਼ਿਲਕਾ, ਬਿਲਾਸਪੁਰ, ਗੁੱਜਰਾਂਵਾਲਾ, ਮੁਲਤਾਨ, ਸੱਖਰ, ਸ਼ਿਕਾਰਪੁਰ, ਹੈਦਰਾਬਾਦ ਆਦਿ ਥਾਵਾਂ ਦੇ ਕਵੀ ਸ਼ਾਮਲ ਕੀਤੇ ਗਏ ਹਨ। ਇੰਞ ਲੱਗਭਗ ਸਾਰਾ ਹਿੰਦੀ ਬੋਲਦਾ ਜਾਂ ਸਮਝਦਾ ਇਲਾਕਾ ਇਸ ਸੰਗ੍ਰਹਿ ਦੇ ਖੇਤਰ ਵਿਚ ਆ ਗਿਆ ਹੈ। ਕਵੀਆਂ ਦੁਆਰਾ ਵਧੇਰੇ ਵਰਤੇ ਗਏ ਛੰਦਾਂ ਵਿਚ ਕਬਿੱਤ, ਸਵੱਈਆ, ਚੌਪਈ ਤੇ ਦੋਹਾ ਆਦਿ ਹਨ। ਘੱਟ ਵਰਤੇ ਗਏ ਛੰਦਾਂ ਵਿਚ ਛਪੈ, ਅੜਿਲ, ਭੁਜੰਗ-ਪ੍ਰਯਾਤ ਤੇ ਅਨੂਪ-ਨਗਦ ਆਦਿ ਹਨ।

ਕਵੀਆਂ ਦੁਆਰਾ ਪ੍ਰਮੁੱਖ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਸਰੂਪ ਦੀ ਪਰਮੇਸ਼ਰ ਰੂਪ ਵਿਚ ਮਹਿਮਾ ਕੀਤੀ ਗਈ ਹੈ। ਗੁਰੂ ਜੀ ਲਈ ਪਾਰਬ੍ਰਹਮ ਗੁਰਦੇਵ ਨਾਨਕ, ਸਤਿਗੁਰ ਦਿਆਲ, ਧੰਨ ਧੰਨ ਨਾਨਕ, ਗੁਰੂ ਕਰਤਾਰ ਦਾ ਰੂਪ ਆਦਿ ਸ਼ਬਦ ਕਹਿ ਕੇ ਸਨਮਾਨ ਦੇਣ ਦਾ ਯਤਨ ਕੀਤਾ ਗਿਆ ਹੈ।

ਸਮੁੱਚੇ ਰੂਪ ਵਿਚ ਇਹ ਪੁਸਤਕ ਸ਼ਰਧਾਵਾਨ ਸਿੱਖਾਂ, ਖੋਜੀਆਂ ਅਤੇ ਪੁਰਾਤਨ ਗ੍ਰੰਥਾਂ ਸੰਬੰਧੀ ਜਗਿਆਸਾ ਰੱਖਣ ਵਾਲੇ ਪਾਠਕਾਂ ਲਈ ਬਹੁਤ ਲਾਹੇਵੰਦ ਹੈ। ਇਸ ਸੰਗ੍ਰਹਿ ਵਿਚ ਗੁਰੂ ਨਾਨਕ ਦੇਵ ਜੀ ਦਾ ਜਸ ਬਹੁ-ਭਾਂਤੀ ਸਰੂਪ ਵਿਚ ਹਿੰਦੀ ਕਵਿਤਾ ਦੇ ਤਿੰਨ ਸੌ-ਸਾਲਾ ਵਿਕਾਸ ਦੇ ਮਾਧਿਅਮ ਰਾਹੀਂ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੁੰਦਾ ਹੈ। ■

**ਕਿਰਤ ਕਰੋ, ਨਾਮ ਜਪੋ, ਵੰਡ ਛਕੋ**

ਕਵਿਤਾ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼

-ਸ. ਸੁਰਜੀਤ ਸਿੰਘ*

*ਰਾਜੇ ਸ਼ੀਂਹ ਮੁਕੱਦਮ ਬਣੇ ਕੁੱਤੇ, ਗਰੀਬੀ ਦਾ ਕਰਨ ਸ਼ਕਾਰ ਜ਼ਾਲਮ।*
*ਨਿਰਬਲ ਨਿਤਾਣੇ 'ਤੇ ਹਰ ਕੋਈ ਕਰਦਾ ਜ਼ੁਲਮ ਸਿਪ੍ਹਾ ਸਲਾਰ ਜ਼ਾਲਮ।*
*ਪੁਕਾਰ ਕਿਸੇ ਦੀ ਕੋਈ ਸੁਣਦਾ ਨਾ, ਛੋਟੇ ਵੱਡੇ ਬਣੇ ਅਹਿਲਕਾਰ ਜ਼ਾਲਮ।*
*ਹੁਸਨ ਇੱਜ਼ਤ ਦਾ ਵੈਰੀ ਬਣ ਗਿਆ, ਬਣੀ ਹੋਈ ਸੀ ਉਦੋਂ ਸਰਕਾਰ ਜ਼ਾਲਮ।*
*ਵਾਂਗ ਮਗਰਮੱਛਾਂ ਦੇ ਮੂੰਹ ਜਾਲਮਾਂ ਦੇ, ਕੋਮਲ ਕਲੀਆਂ ਦਾ ਕਰਨ ਅਹਾਰ ਜ਼ਾਲਮ।*
*ਇਨਸਾਫ ਦੀ ਜੇ ਕੋਈ ਗੱਲ ਕਰਦਾ, ਦੇਂਦੇ ਉਸ ਨੂੰ ਸੀ ਜਾਨੋ ਮਾਰ ਜ਼ਾਲਮ।*
*ਦੁਖੀ ਜਨਤਾ ਨੇ ਰਲ ਪੁਕਾਰ ਕੀਤੀ, ਨਿਰੰਕਾਰ ਹੋ ਆਪ ਸਹਾਈ ਦਾਤਾ।*
*ਏਥੇ ਇੱਜ਼ਤ ਆਬਰੂ ਜਾਏ ਲੁੱਟੀ, ਨਿਰਬਲਾਂ ਦੀ ਨਹੀਂ ਸਮਾਈ ਦਾਤਾ।*
*ਰੱਖਿਆ ਕਰਨਾ ਕੰਮ ਸਰਕਾਰ ਦਾ ਸੀ, ਬਣ ਗਈ ਉਹ ਹੁਣ ਕਸਾਈ ਦਾਤਾ।*
*ਸੱਚ ਛੱਡ ਪੁੱਠੇ ਰਾਹ ਪੈ ਗਈ, ਫਸੀ ਵਹਿਮਾਂ ਦੇ ਵਿਚ ਲੋਕਾਈ ਦਾਤਾ।*
*ਭੂਤ ਪਰੇਤਾਂ ਨੂੰ ਇਸ਼ਟ ਮੰਨ ਲਿਆ, ਨਾਮ ਰੱਬ ਦਾ ਜਾਣ ਭੁਲਾਈ ਦਾਤਾ।*
*ਪੈਜ ਰੱਖਦੇ ਜੁਗਾਂ ਤੋਂ ਤੁਸੀਂ ਆਏ, ਹੁਣ ਮਜ਼ਲੂਮਾਂ ਦੀ ਕਰੋ ਸੁਣਵਾਈ ਦਾਤਾ।*
*ਨਿਰੰਕਾਰ ਨਾਨਕ ਦੇ ਰੂਪ ਅੰਦਰ, ਨਨਕਾਣੇ ਵਿਚ ਪ੍ਰਗਟ ਆਣ ਹੋਏ।*
*ਵਿਚ ਸੰਸਾਰ ਦੇ ਹੋ ਪ੍ਰਗਟ ਪੂਰੀ ਮਨੁੱਖਤਾ 'ਤੇ ਮਿਹਰਬਾਨ ਹੋਏ।*
*ਰਾਜਾ ਰੰਕ ਬਰਾਬਰ ਕਹਿਣ ਮੁਖੋਂ, ਉੱਚਾ ਨੀਵਾਂ ਨਾ ਕੋਈ ਇਨਸਾਨ ਹੋਏ।*
*ਹਰ ਇਕ ਦਾ ਕਰੋ ਸਤਿਕਾਰ ਸਾਰੇ, ਹਰ ਜੀਵ ਦੇ ਵਿਚ ਭਗਵਾਨ ਹੋਏ।*
*ਮਿਲੇ ਸ਼ਾਂਤੀ ਅਮਲਾਂ ਚੰਗਿਆਂ ਨਾਲ, ਹਿੰਦੂ ਇਸਾਈ ਭਾਵੇਂ ਮੁਸਲਮਾਨ ਹੋਏ।*
*ਰੱਬ ਇੱਕੋ ਜੁਗਾਂ ਤੋਂ ਸਭ ਦਾ ਹੈ ਸਾਂਝਾ, ਭਰਮਾਂ ਵਿਚ ਏ ਜੀਵਨ ਵਿਰਾਨ ਹੋਏ।*
*ਇੱਕ ਨਿਰੰਕਾਰ ਦੀ ਪੂਜਾ ਕਰੋ ਸਾਰੇ, ਉਪਦੇਸ਼ ਹਰ ਘੜੀ ਹਰ ਪਲ ਕੀਤਾ।*
*ਇਕ ਅਕਾਲ ਦੀ ਲੈ ਕੇ ਓਟ ਸਤਿਗੁਰੂ, ਆਇਆ ਜੋ ਸਵਾਲ ਉਹ ਹੱਲ ਕੀਤਾ।*
*ਸਤਿਨਾਮੁ ਦਾ ਉਪਦੇਸ਼ ਦੇ ਗੁਰੂ ਨਾਨਕ, ਵਾਲੀ ਕੰਧਾਰੀ ਦਾ ਦੂਰ ਵਲ਼ ਕੀਤਾ।*
*ਕੌਡੇ ਰਾਕਸ਼ ਜਿਹੇ ਆਦਮ ਖੋਰ ਦਾ, ਬੇੜਾ ਪਾਰ ਤੁਸਾਂ ਉੱਥੇ ਚੱਲ ਕੀਤਾ।*
*ਸਿਧਾਂ ਨਾਲ ਜਦੋਂ ਸੀ ਮੇਲ ਹੋਇਆ, ਉਹਨਾਂ ਨੇ ਸੀ ਬੜਾ ਵਲ ਛਲ ਕੀਤਾ।*
*ਗ੍ਰਿਹਸਤ ਛੱਡ ਜੋਗੀ ਜੋ ਬਣ ਬੈਠੇ, ਤੁਸਾਂ ਸਿੱਖਿਆ ਦੇ ਗ੍ਰਿਹਸਤ ਵੱਲ ਕੀਤਾ।*
*ਈਰਖਾ ਦੀ ਅੱਗ ਵਿਚ ਜੋ ਸੜਦੇ ਸੀ, ਉੱਚੀਆਂ ਜਾਤਾਂ ਦਾ ਤੋੜ ਅਭਿਮਾਨ ਦਿੱਤਾ।*
*ਸੰਗਤ ਪੰਗਤ ਦੇ ਵਿਚ ਬਿਠਾ ਸਭ ਨੂੰ, ਇੱਕੋ ਆਤਮਾ ਏ ਸਾਂਝਾ ਗਿਆਨ ਦਿੱਤਾ।*
*ਕਿਰਤ ਕਰੋ ਧਰਮ ਦੀ ਤੇ ਵੰਡ ਖਾਏ, ਗੁਰੂ ਨਾਨਕ ਨੇ ਉਸਨੂੰ ਮਾਣ ਦਿੱਤਾ।*
*ਲੋੜ ਵੰਦ ਗਰੀਬ ਨੂੰ ਜੋ ਦੇਵੇ ਵਸਤੂ, ਹੁੰਦਾ ਉਸਦਾ ਸਫਲ ਈ ਦਾਨ ਦਿੱਤਾ।*
*ਸੰਤਾਂ ਸਾਧੂਆਂ ਨੂੰ ਅੰਨ ਛਕਾਕੇ ਤੇ ਕਰੋ ਦਾਨ ਏਦਾਂ ਤੁਸਾਂ ਫੁਰਮਾਨ ਦਿੱਤਾ।*
*ਵਾਹਿਗੁਰੂ ਜਪੋ ਜੋ ਉਸਦੀ ਮੁਕਤ ਹੋਏ, ਸੁਰਜੀਤ ਸਿੰਘਾ! ਨਾਨਕ ਨੇ ਨਾਮ ਮਹਾਨ ਦਿੱਤਾ।*

*#L-6/1317, ਗਲੀ ਨੰ. ੨, ਬਾਜ਼ਾਰ ਨੰ. ੩, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ. +੯੧੯੨੧੬੫੪੭੫੬੩

ਕਵਿਤਾ

# ਗੁਰੂ ਨਾਨਕ ਪਾਤਸ਼ਾਹ

*-ਸ. ਨਰਿੰਦਰ ਸਿੰਘ**

*ਸਦੀਆਂ ਤੋਂ ਲੁੱਟਿਆਂ ਲਿਤਾੜਿਆਂ ਨੂੰ ਉਠਾਉਣ ਆਇਆ ਨਾਨਕ,*
*ਕਿਰਤ ਕਰੋ, ਨਾਮ ਜਪੋ, ਵੰਡ ਛਕੋ ਸਿਧਾਂਤ ਸਿਖਾਉਣ ਆਇਆ ਨਾਨਕ।*

*ਸੱਚ 'ਤੇ ਚੱਲਣ ਵਾਲੇ ਪਾਂਧੀ ਬਣਾਉਣ ਆਇਆ ਨਾਨਕ,*
*ਮਨੁੱਖੀ ਜੀਵਨ ਨੂੰ ਰੁਸ਼ਨਾਉਣ ਆਇਆ ਨਾਨਕ।*

*ਸਾਰੀ ਮਨੁੱਖਤਾ ਦਾ ਪਹਿਰੇਦਾਰ ਅਖਵਾਉਣ ਆਇਆ ਨਾਨਕ,*
*'ਨ ਕੋਈ ਹਿੰਦੂ ਨ ਮੁਸਲਮਾਨ' ਦਾ ਹੋਕਾ ਸੁਣਾਉਣ ਆਇਆ ਨਾਨਕ।*

*ਮਨੁੱਖੀ ਅਧਿਕਾਰਾਂ ਦੇ ਆਲੰਬਰਦਾਰ ਦਰਸਾਉਣ ਆਇਆ ਨਾਨਕ,*
*'ਸਚੁ ਸੁਣਾਇਸੀ ਸਚ ਕੀ ਬੇਲਾ' ਗਰਜ ਫੁਰਮਾਉਣ ਆਇਆ ਨਾਨਕ।*

*ਸੁੰਨ ਸਮਾਧੀ ਤੋਂ ਜਗਤ ਦਾ ਪਸਾਰ ਵਿਖਾਉਣ ਆਇਆ ਨਾਨਕ,*
*'ਕੀਤਾ ਪਸਾਉ ਏਕੋ ਕਵਾਉ' ਰਹੱਸ ਸਮਝਾਉਣ ਆਇਆ ਨਾਨਕ।*

*ਦਸਾਂ ਨਹੁੰਆਂ ਦੀ ਕਿਰਤ ਵਡਿਆਉਣ ਆਇਆ ਨਾਨਕ,*
*ਗ੍ਰਿਹਸਥ ਧਰਮ ਨੂੰ ਉਚਾਈਆਂ ਬਖ਼ਸ਼ਾਉਣ ਆਇਆ ਨਾਨਕ।*

*ਲੋੜਵੰਦ, ਗ਼ਰੀਬਾਂ ਦੇ ਮਦਦਗਾਰ ਕਹਾਉਣ ਆਇਆ ਨਾਨਕ,*
*ਰਾਜਾ ਰੰਕ ਸਭ ਬਰਾਬਰ ਮੁੱਖੋਂ ਬੁਲਾਉਣ ਆਇਆ ਨਾਨਕ।*

*#B-੩-੮੫/੨, ਗੁਰੂ ਨਾਨਕ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੋ. +੯੧੯੮੫੫੬੩੦੨੯੦

ਖ਼ਬਰਨਾਮਾ

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ

## ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਨਾਲ ਸਨਮਾਨਿਤ

ਸੁਲਤਾਨਪੁਰ ਲੋਧੀ, ੯ ਨਵੰਬਰ : ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ। ਦੱਸਣਯੋਗ ਹੈ ਕਿ ਬੀਤੀ ੧ ਨਵੰਬਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਸਾਹਿਬ ਜੀ ਦੇ ਚਰਨ-ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ ਦੀ ਅਰੰਭਤਾ ਕੀਤੀ ਗਈ ਹੈ। ਇਸ ਦੌਰਾਨ ਦੇਸ਼ ਦੀਆਂ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰਨ ਲਈ ਇਥੇ ਪੁੱਜ ਰਹੀਆਂ ਹਨ। ਇਸੇ ਤਹਿਤ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਗੁਰੂ ਸਾਹਿਬ ਜੀ ਦੇ ਪਾਵਨ ਅਸਥਾਨ ਵਿਖੇ ਮੱਥਾ ਟੇਕਿਆ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ, ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਹੋਰ ਮੌਜੂਦ ਸਨ। ਪ੍ਰਧਾਨ ਮੰਤਰੀ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੈਂਬਰ ਜਥੇਦਾਰ ਤੋਤਾ ਸਿੰਘ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਡਾ. ਬੀਬੀ ਉਪਿੰਦਰਜੀਤ ਕੌਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੁਜੀਤ ਸਿੰਘ ਵਿਰਕ, ਅੰਤ੍ਰਿੰਗ ਮੈਂਬਰ ਜਥੇਦਾਰ ਅਮਰੀਕ ਸਿੰਘ ਕੋਟਸ਼ਮੀਰ, ਮੈਂਬਰ ਸ. ਸਰਵਣ ਸਿੰਘ ਕੁਲਾਰ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਮਹਿੰਦਰ ਸਿੰਘ ਆਹਲੀ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਸਿਰਪਾਓ ਅਤੇ ਸ੍ਰੀ ਸਾਹਿਬ ਦੀ ਬਖ਼ਸ਼ਿਸ਼ ਕੀਤੀ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸਵੇਰੇ ੯.੧੫ ਵਜੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪਹੁੰਚੇ। ਉਹ ੧੫ ਮਿੰਟ ਦੇ ਕਰੀਬ ਗੁਰਦੁਆਰਾ ਸਾਹਿਬ ਵਿਖੇ ਰਹੇ। ਇਸ ਮੌਕੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲ ਵੀ ਅਰਪਣ ਕੀਤੇ। ਉਹ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਸਥਾਨ ਸ੍ਰੀ ਭੋਰਾ ਸਾਹਿਬ ਵਿਖੇ ਵੀ ਨਤਮਸਤਕ ਹੋਏ।

ਜਿਸ ਵੇਲੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ ਤਾਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਹੋਏ ਸਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੀ ਇਸ ਮੌਕੇ ਹਾਜ਼ਰ ਸਨ। ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨਾਲ ਕੁਝ ਸਮਾਂ ਗੱਲਬਾਤ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂਵਾਲਾ, ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਜਥੇਦਾਰ ਅਮਰੀਕ ਸਿੰਘ ਕੋਟਸ਼ਮੀਰ, ਬਾਬਾ ਬਲਬੀਰ ਸਿੰਘ ਸੀਚੇਵਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਸ. ਸਿਮਰਜੀਤ ਸਿੰਘ, ਸ. ਹਰਜੀਤ ਸਿੰਘ, ਸ. ਸਕੱਤਰ ਸਿੰਘ, ਸ. ਸੁਲੱਖਣ ਸਿੰਘ ਭੰਗਾਲੀ, ਮੁਖ ਗ੍ਰੰਥੀ ਗਿਆਨੀ ਸੁਰਜੀਤ ਸਿੰਘ ਸਭਰਾ ਅਤੇ ਮੈਨੇਜਰ ਸ. ਸਤਨਾਮ ਸਿੰਘ ਰਿਆੜ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਗ੍ਰਹਿਸਤ 'ਚ ਰਹਿ ਕੇ ਧਰਮ ਕਮਾਉਣ ਦਾ ਰਾਹ ਦਿਖਾਇਆ -ਸ੍ਰੀ ਰਾਮ ਨਾਥ ਕੋਵਿੰਦ

ਸੁਲਤਾਨਪੁਰ ਲੋਧੀ, ੧੨ ਨਵੰਬਰ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਨਜ਼ਦੀਕ ਗੁਰੂ ਨਾਨਕ ਸਟੇਡੀਅਮ ਵਿਖੇ ਕਰਵਾਏ ਮੁੱਖ ਸਮਾਗਮ ਦੌਰਾਨ ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੇ ਸ਼ਮੂਲੀਅਤ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫੇ ਨੂੰ ਅਜੋਕੇ ਵਿਸ਼ਵ ਪ੍ਰਸੰਗ ਵਿਚ ਮਨੁੱਖਤਾ ਦੇ ਜੀਵਨ ਲਈ ਸਭ ਤੋਂ ਸਟੀਕ ਤੇ ਉੱਤਮ ਮਾਰਗ ਕਰਾਰ ਦਿੱਤਾ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਕੌਮ ਦੇ ਨਾਂ ਸੰਦੇਸ਼ ਦਿੱਤਾ, ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਸੰਬੋਧਨ ਕੀਤਾ। ਸਮਾਗਮ ਦੌਰਾਨ ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ

ਸਾਹਿਬ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਕੇਂਦਰੀ ਮੰਤਰੀ ਸ੍ਰੀ ਸੋਮ ਪ੍ਰਕਾਸ਼, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਇਸ ਦੌਰਾਨ ਦੇਸ਼ ਭਰ ਵਿੱਚੋਂ ਪੁੱਜੀਆਂ ਪੰਥਕ ਤੇ ਧਾਰਮਿਕ ਸ਼ਖ਼ਸੀਅਤਾਂ ਨੇ ਵੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ।

ਸਮਾਗਮ ਦੌਰਾਨ ਸੰਗਤ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਗ੍ਰਿਹਸਥ ’ਚ ਰਹਿ ਕੇ ਧਰਮ ਕਮਾਉਣ ਦਾ ਰਾਹ ਦਿਖਾਇਆ। ਗੁਰੂ ਸਾਹਿਬ ਨੇ ਧਰਮ ਪਰੰਪਰਾ ਵਿਚ ਬਣੀ ਇਸ ਮਿੱਥ ਨੂੰ ਤੋੜਿਆ ਕਿ ਮੁਕਤੀ ਹਾਸਲ ਕਰਨ ਤੇ ਧਰਮ ਕਮਾਉਣ ਲਈ ਗ੍ਰਿਹਸਥ ਛੱਡਣਾ ਜ਼ਰੂਰੀ ਹੈ। ਰਾਸ਼ਟਰਪਤੀ ਸ੍ਰੀ ਕੋਵਿੰਦ ਨੇ ਠੇਠ ਪੰਜਾਬੀ ਵਿਚ ਆਪਣੇ ਸੰਬੋਧਨ ਦੌਰਾਨ ਸਿੱਖ ਕੌਮ ਦੀ ਰੱਜਵੀਂ ਪ੍ਰਸੰਸਾ ਕਰਦਿਆਂ ਕਿਹਾ ਕਿ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲ ਕੇ ਮਿਹਨਤ ਅਤੇ ਇਮਾਨਦਾਰੀ ਸਦਕਾ ਦੁਨੀਆਂ ਭਰ ਵਿਚ ਨਾਮਣਾ ਖੱਟਿਆ ਹੈ ਅਤੇ ਇਹ ਜਿੱਥੇ ਜਿੱਥੇ ਵੀ ਵੱਸਦੇ ਹਨ ਸਭ ਨਾਲ ਭਾਈਚਾਰਾ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਗੁਰਬਾਣੀ 'ਤੇ ਅਮਲ ਕਰਦਿਆਂ ਨਿਰਸਵਾਰਥ ਭਾਵਨਾ ਨਾਲ ਸੇਵਾ ਕਰਨ ਵਜੋਂ ਜਾਣੇ ਜਾਂਦੇ ਹਨ। ਗੁਰੂ ਸਾਹਿਬ ਵੱਲੋਂ ਦਿੱਤਾ ਗਿਆ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਉਪਦੇਸ਼ ਸਿੱਖਾਂ ਦੇ ਜੀਵਨ ਦਾ ਆਧਾਰ ਹੈ। ਉਨ੍ਹਾਂ ਸਿੱਖ ਧਰਮ ਵਿਚ ਮੀਰੀ ਪੀਰੀ ਦੇ ਸਿਧਾਂਤ ਦੀ ਗੱਲ ਕਰਦਿਆਂ ਕਿਹਾ ਕਿ ਇਨ੍ਹਾਂ ਦੋਹਾਂ ਦਾ ਸੁਮੇਲ ਸਿੱਖ ਧਰਮ ਦੀ ਵਿਲੱਖਣਤਾ ਹੈ। ਉਨ੍ਹਾਂ ਸਿੱਖ ਸੰਗਤ ਦੇ ਨਾਲ-ਨਾਲ ਸਮੁੱਚੇ ਰਾਸ਼ਟਰ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੀ ਵਿਚਾਰਧਾਰਾ ਨਾਲ ਜੁੜ ਕੇ ਸਮਾਜ ਨੂੰ ਬਿਹਤਰ ਬਣਾਉਣ ਲਈ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ।

ਇਸ ਸਮੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਨਿੱਜੀ ਜੀਵਨ ਨੂੰ ਬਿਹਤਰ ਬਣਾਉਣ ਲਈ ਮਾਰਗ ਦਰਸ਼ਨ ਦਿੱਤਾ ਅਤੇ ਮਨੁੱਖ ਨੂੰ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਸੁਚੇਤ ਕੀਤਾ। ਗੁਰੂ ਸਾਹਿਬ ਨੇ ਊਚ-ਨੀਚ, ਜਾਤ-ਪਾਤ ਅਤੇ ਜਬਰ-ਜ਼ੁਲਮ ਦਾ ਵਿਰੋਧ ਕਰਦਿਆਂ ਨਿਮਾਣਿਆਂ ਅਤੇ ਲਿਤਾੜਿਆਂ ਦੇ ਹੱਕ ਵਿਚ ਅਵਾਜ਼ ਉਠਾਈ। ਨਿਮਰਤਾ ਅਤੇ ਇਸਤਰੀ ਦਾ ਸਤਿਕਾਰ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ’ਚ ਅਹਿਮ ਹੈ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਮੌਕੇ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਸਿੱਖਾਂ ਨੂੰ ਤੋਹਫਾ ਦੇਣ ’ਤੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ

ਦਾ ਧੰਨਵਾਦ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੇਸ਼ ਦੇ ਰਾਸ਼ਟਰਪਤੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਿੱਖ ਜਗਤ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਖ਼ਾਸ ਮੌਕਾ ਕਿਹਾ। ਉਨ੍ਹਾਂ ਕਿਹਾ ਕਿ ਅੱਜ ਜੀਵਨ ਵਿਚ ਤਬਦੀਲੀ ਲਈ ਪ੍ਰੇਰਣਾ ਦਾ ਦਿਹਾੜਾ ਹੈ ਅਤੇ ਅੱਜ ਦੇ ਦਿਨ ਸਭ ਨੂੰ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਜੀਵਨ ਵਿਚ ਧਾਰਨ ਕਰਨ ਲਈ ਪ੍ਰਣ ਕਰਨਾ ਚਾਹੀਦਾ ਹੈ। ਭਾਈ ਲੌਂਗੋਵਾਲ ਨੇ ਐਲਾਨ ਕੀਤਾ ਕਿ ਅਗਲਾ ਸਾਰਾ ਸਾਲ ਗੁਰੂ ਸਾਹਿਬ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੇਗਾ, ਜਿਸ ਵਿਚ ਗੁਰਮਤਿ ਸਮਾਗਮਾਂ ਦਾ ਸਿਲਸਿਲਾ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਸਮੁੱਚੀਆਂ ਜਥੇਬੰਦੀਆਂ, ਸਭਾ-ਸੁਸਾਇਟੀਆਂ ਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਲਦ ਹੀ ਸ਼ੁਕਰਾਨਾ ਸਮਾਗਮ ਕਰਵਾ ਕੇ ਪ੍ਰਕਾਸ਼ ਪੁਰਬ ਮੌਕੇ ਸਹਿਯੋਗ ਦੇਣ ਵਾਲੇ ਮਹਾਂਪੁਰਖਾਂ, ਜਥੇਬੰਦੀਆਂ, ਟਕਸਾਲਾਂ, ਨਿਹੰਗ ਸਿੰਘ ਦਲਾਂ, ਲੰਗਰ ਤੇ ਹੋਰ ਸੇਵਾਵਾਂ ਕਰਨ ਵਾਲੀਆਂ ਸੁਸਾਇਟੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ, ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਮਿਤਰਾ ਕੋਵਿੰਦ, ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ, ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਸ੍ਰੀ ਸੋਮ ਪ੍ਰਕਾਸ਼ ਨੂੰ ਸਨਮਾਨਿਤ ਕੀਤਾ। ਸਟੇਜ ਸੰਚਾਲਨ ਦੀ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਨਿਭਾਈ ਗਈ।

ਇਸ ਮੌਕੇ ਰਾਜ ਸਭਾ ਮੈਂਬਰ ਸ. ਬਲਵਿੰਦਰ ਸਿੰਘ ਭੂੰਦੜ, ਸੀਨੀਅਰ ਆਗੂ ਜਥੇਦਾਰ ਤੋਤਾ ਸਿੰਘ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸ. ਬਿਕਰਮ ਸਿੰਘ ਮਜੀਠੀਆ, ਸ. ਦਲਜੀਤ ਸਿੰਘ ਚੀਮਾ, ਸ. ਦਰਬਾਰਾ ਸਿੰਘ ਗੁਰੂ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਬਿੱਕਰ ਸਿੰਘ ਚੰਨੂ, ਸ. ਜਗਮੀਤ ਸਿੰਘ ਬਰਾੜ, ਸ. ਸਿਕੰਦਰ ਸਿੰਘ ਮਲੂਕਾ, ਸ. ਗੁਲਜ਼ਾਰ ਸਿੰਘ ਰਣੀਕੇ, ਭਾਈ ਮਨਜੀਤ ਸਿੰਘ, ਸ. ਅਮਰੀਕ ਸਿੰਘ ਕੋਟਸ਼ਮੀਰ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਅਮਰੀਕ ਸਿੰਘ ਵਿਛੋਆ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਦਿਆਲ ਸਿੰਘ ਕੋਲਿਆਂਵਾਲੀ, ਭਾਈ ਰਾਮ ਸਿੰਘ, ਸ. ਅਵਤਾਰ ਸਿੰਘ ਵਣਵਾਲਾ, ਸ. ਸਰਵਨ

ਸਿੰਘ ਕੁਲਾਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਬੀਬੀ ਗੁਰਪ੍ਰੀਤ ਕੌਰ ਰੂਹੀ, ਸ. ਬਲਦੇਵ ਸਿੰਘ ਚੂੰਘਾ, ਭਾਈ ਰਾਜਿੰਦਰ ਸਿੰਘ ਮਹਿਤਾ, ਸ. ਹਰਜਾਪ ਸਿੰਘ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਬਲਜੀਤ ਸਿੰਘ ਜਲਾਲਉਸਮਾ, ਸ. ਦਲਜੀਤ ਸਿੰਘ ਭਿੰਡਰ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਸ. ਕੁਲਵੰਤ ਸਿੰਘ ਮੰਨਣ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਸਤਵਿੰਦਰ ਸਿੰਘ ਟੌਹੜਾ, ਸ. ਸੁਖਵਰਸ਼ ਸਿੰਘ ਪੰਨੂ, ਸ. ਰਤਨ ਸਿੰਘ ਜੱਫਰਵਾਲ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਨਵਤੇਜ ਸਿੰਘ ਕਾਉਣੀ, ਸ. ਸੱਜਣ ਸਿੰਘ ਬੱਜੂਮਾਨ, ਸ. ਗੁਰਨਾਮ ਸਿੰਘ ਜੱਸਲ, ਸਕੱਤਰ ਸ. ਮਹਿੰਦਰ ਸਿੰਘ ਆਹਲੀ, ਸ. ਅਵਤਾਰ ਸਿੰਘ ਸੈਂਪਲਾ ਆਦਿ ਮੌਜੂਦ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼

## ਅਜੋਕੇ ਵਿਸ਼ਵ ਹਾਲਾਤਾਂ ਦੇ ਮੱਦੇਨਜ਼ਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਤੋਂ ਸੇਧ ਲਵੇ ਸਿੱਖ ਕੌਮ -ਗਿਆਨੀ ਹਰਪ੍ਰੀਤ ਸਿੰਘ

ਗੁਰੂ ਨਾਨਕ ਸਟੇਡੀਅਮ ਵਿਖੇ ਮੁੱਖ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਦੇ ਨਾਂ ਸੰਦੇਸ਼ ਦਿੰਦਿਆਂ ਸਿੱਖ ਪੰਥ ਦੇ ਅਜੋਕੇ ਹਾਲਾਤਾਂ, ਵਿਸ਼ਵ ਸਰੋਕਾਰਾਂ ਅਤੇ ਵਿਸ਼ਵ ਪ੍ਰਸੰਗ ਦੇ ਵਿਚ ਸਿੱਖ ਫਲਸਫੇ ਦੀ ਅਹਿਮੀਅਤ ਨੂੰ ਉਭਾਰਿਆ। ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਦੇਸ਼ ਦੀ ਸ਼ੁਰੂਆਤ ੫੫੦ ਸਾਲਾ ਪ੍ਰਕਾਸ਼ ਗੁਰਪੁਰਬ ਦੇ ਮੁਬਾਰਕ ਮੌਕੇ 'ਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲ਼ਾਂਘਾ ਖੁੱਲ੍ਹਣ 'ਤੇ ਖੁਸ਼ੀ ਦੇ ਪ੍ਰਗਟਾਵੇ ਨਾਲ ਕਰਦਿਆਂ ਪਿਛਲੇ ਸਾਢੇ ਪੰਜ ਸੌ ਸਾਲਾ ਦੌਰਾਨ ਸਿੱਖ ਪੰਥ ਦੇ ਇਤਿਹਾਸਿਕ ਸਫ਼ਰ ਅਤੇ ਮੌਜੂਦਾ ਦਸ਼ਾ ਦੇ ਮੱਦੇਨਜ਼ਰ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਭਵਿੱਖ ਬਾਰੇ ਸੇਧ ਲੈਣ ਲਈ ਅਰਧ ਸ਼ਤਾਬਦੀ ਪੁਰਬ ਨੂੰ ਇਕ ਪ੍ਰੇਰਣਾ ਵਜੋਂ ਲੈਣਾ ਚਾਹੀਦਾ ਹੈ। ਸਿੰਘ ਸਾਹਿਬ ਨੇ ਆਪਣੇ ਸੰਦੇਸ਼ 'ਚ ਅਜੋਕੇ ਸੰਸਾਰ ਹਾਲਾਤਾਂ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਮਨੁੱਖੀ ਜੀਵਨ ਵਿਚ ਵਿਗਾਸ ਦੀ ਥਾਂ ਵਿਨਾਸ਼ ਭਾਰੂ ਹੁੰਦਾ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਕੁਦਰਤ ਦਾ ਵਿਗੜਦਾ ਸੰਤੁਲਨ, ਹਉਮੈਵਾਦੀ ਨਿਜ਼ਾਮ, ਵਪਾਰਕ ਜੰਗ, ਪਦਾਰਥਕ ਪਸਾਰਾ, ਸੱਭਿਆਚਾਰਾਂ ਦਾ ਦਮਨ, ਵਿਸ਼ਵ ਆਰਥਿਕ ਮੰਦੀ ਅਤੇ ਆਲਮੀ ਪ੍ਰਮਾਣੂ ਜੰਗ ਵਰਗੇ ਹਾਲਾਤ ਮਨੁੱਖਤਾ ਨੂੰ ਦਰਪੇਸ਼ ਹਨ। ਉਨ੍ਹਾਂ ਨੇ ਵਿਆਪਕ ਪ੍ਰਸੰਗ ਵਿਚ ਗੱਲ ਕਰਦਿਆਂ ਕਿਹਾ ਕਿ ਸਿਰਫ ਸਿੱਖ ਕੌਮ ਹੀ ਨਹੀਂ ਅੱਜ ਸਮੁੱਚੇ ਸੰਸਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਜੀਵਨ ਮਾਰਗ ਦੀ ਤਾਂਘ ਹੈ। ਸਿੰਘ ਸਾਹਿਬ ਨੇ ਜਾਤ-ਪਾਤ, ਊਚ-ਨੀਚ, ਇਸਤਰੀ ਨਾਲ ਵਿਤਕਰਾ ਅਤੇ ਆਲਮੀ ਤਪਸ਼ ਵਰਗੇ ਮਨੁੱਖਤਾ ਨੂੰ ਦਰਪੇਸ਼ ਸੰਕਟਾਂ ਦੇ ਹੱਲ

ਲਈ ਗੁਰਮਤਿ ਦੇ ਫਲਸਫੇ ਨੂੰ ਨਵੀਆਂ ਅੰਤਰਦ੍ਰਿਸ਼ਟੀਆਂ ਤੋਂ ਖੋਲ੍ਹਣ ਦੀ ਲੋੜ ਦੱਸੀ। ਉਨ੍ਹਾਂ ਪੰਜਾਬੀਆਂ ਵਿਚ ਮਾਂ ਬੋਲੀ ਪ੍ਰਤੀ ਬੇਮੁਖਤਾਈ ਦੇ ਰੁਝਾਨ ਬਾਰੇ ਚਿੰਤਾ ਪ੍ਰਗਟ ਕਰਦਿਆਂ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਹਰ ਪੰਜਾਬੀ ਆਪਣੇ ਘਰ ਨੂੰ ਪੰਜਾਬੀ ਬੋਲੀ ਦੀ ਟਕਸਾਲ ਬਣਾਵੇ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕੱਤਰ ਹੋ ਕੇ ਸਾਂਝੀਵਾਲਤਾ 'ਤੇ ਅਧਾਰਤਿ ਪਵਿੱਤਰ ਨਿਯਮਾਂ ਵਾਲਾ ਇਕ ਅਜਿਹਾ ਰਾਜਨੀਤਕ ਤੇ ਸਮਾਜਿਕ ਪ੍ਰਬੰਧ ਸਾਹਮਣੇ ਲਿਆਉਣ ਦੀ ਲੋੜ ਵੀ ਦੱਸੀ, ਜਿਸ ਤੋਂ ਸਮੁੱਚਾ ਵਿਸ਼ਵ ਭਾਈਚਾਰਾ ਅਤੇ ਦੇਸ਼ ਅਗਵਾਈ ਹਾਸਲ ਕਰ ਸਕਣ।

ਇਸ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ, ਭਾਈ ਬਲਜਿੰਦਰ ਸਿੰਘ ਰਾੜਾ ਸਾਹਿਬ, ਮਹੰਤ ਸ੍ਰੀ ਰਘੂਮੁਨੀ ਉਦਾਸੀਨ ਆਦਿ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਧਾਰਮਿਕ ਸ਼ਖ਼ਸੀਅਤਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਤਿੰਦਰਬੀਰ ਸਿੰਘ ਤੇ ਭਾਈ ਰਾਇ ਸਿੰਘ ਦੇ ਜਥਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਵੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਬਾਬਾ ਸੁਬੇਗ ਸਿੰਘ, ਬਾਬਾ ਗੁਰਨਾਮ ਸਿੰਘ, ਬਾਬਾ ਦਲਜੀਤ ਸਿੰਘ ਸ਼ਿਕਾਗੋ, ਬਾਬਾ ਕਸ਼ਮੀਰ ਸਿੰਘ ਭੂਰੀਵਾਲੇ, ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਮੇਜਰ ਸਿੰਘ, ਬਾਬਾ ਜਗਜੀਤ ਸਿੰਘ ਬੜੂ ਸਾਹਿਬ, ਬਾਬਾ ਬੁੱਧ ਸਿੰਘ ਨਿੱਕੇਘੁੰਮਣ, ਭਾਈ ਸੁਖਦੇਵ ਸਿੰਘ ਦਮਦਮੀ ਟਕਸਾਲ, ਗਿਆਨੀ ਹਰਦੀਪ ਸਿੰਘ, ਬਾਬਾ ਗੱਜਣ ਸਿੰਘ, ਬੀਬੀ ਜਸਪ੍ਰੀਤ ਕੌਰ ਮਾਹਿਲਪੁਰ, ਬਾਬਾ ਸੁਖਦੇਵ ਸਿੰਘ ਭੁਚੋਕਲਾਂ, ਬਾਬਾ ਲੱਖਾ ਸਿੰਘ, ਬਾਬਾ ਖੁਸ਼ਹਾਲ ਸਿੰਘ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਸੁਖਦੇਵ ਸਿੰਘ ਭੁਰਾਕੋਹਨਾ, ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਹਰਜੀਤ ਸਿੰਘ ਲਾਲੂਘੁੰਮਣ, ਸ. ਗੁਰਿੰਦਰ ਸਿੰਘ ਮਥਰੇਵਾਲ ਆਦਿ ਮੌਜੂਦ ਸਨ।

# ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਦੇ ਕੌਮਾਂਤਰੀ ਸਮਾਗਮ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨਾਲ ਹੋਏ ਸੰਪੂਰਨ

ਸੁਲਤਾਨਪੁਰ ਲੋਧੀ, ੧੩ ਨਵੰਬਰ : ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਦੇ ਕੌਮਾਂਤਰੀ ਸਮਾਗਮ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੇ ਨਾਲ ਸੰਪੂਰਨ ਹੋ ਗਏ। ਦੱਸਣਯੋਗ ਹੈ ਕਿ ਬੀਤੀ ੧ ਨਵੰਬਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ੫੫੦ਵੇਂ ਪ੍ਰਕਾਸ਼ ਗੁਰਪੁਰਬ ਸਬੰਧੀ ਸਮਾਗਮ ਸੁਲਤਾਨਪੁਰ ਲੋਧੀ ਦੀ ਪਾਵਨ ਇਤਿਹਾਸਿਕ ਧਰਤੀ ’ਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਆਰੰਭ ਹੋਏ ਸਨ। ਇਨ੍ਹਾਂ ਸਮਾਗਮਾਂ ਦੀ ਸਮਾਪਤੀ ਮੌਕੇ ੧੨ ਅਤੇ ੧੩ ਨਵੰਬਰ ਦੀ ਦਰਮਿਆਨੀ ਰਾਤ ਗੁਰਦੁਆਰਾ ਸਾਹਿਬ ਵਿਖੇ ਸੰਗਤ ਨੇ ਭਰਵੀਂ ਸ਼ਮੂਲੀਅਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਰਾਤ ਦੇ ੨.੩੦ ਵਜੇ ਪਾਏ ਗਏ। ਇਸ ਮੌਕੇ ਰਵਾਇਤ ਅਨੁਸਾਰ ਗੁਰਬਾਣੀ ਕੀਰਤਨ ਮਗਰੋਂ ਆਰਤੀ ਦਾ ਕੀਰਤਨ ਕੀਤਾ ਗਿਆ, ਜਿਸ ਦੌਰਾਨ ਸਮੁੱਚੀ ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ’ਤੇ ਫੁੱਲਾਂ ਦੀ ਵਰਖਾ ਕਰ ਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਹ ਦ੍ਰਿਸ਼ ਬੇਹੱਦ ਅਲੌਕਿਕ ਅਤੇ ਵਿਸਮਾਦੀ ਸੀ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰਦੁਆਰਾ ਸਾਹਿਬ ਅੰਦਰ ਧਾਰਮਿਕ ਸ਼ਖ਼ਸੀਅਤਾਂ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਦੀ ਰੋਸ਼ਨੀ ਵਿਚ ਨੌਜਵਾਨੀ ਨੂੰ ਸਿੱਖ ਸਰੂਪ ਵਿਚ ਪ੍ਰਪੱਕ ਰਹਿਣ ਦੀ ਪ੍ਰੇਰਨਾ ਕੀਤੀ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਦੇ ਸ਼ਬਦ ਕਹੇ। ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਸੁਰਜੀਤ ਸਿੰਘ ਸਭਰਾ ਨੇ ਸੰਗਤ ਨੂੰ ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਈਆਂ ਧਾਰਮਿਕ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਬਾਬਾ ਗੁਰਦੇਵ ਸਿੰਘ ਗੁਰਦੁਆਰਾ ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ, ਬਾਬਾ ਅਵਤਾਰ ਸਿੰਘ ਸੁਰਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਕੋਟ ਸ਼ਮੀਰ, ਮੈਂਬਰ ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਦਿਆਲ ਸਿੰਘ ਕੋਲਿਆਂਵਾਲੀ, ਭਾਈ ਅਮਰਜੀਤ ਸਿੰਘ ਚਾਵਲਾ, ਸ. ਸਰਵਣ ਸਿੰਘ ਕੁਲਾਰ,

ਬੀਬੀ ਗੁਰਪ੍ਰੀਤ ਕੌਰ ਰੂਹੀ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਧਰਮ ਪ੍ਰਚਾਰ ਕਮੇਟੀ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਸਵਾਮੀ ਜੀ ਹੁਸ਼ਿਆਰਪੁਰ ਵਾਲੇ, ਮੀਤ ਸਕੱਤਰ ਸ. ਹਰਜੀਤ ਸਿੰਘ ਲਾਲੂ ਘੁੰਮਣ, ਸ. ਸੁਲੱਖਣ ਸਿੰਘ ਭੰਗਾਲੀ, ਸ. ਸਕੱਤਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ ਰਿਆੜ ਆਦਿ ਵੀ ਹਾਜ਼ਰ ਸਨ।

## ਕਰਤਾਰਪੁਰ ਸਾਹਿਬ ਲਾਂਘਾ ਸ਼ੁਰੂ, ੭੨ ਵਰ੍ਹਿਆਂ ਬਾਅਦ ਹਕੀਕਤ 'ਚ ਬਦਲੇ ਖ਼ਾਬ

ਸ਼ਿਕਾਰ ਮਾਛੀਆਂ (ਡੇਰਾ ਬਾਬਾ ਨਾਨਕ) ੯ ਨਵੰਬਰ : ਭਾਰਤ-ਪਾਕਿਸਤਾਨ ਸਮੇਤ ਪੂਰੀ ਦੁਨੀਆ ਦੀਆਂ ਸਮੁੱਚੀਆਂ ਨਾਨਕ-ਨਾਮ ਲੇਵਾ ਸਿੱਖ ਸੰਗਤਾਂ ਲਈ ਅੱਜ (੯ ਨਵੰਬਰ, ੨੦੧੯) ਉਹ ਇਤਿਹਾਸਿਕ ਤੇ ਯਾਦਗਾਰੀ ਪਲ ਸਨ ਜਦੋਂ ੭੨ ਸਾਲਾਂ ਦੀਆਂ ਅਰਦਾਸਾਂ ਉਪਰੰਤ ਸੰਗਤ ਦੇ ਖੁੱਲ੍ਹੇ ਦਰਸ਼ਨ-ਦੀਦਾਰ ਲਈ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਗਿਆ। ਇਸ ਮੌਕੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਸਥਿਤ ਮੁਕੱਦਸ ਅਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਉਦਘਾਟਨ ਤੋਂ ਪਹਿਲਾਂ ਕੀਤੇ ਸਮਾਗਮ ਦੌਰਾਨ ਸਿੱਖ ਜਗਤ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ੫੫੦ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਦੀ ਬਾਣੀ ਨੂੰ ਰਾਹ-ਦਸੇਰਾ ਦੱਸਦਿਆਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ 'ਤੇ ਜ਼ੋਰ ਦਿੱਤਾ। ਇਸ ਮੌਕੇ ਪ੍ਰਧਾਨ ਮੰਤਰੀ ਵੱਲੋਂ ੫੫੦ ਰੁਪਏ ਦਾ ਯਾਦਗਾਰੀ ਸਿੱਕਾ ਵੀ ਜਾਰੀ ਕੀਤਾ ਗਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਬੀ. ਐਸ. ਐਫ. ਕੰਪਲੈੱਕਸ ਸ਼ਿਕਾਰ ਮਾਛੀਆਂ ਵਿਖੇ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਢਾਡੀ ਜਥੇ ਵੱਲੋਂ ਗੁਰੂ-ਜਸ ਕਰਦਿਆਂ ਕੀਤੀ ਗਈ। ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕਰਨੈਲ ਸਿੰਘ ਤੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਦੇ ਜਥਿਆਂ ਵੱਲੋਂ ਇਲਾਹੀ ਗੁਰਬਾਣੀ ਦਾ ਮਨੋਹਰ ਸ਼ਬਦ ਕੀਰਤਨ ਕੀਤਾ ਗਿਆ ਤੇ ਅਨੰਦ ਸਾਹਿਬ ਦੇ ਜਾਪ ਕਰਨ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਸੁਲਤਾਨ ਸਿੰਘ ਵੱਲੋਂ ਅਰਦਾਸ ਕੀਤੀ ਗਈ। ਉਪਰੰਤ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹੈੱਡ ਗ੍ਰੰਥੀ, ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਹੁਕਮਨਾਮਾ ਲਿਆ ਗਿਆ। ਪ੍ਰਧਾਨ ਮੰਤਰੀ ਸਮੇਤ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਮੇਤ ਅਹਿਮ ਸ਼ਖ਼ਸੀਅਤਾਂ ਨੇ

ਹੇਠਾਂ ਪੰਡਾਲ 'ਚ ਬੈਠ ਕੇ ਕੀਰਤਨ ਸਰਵਣ ਕੀਤਾ, ਜਦੋਂ ਕਿ ਅਰਦਾਸ ਉਪਰੰਤ ਸਟੇਜ ਉੱਪਰ ਗਏ।

ਕੇਸਰੀ ਰੰਗ ਦੀ ਸ਼ਾਨਦਾਰ ਪਗੜੀ ਸਜਾਈ ਸਮਾਗਮ 'ਚ ਪਹੁੰਚੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਉਹ ਇਸ ਪਵਿੱਤਰ ਧਰਤੀ 'ਤੇ ਆ ਕੇ ਆਪਣੇ-ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸੰਗਤਾਂ ਨੂੰ ਕਾਰ-ਸੇਵਾ ਕਰ ਕੇ ਆਪਣੇ ਅੰਦਰ ਖੁਸ਼ੀ ਦਾ ਅਹਿਸਾਸ ਹੁੰਦਾ ਹੈ, ਉਹੀ ਅਹਿਸਾਸ ਅੱਜ ਮੈਂ ਆਪਣੇ ਅੰਦਰ ਮਹਿਸੂਸ ਕਰ ਰਿਹਾ ਹਾਂ, ਮੈਂ ਆਪ ਨੂੰ ਪੂਰੇ ਦੇਸ਼ ਤੇ ਦੁਨੀਆ ਭਰ 'ਚ ਵੱਸੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੰਦਾ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿੱਖ ਜਗਤ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਨੂੰ ਜੋ ਕੌਮੀ ਸਨਮਾਨ ਨਾਲ ਨਿਵਾਜਿਆ ਗਿਆ ਹੈ, ਇਹ ਸਨਮਾਨ, ਗੌਰਵ ਸਾਡੀ ਮਹਾਨ ਸੰਤ ਪ੍ਰੰਪਰਾ ਦੇ ਤੇਜ਼, ਗਿਆਨ ਅਤੇ ਤਪੱਸਿਆ ਦਾ ਪ੍ਰਸਾਦਿ ਹੈ ਤੇ ਮੈਂ ਇਸ ਸਨਮਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਚ ਸਮਰਪਿਤ ਕਰਦਾ ਹਾਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ੫੫੦ ਸਾਲਾ ਪ੍ਰਕਾਸ਼ ਗੁਰਪੁਰਬ ਤੋਂ ਪਹਿਲਾਂ ਚੈੱਕ ਪੋਸਟ ਅਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਆਰੰਭ ਹੋਣਾ ਸਾਰਿਆਂ ਲਈ ਦੋਹਰੀ ਖੁਸ਼ੀ ਲੈ ਕੇ ਆਇਆ ਹੈ ਤੇ ਇਹ ਲਾਂਘਾ ਅਮਲ 'ਚ ਆਉਣ ਨਾਲ ਸੰਗਤਾਂ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਕਰ ਸਕਣਗੀਆਂ। ਉਨ੍ਹਾਂ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਨਿਰਮਾਣ ਨਾਲ ਜੁੜੇ ਹਰੇਕ ਦਾ ਧੰਨਵਾਦ ਕੀਤਾ। ਉਨ੍ਹਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਿਆਜ਼ੀ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਕਰਤਾਰਪੁਰ ਸਾਹਿਬ ਨਾਲ ਜੁੜੀਆਂ ਭਾਰਤ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਪਾਕਿਸਤਾਨ ਵਾਲੇ ਪਾਸੇ ਸਮੇਂ ਅੰਦਰ ਲਾਂਘਾ ਮੁਕੰਮਲ ਕੀਤੇ ਜਾਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਸਿੱਖ ਪੰਥ ਤੇ ਭਾਰਤ ਦੇ ਹੀ ਨਹੀਂ, ਬਲਕਿ ਸਮੁੱਚੀ ਮਾਨਵਤਾ ਲਈ ਪ੍ਰੇਰਨਾ-ਪੁੰਜ ਹਨ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਕੇਵਲ ਗੁਰੂ ਸਾਹਿਬ ਦੀ ਕਰਮ-ਭੂਮੀ ਨਹੀਂ, ਬਲਕਿ ਕਰਤਾਰਪੁਰ ਸਾਹਿਬ ਦੀ ਮਿੱਟੀ ਦੇ ਕਣ-ਕਣ 'ਚ ਗੁਰੂ ਸਾਹਿਬ ਦੀ ਖ਼ੁਸ਼ਬੂ ਸਮਾਈ ਹੋਈ ਹੈ ਤੇ ਉੱਥੋਂ ਦੀ ਹਵਾ 'ਚ ਗੁਰੂ ਸਾਹਿਬ ਦੀ ਬਾਣੀ ਘੁਲੀ ਹੋਈ ਹੈ। ਕਰਤਾਰਪੁਰ ਸਾਹਿਬ ਦੀ ਧਰਤੀ ਉੱਪਰ ਹਲ਼ ਚਲਾ ਕੇ ਗੁਰੂ ਸਾਹਿਬ ਨੇ ਸਮੁੱਚੀ ਲੋਕਾਈ ਨੂੰ ਆਪਣਾ ਪਹਿਲਾ ਨਿਯਮ ਕਿਰਤ ਕਰਨ ਦੀ ਉਦਾਹਰਨ ਦਿੱਤੀ ਤੇ ਇੱਥੇ ਹੀ ਉਨ੍ਹਾਂ ਨਾਮ ਜਪਣ ਦੀ ਵਿਧੀ ਦੱਸੀ ਤੇ ਇੱਥੇ ਹੀ ਉਨ੍ਹਾਂ ਮਿਹਨਤ ਨਾਲ ਤਿਆਰ ਕੀਤੀ ਫ਼ਸਲ ਤੋਂ ਮਿਲ ਕੇ ਛਕਣ

ਦੀ ਰੀਤ ਪੈਦਾ ਕੀਤੀ, ਵੰਡ ਛਕੋ ਦਾ ਮੰਤਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਅਸਥਾਨ ਲਈ ਉਹ ਜਿੰਨਾ ਵੀ ਕੁਝ ਕਰ ਸਕਦੇ ਹਨ, ਉਹ ਘੱਟ ਹੈ। ਪ੍ਰਧਾਨ ਮੰਤਰੀ ਨੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾ ਕੇ ਆਪਣਾ ਭਾਸ਼ਣ ਸ਼ੁਰੂ ਕੀਤਾ ਤੇ ਸਤਿਨਾਮੁ-ਵਾਹਿਗੁਰੂ ਦਾ ਤਿੰਨ ਵਾਰ ਉਚਾਰਨ ਕਰ ਕੇ ਭਾਸ਼ਣ ਸਮਾਪਤ ਕੀਤਾ।

ਇਸ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਕਰਕੇ ਅੱਜ ਉਹ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਜਾ ਰਹੇ ਹਨ ਤੇ ਉਨ੍ਹਾਂ ਦੀ ਦਰਸ਼ਨਾਂ ਦੀ ਤਾਂਘ ਪੂਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਮੁੱਦਤਾਂ ਤੋਂ ਇਕੱਠੇ ਰਹੇ ਹਾਂ ਤੇ ਹੁਣ ਪਾਕਿਸਤਾਨ ਨੂੰ ਸੋਚਣਾ ਚਾਹੀਦਾ ਹੈ ਕਿ ਲੜਾਈ-ਝਗੜੇ ਦਾ ਤਿਆਗ ਕਰ ਕੇ ਆਪਣੇ ਆਵਾਮ ਵੱਲ ਧਿਆਨ ਦੇਵੇ। ਉਨ੍ਹਾਂ ਕਿਹਾ ਕਿ ਅੱਜ ਬਹੁਤ ਮਹਾਨ ਤੇ ਇਤਿਹਾਸਿਕ ਦਿਨ ਹੈ ਤੇ ਮੈਨੂੰ ਪਤਾ ਹੈ ਕਿ ਅੱਜ ਪੰਜਾਬ 'ਚ ਸ਼ਾਮ ਨੂੰ ਖੁਸ਼ੀ ਦੇ ਦੀਵੇ ਬਲਣਗੇ।

ਇਸ ਮੌਕੇ ਵੀ.ਪੀ. ਸਿੰਘ ਬਦਨੌਰ ਰਾਜਪਾਲ ਪੰਜਾਬ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਕੇਂਦਰੀ ਮੰਤਰੀ ਸੋਮ ਪ੍ਰਕਾਸ਼ , ਗੁਰਦਾਸਪੁਰ ਤੋਂ ਸੰਸਦ ਮੈਂਬਰ ਸੰਨੀ ਦਿਓਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸ਼ਵੇਤ ਮਲਿਕ, ਪੰਜਾਬ ਪ੍ਰਧਾਨ ਭਾਰਤੀ ਜਨਤਾ ਪਾਰਟੀ, ਸਾਬਕਾ ਕੈਬਨਿਟ ਮੰਤਰੀ ਸ. ਬਿਕਰਮ ਸਿੰਘ ਮਜੀਠੀਆ, ਸਾਬਕਾ ਸਪੀਕਰ ਸ. ਨਿਰਮਲ ਸਿੰਘ ਕਾਹਲੋਂ, ਡਾ. ਦਲਜੀਤ ਸਿੰਘ ਚੀਮਾ, ਸ. ਜਨਮੇਜਾ ਸਿੰਘ ਸੇਖੋਂ, ਸ. ਗੁਰਬਚਨ ਸਿੰਘ ਬੱਬੇਹਾਲੀ, ਸ. ਲਖਬੀਰ ਸਿੰਘ ਲੋਧੀ ਨੰਗਲ ਵਿਧਾਇਕ, ਸ. ਹੀਰਾ ਸਿੰਘ ਗਾਬੜੀਆ, ਸ. ਸਰਬਜੀਤ ਸਿੰਘ ਮੱਕੜ, ਪ੍ਰਕਾਸ਼ ਗਰਗ, ਸ. ਸਰਬਜੋਤ ਸਿੰਘ ਸਾਬੀ, ਬੰਟੀ ਰੋਮਾਣਾ, ਸ. ਰਵੀਕਰਨ ਸਿੰਘ ਕਾਹਲੋਂ, ਸ. ਸੁਖਬੀਰ ਸਿੰਘ ਵਾਹਲਾ, ਸ. ਰਮਨਦੀਪ ਸਿੰਘ (ਸੰਧੂ), ਸ. ਗੁਰਜੀਤ ਸਿੰਘ ਬਿਜਲੀਵਾਲ, ਸ. ਦਿਲਬਾਗ ਸਿੰਘ ਵਡਾਲੀ, ਸ. ਗੁਰਪ੍ਰੀਤ ਸਿੰਘ ਵਡਾਲੀ, ਸ. ਕੰਵਲਪ੍ਰੀਤ ਸਿੰਘ ਕਾਕੀ, ਸ. ਗੁਰਇਕਬਾਲ ਸਿੰਘ ਮਾਹਲ, ਸ. ਮੰਗਲ ਸਿੰਘ ਬਟਾਲਾ, ਸ. ਜਗਬੀਰ ਸਿੰਘ ਧਰਮਸੋਤ, ਸ. ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਸ. ਇੰਦਰਜੀਤ ਸਿੰਘ ਰੰਧਾਵਾ, ਸ. ਦੀਪਇੰਦਰ ਸਿੰਘ ਰੰਧਾਵਾ, ਸ. ਸ਼ਮਸ਼ੇਰ ਸਿੰਘ ਗੈਮਾ ਤੋਂ ਇਲਾਵਾ ਸੰਤ ਸਮਾਜ ਤੋਂ ਬਾਬਾ ਬਲਬੀਰ ਸਿੰਘ ੯੬ ਕਰੋੜੀ ਨਿਹੰਗ ਮੁਖੀ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਮਹੰਤ ਭੁਪਿੰਦਰ ਗਿਰੀ ਝੌਹਰੀਵਾਲ, ਸ਼੍ਰੋਮਣੀ

ਕਮੇਟੀ ਮੈਂਬਰ ਸ. ਰਾਮ ਸਿੰਘ, ਸ. ਗੁਰਿੰਦਰਪਾਲ ਸਿੰਘ ਗੋਰਾ, ਰਣਜੋਧ ਸਿੰਘ ਚਾਹਲ, ਯਾਦਵਿੰਦਰ ਸਿੰਘ ਆਦਿ ਹਾਜ਼ਰ ਸਨ। ਇਸ ਮੌਕੇ ਸਟੇਜ ਸੰਚਾਲਕ ਦੀ ਸੇਵਾ ਡਾ. ਰੂਪ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਭਾਈ।

ਕਰਤਾਰਪੁਰ ਲਾਂਘਾ (ਡੇਰਾ ਬਾਬਾ ਨਾਨਕ), ਡਾ. ਕਮਲ ਕਾਹਲੋਂ, ਗੁਰਸ਼ਰਨਜੀਤ ਸਿੰਘ ਪੁਰੇਵਾਲ)-ਪਿਛਲੇ ਕਰੀਬ ੭ ਦਹਾਕਿਆਂ ਤੋਂ ਬੇਸਬਰੀ ਨਾਲ ਕੀਤੀ ਜਾ ਰਹੀ ਸੰਗਤਾਂ ਦੀ ਅਰਦਾਸ ਅੱਜ (੯ ਨਵੰਬਰ, ੨੦੧੯) ਉਸ ਸਮੇਂ ਸੰਪੂਰਨ ਹੋ ਗਈ, ਜਦੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਪਾਕਿਸਤਾਨ ਵਿੱਚ ਸਥਿਤ ਇਤਿਹਾਸਿਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਲਾਂਘੇ ਦਾ ਭਾਰਤ ਵਾਲੇ ਪਾਸੇ ਤੋਂ ਰਸਮੀ ਉਦਘਾਟਨ ਕੀਤਾ ਗਿਆ । ਇਸ ਮੌਕੇ ਪੰਜਾਬ ਦੇ ਰਾਜਪਾਲ ਸ੍ਰੀ ਵੀ.ਪੀ. ਬਦਨੌਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੀ ਨਾਲ ਸਨ। ਪ੍ਰਧਾਨ ਮੰਤਰੀ ਸ੍ਰੀ ਮੋਦੀ ਵਲੋਂ ਪਹਿਲਾਂ ਬੀ.ਐਸ.ਐਫ. ਕੰਪਲੈਕਸ ਸ਼ਿਕਾਰ ਮਾਛੀਆਂ ਵਿਖੇ ਅਰਦਾਸ ਸਮਾਗਮ ਨੂੰ ਸੰਬੋਧਨ ਕੀਤਾ ਗਿਆ, ਉਪਰੰਤ ਉਹ ਡੇਰਾ ਬਾਬਾ ਨਾਨਕ 'ਚ ਸਥਿਤ ਕੌਮਾਂਤਰੀ ਸਰਹੱਦ 'ਤੇ ਬਣੇ ਗੁਰਦੁਆਰਾ ਸ੍ਰੀ ਕਰਤਾਰਪੁਰ ਲਾਂਘੇ ਦੇ ਯਾਤਰੀ ਟਰਮੀਨਲ 'ਤੇ ਪਹੁੰਚੇ। ਉਨ੍ਹਾਂ ਵੱਲੋਂ ਪਹਿਲਾਂ ਯਾਤਰੀ ਟਰਮੀਨਲ ਦੇ ਅੰਦਰੂਨੀ ਭਾਗ ਦਾ ਜਾਇਜ਼ਾ ਲਿਆ ਅਤੇ ਇਕ ਵੀਡੀਓ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਉਦਾਸੀਆਂ ਅਤੇ ਹੋਰ ਜਾਣਕਾਰੀ ਪ੍ਰਾਪਤ ਕੀਤੀ ਗਈ। ਉਪਰੰਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਬਣੇ ਯਾਤਰੀ ਟਰਮੀਨਲ ਦਾ ਉਦਘਾਟਨ ਕੀਤਾ। ਸ੍ਰੀ ਮੋਦੀ ਨੇ ਗੁਰਮਰਿਆਦਾ ਦੀ ਪਾਲਣਾ ਕਰਦਿਆਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਰੁਮਾਲਾ ਸਾਹਿਬ ਦਿੱਤਾ। ਪ੍ਰਧਾਨ ਮੰਤਰੀ ਜਾ ਰਹੀਆਂ ਸ਼ਖ਼ਸੀਅਤਾਂ ਨੂੰ ਵੀ ਮਿਲੇ। ਮੋਦੀ ਵੱਲੋਂ ਯਾਤਰੀ ਟਰਮੀਨਲ ਤੋਂ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾ ਕੇ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਕਰਤਾਪੁਰ ਸਾਹਿਬ ਦੇ ਦਰਸ਼ਨਾਂ ਲਈ ਪਹਿਲੇ ਜਥੇ ਨੂੰ ਰਸਮੀ ਤੌਰ 'ਤੇ ਰਵਾਨਾ ਕੀਤਾ ਗਿਆ। ਯਾਤਰੀ ਟਰਮੀਨਲ ਦੇ ਅੰਦਰ ਪ੍ਰਧਾਨ ਮੰਤਰੀ ਸ੍ਰੀ ਮੋਦੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਮਿਲੇ। ਇੱਥੇ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ ਉਪਰੰਤ ਜਥਾ ਪੈਦਲ ਜ਼ੀਰੋ ਲਾਈਨ 'ਤੇ ਲੱਗੇ ਸੁਰੱਖਿਆ ਗੇਟਾਂ ਰਾਹੀਂ ਪਾਕਿਸਤਾਨ 'ਚ ਦਾਖ਼ਲ ਹੋਇਆ।

■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ੪ ਜੁਲਾਈ, ੨੦੧੯ ਨੂੰ ਗੁਰਦੁਆਰਾ ਸੰਤ ਭਾਈ ਬਹਾਦਰ ਸਿੰਘ, ਖੜੀ ਧਰਮਸ਼ਾਲ, ਜ਼ਿਲ੍ਹਾ ਪੁੰਛ (ਜੰਮੂ-ਕਸ਼ਮੀਰ) ਵਿਖੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਵਿਚ ਕੁੱਲ ੬੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪਹੁੰਚੇ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਪਿੰਡ ਜੋਹਲ ਵਿਖੇ ਗੁਰਮਤਿ ਕੈਂਪ

ਭਾਈ ਮਨਦੀਪ ਸਿੰਘ ਝੰਡੇਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਜੋਹਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੯ ਤੋਂ ੧੯ ਜੁਲਾਈ, ੨੦੧੯ ਤਕ ਗੁਰਮਤਿ ਕੈਂਪ ਦਾ ਆਯੋਜਨ ਕੀਤਾ ਗਿਆ। ਭਾਈ ਮਨਦੀਪ ਸਿੰਘ ਝੰਡੇਰ ਅਤੇ ਭਾਈ ਹਰਪਾਲ ਸਿੰਘ ਪ੍ਰਚਾਰਕ ਸਾਹਿਬਾਨ ਨੇ ਇਸ ਕੈਂਪ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਗੁਰ-ਇਤਿਹਾਸ, ਸਿੱਖ ਰਹਿਤ ਮਰਯਾਦਾ ਅਤੇ ਗੁਰਬਾਣੀ ਬਾਰੇ ਜਾਣਕਾਰੀ ਦਿੱਤੀ। ਮੁੱਖ ਸਮਾਗਮ ਸਮੇਂ ਜਥੇਦਾਰ ਅਮਰੀਕ ਸਿੰਘ ਵਿਛੋਆ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਕਰਮਬੀਰ ਸਿੰਘ, ਸਕੱਤਰ ਨੇ ਇਸ ਕੈਂਪ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ।

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੧੪ ਸਤੰਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ੯੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਮੱਖਣਪੁਰਾ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦-ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਅੰਮ੍ਰਿਤ-ਸੰਚਾਰ ਸਮਾਗਮ ੯ ਜੁਲਾਈ, ੨੦੧੯ ਨੂੰ ਗੁਰਦੁਆਰਾ ਸਿੰਘ ਸਭਾ, ਮੱਖਣਪੁਰਾ, ਤਹਿਸੀਲ ਆਰ. ਐਸ. ਪੁਰਾ (ਜੰਮੂ) ਵਿਖੇ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਦੌਰਾਨ ਕੁੱਲ ੧੦੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਮੌਕੇ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪਹੁੰਚੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗਰਨਾ ਸਾਹਿਬ, ਬੋਦਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੧੬ ਜੁਲਾਈ, ੨੦੧੯ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੩੮ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਸਿੱਖ ਮਿਸ਼ਨ ਕਲਕੱਤਾ ਵੱਲੋਂ ਗੁਰਮਤਿ ਕੈਂਪ

ਸ. ਜਗਮੋਹਨ ਸਿੰਘ, ਇੰਚਾਰਜ, ਸਿੱਖ ਮਿਸ਼ਨ ਕਲਕੱਤਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ੨੮ ਸਤੰਬਰ ਤੋਂ ੩ ਅਕਤੂਬਰ, ੨੦੧੯ ਤਕ ਗੁਰਦੁਆਰਾ ਮਹੇਸ਼ਵਾ, ਬਿਹਾਰ ਵਿਖੇ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਸਿੱਖ ਮਿਸ਼ਨ ਕਲਕੱਤਾ ਦੇ ਪ੍ਰਚਾਰਕ ਭਾਈ ਗੁਰਵਿੰਦਰ ਸਿੰਘ ਅਤੇ ਚਰਨਜੀਤ ਸਿੰਘ ਨੇ ਬੱਚਿਆਂ ਨੂੰ ਗੁਰਮਤਿ ਦੀ ਸਿਖਲਾਈ ਦਿੱਤੀ ਜਿਸ ਵਿਚ ਗੁਰ-ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਗੁਰਬਾਣੀ ਬਾਰੇ ਜਾਣੂ ਕਰਵਾਇਆ ਗਿਆ। ਸਮਾਪਤੀ ਦੇ ਦੀਵਾਨ ਵਿਚ ਬੱਚਿਆਂ ਨੇ ਲੈਕਚਰ, ਕਵਿਤਾ ਤੇ ਸਾਖੀ ਮੁਕਾਬਲਿਆਂ ਵਿਚ ਹਿੱਸਾ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਭੇਟਾ-ਰਹਿਤ ਗੁਰਮਤਿ ਸਾਹਿਤ ਅਤੇ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਕੈਂਪ ਨੂੰ ਸਫਲ ਬਣਾਉਣ ਲਈ ਸ. ਅਮਰਜੀਤ ਸਿੰਘ, ਸ. ਦਾਰਾ ਸਿੰਘ, ਸ. ਸਤਨਾਮ ਸਿੰਘ, ਸ. ਬਲਬੀਰ ਸਿੰਘ ਅਤੇ ਸੰਗਤਾਂ ਦਾ ਭਰਪੂਰ ਸਹਿਯੋਗ ਰਿਹਾ। ਇਸ ਕੈਂਪ ਵਿਚ ਕੁੱਲ ੪੦ ਪ੍ਰਾਣੀਆਂ ਨੇ ਹਿੱਸਾ ਲਿਆ। ■